@Qpatrika | @qaumipatrika punjabi | instagram.com/qaumipatrika

**Largest Circulated**

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

**Qaumi Patrika NO.1**

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 21 June 2025

VISIT: www.qaumipatrika.org
Email: qpatrika@gmail.com

**Punjabi National Daily**

ਨਵੀਂ ਦਿੱਲੀ: ਸ਼ਨੀਵਾਰ 21 ਜੂਨ 2025, 7 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 221, qpatrika@gmail.com ਫੋਨ : 9971359517 www.qaumipatrika.org

## ਡੀਲਕਸ ਬੱਸਾਂ ਰਾਹੀਂ ਦਿੱਲੀ ਤੋਂ ਜੰਮੂ ਕਸ਼ਮੀਰ ਲਿਆਂਦੇ ਜਾਣਗੇ ਈਰਾਨ ਤੋਂ ਪਰਤੇ ਵਿਦਿਆਰਥੀ : ਮੁੱਖ ਮੰਤਰੀ ਅਬਦੁੱਲਾ

ਕੌਮੀ ਪਤ੍ਰਿਕਾ

ਸ਼ਰੀਨਗਰ 20 ਜੂਨ। ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਈਰਾਨ ਤੋਂ ਪਰਤੇ ਵਿਦਿਆਰਥੀਆਂ ਨੂੰ ਡੀਲਕਸ ਬੱਸਾਂ 'ਚ ਦਿੱਲੀ ਤੋਂ ਕੇਂਦਰ ਸ਼ਾਸਿਤ ਪ੍ਰਦੇਸ਼ ਲਿਆਂਦਾ ਜਾਵੇਗਾ। ਜੰਗ ਪ੍ਰਭਾਵਿਤ ਈਰਾਨ ਤੋਂ ਪਰਤਣ ਵਾਲੇ 110 ਲੋਕਾਂ 'ਚ ਜੰਮੂ ਕਸ਼ਮੀਰ ਦੇ 90 ਵਿਦਿਆਰਥੀ ਸ਼ਾਮਲ ਹਨ। ਉਨ੍ਹਾਂ ਨੂੰ ਪਹਿਲੇ ਆਰਮੇਨੀਆ ਅਤੇ ਫਿਰ ਦੋਹਾ ਲਿਜਾਇਆ ਗਿਆ ਸੀ। ਵਿਦਿਆਰਥੀ ਵੀਰਵਾਰ ਸਵੇਰੇ ਕਤਰ ਦੀ ਰਾਜਧਾਨੀ ਦੋਹਾ ਤੋਂ ਦਿੱਲੀ ਪਹੁੰਚੇ। ਮੁੱਖ ਮੰਤਰੀ ਦਫ਼ਤਰ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ ਕਿ ਰੇਜੀਡੈਂਟ ਕਮਿਸ਼ਨਰ ਨੂੰ ਵਿਦਿਆਰਥੀਆਂ ਨੂੰ ਲਿਆਉਣ ਲਈ ਜੰਮੂ ਕਸ਼ਮੀਰ ਸੜਕ ਟਰਾਂਸਪੋਰਟ ਨਿਗਮ ਦੀਆਂ ਡੀਲਕਸ ਬੱਸਾਂ ਦੀ ਵਿਵਸਥਾ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ। ਮੁੱਖ ਮੰਤਰੀ ਦਫ਼ਤਰ ਨੇ ਕਿਹਾ,"ਮੁੱਖ ਮੰਤਰੀ ਨੇ ਦਿੱਲੀ ਤੋਂ ਜੰਮੂ ਕਸ਼ਮੀਰ ਲਿਆਉਣ ਲਈ ਵਿਵਸਥਿਤ ਬੱਸਾਂ ਦੀ ਗੁਣਵੱਤਾ ਬਾਰੇ ਵਿਦਿਆਰਥੀਆਂ ਦੀ ਅਪੀਲ 'ਤੇ ਧਿਆਨ ਦਿੱਤਾ ਹੈ।" ਅਬਦੁੱਲਾ ਨੇ ਆਪਣੇ ਅਧਿਕਾਰਤ 'ਐਕਸ' ਹੈਂਡਲ ਤੋਂ ਪੋਸਟ ਸਾਂਝੀ ਕੀਤੀ, ਜਿਸ 'ਚ ਲਿਖਿਆ ਹੈ,"ਰੇਜੀਡੈਂਟ ਕਮਿਸ਼ਨਰ ਨੂੰ ਜੇਕੇਆਰਟੀਸੀ ਨਾਲ ਤਾਲਮੇਲ ਕਰਨ ਦਾ ਕੰਮ ਸੌਂਪਿਆ ਗਿਆ ਹੈ ਤਾਂ ਕਿ ਇਹ ਯਕੀਨੀ ਕੀਤਾ ਜਾ ਸਕੇ ਕਿ ਉੱਚਿਤ ਡੀਲਕਸ ਬੱਸਾਂ ਦੀ ਵਿਵਸਥਾ ਕੀਤੀ ਜਾਵੇ।"

# ਪ੍ਰਧਾਨ ਮੰਤਰੀ ਮੋਦੀ ਨੇ ਅੰਬੇਡਕਰ ਦੇ 'ਅਪਮਾਨ' ਦੇ ਮੁੱਦੇ 'ਤੇ ਸਾਧਿਆ ਲਾਲੂ 'ਤੇ ਨਿਸ਼ਾਨਾ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਸੀਵਾਨ 20 ਜੂਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸਾਦ 'ਤੇ ਬਾਬਾ ਸਾਹਿਬ ਅੰਬੇਡਕਰ ਦੇ ਜਨਮਦਿਨ ਸਮਾਰੋਹ ਦੌਰਾਨ ਉਨ੍ਹਾਂ ਦੇ ਕਥਿਤ ਅਪਮਾਨ ਨੂੰ ਲੈ ਕੇ ਤਿੱਖਾ ਹਮਲਾ ਕੀਤਾ। ਹਾਲਾਂਕਿ, ਮੋਦੀ ਨੇ ਲਾਲੂ ਪ੍ਰਸਾਦ ਦਾ ਨਾਮ ਨਹੀਂ ਲਿਆ ਪਰ ਅੰਬੇਡਕਰ ਦੀ ਤਸਵੀਰ ਉਨ੍ਹਾਂ ਦੇ ਪੈਰਾਂ ਕੋਲ ਰੱਖਣ ਦੀ ਘਟਨਾ ਦਾ ਹਵਾਲਾ ਦਿੱਤਾ, ਜਿਸ ਲਈ ਆਰਜੇਡੀ ਪ੍ਰਧਾਨ ਨੂੰ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਵੱਲੋਂ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਿਹਾਰ ਦੇ ਸੀਵਾਨ ਜ਼ਿਲ੍ਹੇ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ, ਅੰਬੇਡਕਰ ਵੰਸ਼ਵਾਦ ਦੀ ਰਾਜਨੀਤੀ ਦੇ ਵਿਰੁੱਧ ਸਨ। ਉਨ੍ਹਾਂ (ਆਰਜੇਡੀ ਅਤੇ ਇਸ ਦੇ ਸਹਿਯੋਗੀ) ਨੂੰ ਇਹ ਪਸੰਦ ਨਹੀਂ ਹੈ। ਇਸ ਲਈ ਉਨ੍ਹਾਂ ਨੇ ਉਨ੍ਹਾਂ (ਅੰਬੇਡਕਰ) ਦੀ ਫੋਟੋ ਆਪਣੇ ਪੈਰਾਂ ਕੋਲ ਰੱਖੀ। ਰਸਤੇ ਵਿੱਚ ਮੈਂ ਬਾਬਾ ਸਾਹਿਬ ਦੇ ਇਸ ਅਪਮਾਨ ਲਈ ਮੁਆਫ਼ੀ ਮੰਗਣ ਵਾਲੇ ਪੋਸਟਰ ਦੇਖੇ। ਉਨ੍ਹਾਂ ਕਿਹਾ, ਪਰ ਕੋਈ ਮੁਆਫ਼ੀ ਨਹੀਂ ਮੰਗੀ ਗਈ। ਇਹ ਇਸ ਲਈ ਹੈ ਕਿਉਂਕਿ ਉਹ ਦਲਿਤਾਂ ਨੂੰ ਨਫ਼ਰਤ ਕਰਦੇ ਹਨ। ਜਦੋਂ ਕਿ ਮੋਦੀ ਬਾਬਾ ਸਾਹਿਬ ਨੂੰ ਆਪਣੇ ਦਿਲ ਵਿੱਚ ਰੱਖਦੇ ਹਨ। ਆਰਜੇਡੀ ਦੇ ਅਨੁਸਾਰ ਇਸ ਮਹੀਨੇ ਦੇ ਸ਼ੁਰੂ ਵਿੱਚ ਲਾਲੂ ਪ੍ਰਸਾਦ ਦੇ 78ਵੇਂ ਜਨਮਦਿਨ ਦੇ ਜਸ਼ਨਾਂ ਦੌਰਾਨ 'ਕੈਮਰਾ ਐਂਗਲ' ਕਾਰਨ ਵਿਵਾਦ ਖੜ੍ਹਾ ਹੋਇਆ ਸੀ।



ਪਾਰਟੀ ਨੇ ਦਾਅਵਾ ਕੀਤਾ ਹੈ ਕਿ ਪ੍ਰਸਾਦ ਨੇ 'ਡਾਕਟਰੀ ਸਲਾਹ' ਕਾਰਨ ਆਪਣੇ ਪੈਰ ਸੋਫੇ 'ਤੇ ਰੱਖੇ ਸਨ ਅਤੇ ਇੱਕ ਸਮਰਥਕ ਅੰਬੇਡਕਰ ਦੀ ਤਸਵੀਰ ਫੜੀ ਉਨ੍ਹਾਂ ਦੇ ਨੇੜੇ ਖੜ੍ਹਾ ਸੀ। ਇਹ ਪੁੱਛੇ ਜਾਣ 'ਤੇ ਕਿ ਕੀ ਉਨ੍ਹਾਂ ਦੇ ਪਿਤਾ ਲਈ ਮੁਆਫ਼ੀ ਮੰਗਣਾ ਉਚਿਤ ਨਹੀਂ ਹੋਵੇਗਾ, ਆਰਜੇਡੀ ਪ੍ਰਧਾਨ ਦੇ ਛੋਟੇ ਪੁੱਤਰ ਅਤੇ ਉਨ੍ਹਾਂ ਦੇ ਵਾਰਸ ਤੇਜਸਵੀ ਯਾਦਵ ਨੇ ਕਿਹਾ, ਸਾਡੇ ਦੇਸ਼ ਵਿੱਚ ਅੰਬੇਡਕਰ ਦਾ ਕੋਈ ਅਪਮਾਨ ਨਹੀਂ ਹੋਇਆ। ਅਤੇ ਕੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅਜੇ ਤੱਕ ਮੁਆਫ਼ੀ ਮੰਗੀ ਹੈ? ਉਹ ਕੁਝ ਮਹੀਨੇ ਪਹਿਲਾਂ ਸੰਸਦ ਵਿੱਚ ਸ਼ਾਹ ਵੱਲੋਂ ਦਿੱਤੇ ਗਏ ਭਾਸ਼ਣ ਦਾ ਹਵਾਲਾ ਦੇ ਰਹੇ ਸਨ। ਇਸ ਦੌਰਾਨ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੇ ਪ੍ਰਸਾਦ ਨੂੰ ਇੱਕ ਨੋਟਿਸ ਜਾਰੀ ਕੀਤਾ ਹੈ, ਜੇਕਰ ਨਿਰਧਾਰਤ ਸਮੇਂ ਦੇ ਅੰਦਰ ਤਸੱਲੀਬਖਸ਼ ਜਵਾਬ ਨਹੀਂ ਮਿਲਿਆ ਤਾਂ ਕਾਨੂੰਨੀ ਕਾਰਵਾਈ ਦੀ ਚੇਤਾਵਨੀ ਦਿੱਤੀ ਹੈ। ਕੁਝ ਮਹੀਨਿਆਂ ਵਿੱਚ ਰਾਜ ਵਿੱਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ, ਭਾਜਪਾ ਸਾਬਕਾ ਮੁੱਖ ਮੰਤਰੀ ਪ੍ਰਸਾਦ ਦੇ ਪੁਤਲੇ ਸਾੜ ਰਹੀ ਹੈ ਅਤੇ ਰਾਜਪਾਲ ਆਰਿਫ ਮੁਹੰਮਦ ਖਾਨ ਨੂੰ ਮੰਗ ਪੱਤਰ ਸੌਂਪ ਰਹੀ ਹੈ। ਪ੍ਰਸਾਦ ਦੇ ਵਿਵਹਾਰ ਦੀ ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਵਰਗੇ ਰਾਸ਼ਟਰੀ ਨੇਤਾਵਾਂ ਦੇ ਨਾਲ-ਨਾਲ ਦਲਿਤ ਨੇਤਾ ਚਿਰਾਗ ਪਾਸਵਾਨ ਵਰਗੇ ਭਾਜਪਾ ਸਹਿਯੋਗੀ ਦਲਾਂ ਦੇ ਨੇਤਾਵਾਂ ਨੇ ਵੀ ਆਲੋਚਨਾ ਕੀਤੀ ਹੈ।

## ਭਾਜਪਾ-ਆਰਐੱਸਐੱਸ ਨਹੀਂ ਚਾਹੁੰਦੇ ਕਿ ਗਰੀਬ ਬੱਚਾ ਅੰਗਰੇਜ਼ੀ ਸਿੱਖੇ : ਰਾਹੁਲ ਗਾਂਧੀ

ਨਵੀਂ ਦਿੱਲੀ 20 ਜੂਨ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਸ਼ੁੱਕਰਵਾਰ ਨੂੰ ਦੋਸ਼ ਲਗਾਇਆ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐੱਸਐੱਸ) ਨਹੀਂ ਚਾਹੁੰਦੇ ਕਿ ਭਾਰਤ ਦਾ ਗਰੀਬ ਬੱਚਾ ਅੰਗਰੇਜ਼ੀ ਸਿੱਖੇ, ਕਿਉਂਕਿ ਉਹ ਨਹੀਂ ਚਾਹੁੰਦੇ ਕਿ ਲੋਕ ਸਵਾਲ ਪੁੱਛਣ, ਅੱਗੇ ਵਧਣ, ਬਰਾਬਰੀ ਕਰਨ। ਉਨ੍ਹਾਂ ਇਹ ਵੀ ਕਿਹਾ ਕਿ ਅੰਗਰੇਜ਼ੀ ਸ਼ਰਮ ਨਹੀਂ, ਸ਼ਕਤੀ ਹੈ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਨੇ ਇਹ ਟਿੱਪਣੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਇਕ ਬਿਆਨ ਦੇ ਇਕ ਦਿਨ ਬਾਅਦ ਕੀਤੀ। ਰਾਹੁਲ ਗਾਂਧੀ ਨੇ 'ਐਕਸ' 'ਤੇ ਪੋਸਟ ਕੀਤਾ,"ਅੰਗਰੇਜ਼ੀ ਬੰਨ੍ਹ ਨਹੀਂ, ਪੁਲ ਹੈ। ਅੰਗਰੇਜ਼ੀ ਸ਼ਰਮ ਨਹੀਂ, ਸ਼ਕਤੀ ਹੈ। ਅੰਗਰੇਜ਼ੀ ਜੰਜ਼ੀਰ ਨਹੀਂ- ਜੰਜ਼ੀਰਾਂ ਤੋੜਣ ਦਾ ਔਜ਼ਾਰ ਹੈ।" ਉਨ੍ਹਾਂ ਦੋਸ਼ ਲਗਾਇਆ ਭਾਜਪਾ-ਆਰਐੱਸਐੱਸ ਨਹੀਂ ਚਾਹੁੰਦੇ ਕਿ ਭਾਰਤ ਦਾ ਗਰੀਬ ਬੱਚਾ, ਅੰਗਰੇਜ਼ੀ ਸਿੱਖੇ, ਕਿਉਂਕਿ ਉਹ ਨਹੀਂ ਚਾਹੁੰਦੇ ਕਿ ਲੋਕ ਸਵਾਲ ਪੁੱਛਣ, ਅੱਗੇ ਵਧਣ, ਬਰਾਬਰੀ ਕਰਨ। ਰਾਹੁਲ ਗਾਂਧੀ ਨੇ ਕਿਹਾ,"ਅੱਜ ਦੀ ਦੁਨੀਆ 'ਚ, ਅੰਗਰੇਜ਼ੀ ਓਨੀ ਹੀ ਜ਼ਰੂਰੀ ਹੈ, ਜਿੰਨੀ ਤੁਹਾਡੀ ਮਾਂ ਬੋਲੀ, ਕਿਉਂਕਿ ਇਹੀ ਰੁਜ਼ਗਾਰ ਦਿਵਾਏਗੀ, ਆਤਮਵਿਸ਼ਵਾਸ ਵਧਾਏਗੀ।" ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ,"ਭਾਰਤ ਦੀ ਹਰ ਭਾਸ਼ਾ 'ਚ ਆਤਮਾ ਹੈ, ਸੰਸਕ੍ਰਿਤੀ ਹੈ, ਗਿਆਨ ਹੈ। ਨਾਲ ਹੀ ਹਰ ਬੱਚੇ ਨੂੰ ਅੰਗਰੇਜ਼ੀ ਸਿਖਾਉਣੀ ਹੈ। ਇਹੀ ਰਸਤਾ ਹੈ ਇਕ ਅਜਿਹੇ ਭਾਰਤ ਦਾ, ਜੋ ਦੁਨੀਆ ਨਾਲ ਮੁਕਾਬਲਾ ਕਰੇ, ਜੋ ਹਰ ਬੱਚੇ ਨੂੰ ਬਰਾਬਰੀ ਦਾ ਮੌਕਾ ਦੇਵੇ।"

## ਭਾਜਪਾ ਵੱਲੋਂ ਠੁਕਰਾਏ ਜਾਣ ਤੋਂ ਬਾਅਦ ਸੀਨੀਅਰ ਪਵਾਰ ਕਾਂਗਰਸ ਨਾਲ ਮਿਲਾ ਰਹੇ ਹਨ ਸੁਰ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 19 ਜੂਨ। ਸਿਆਸਤ 'ਚ ਅਜੀਬ ਸਾਥੀ ਬਣਾਏ ਜਾਂਦੇ ਹਨ ਪਰ ਇਨ੍ਹੀਂ ਦਿਨੀਂ ਅਜਿਹਾ ਲੱਗਦਾ ਹੈ ਕਿ ਜੇ ਸ਼ਰਦ ਪਵਾਰ ਨੂੰ ਸੱਤਾ ਦੀ ਖੇਡ 'ਚ ਵਾਪਸ ਆਉਣ ਦਾ ਮੌਕਾ ਮਿਲਦਾ ਹੈ ਤਾਂ ਉਹ ਇਸ ਲਈ ਦਰਵਾਜ਼ੇ 'ਤੇ ਵੀ ਸੌਣ ਲਈ ਤਿਆਰ ਹਨ। ਮਹਾਰਾਸ਼ਟਰ 'ਚ ਉਪ ਮੁੱਖ ਮੰਤਰੀ ਵਜੋਂ ਅਜੀਤ ਪਵਾਰ ਦੇ ਰਾਜਗ 'ਚ ਮਜ਼ਬੂਤੀ ਨਾਲ ਟਿਕੇ ਹੋਣ ਅਤੇ ਪਰਿਵਾਰਕ ਮੁੜ ਮਿਲਨ ਲਈ ਬਹੁਤ ਘੱਟ ਉਤਸ਼ਾਹ ਦਿਖਾਉਣ ਕਾਰਨ ਬਜ਼ੁਰਗ ਮਰਾਠਾ ਨੇਤਾ



ਖੁਦ ਚੁੱਪ-ਚਾਪ ਰਾਜਗ ਦਾ ਦਰਵਾਜ਼ੇ ਖੜਕਾ ਰਹੇ ਸਨ-ਇਸ ਵਾਰ ਆਪਣੇ ਧੜੇ ਐੱਨ. ਸੀ. ਪੀ. (ਸ਼ਰਦ ਪਵਾਰ) ਅਤੇ ਇਸ ਦੇ 8 ਲੋਕ ਸਭਾ ਸੰਸਦ ਮੈਂਬਰਾਂ ਨਾਲ। ਸਾਲਾਂ ਤੱਕ ਭਾਜਪਾ ਵਿਰੁੱਧ ਬੋਲਣ ਤੋਂ ਬਾਅਦ ਸੀਨੀਅਰ ਪਵਾਰ ਉਸੇ ਪਾਰਟੀ ਨਾਲ ਘੁੱਲ-ਮਿਲ ਰਹੇ ਸਨ ਜਿਸ ਦੀ ਉਹ ਕਦੇ ਵਿਰੋਧਤਾ ਕਰਦੇ ਹੁੰਦੇ ਸਨ। ਰਿਪੋਰਟਾਂ ਹਨ ਕਿ ਦੂਤਾਂ ਨੇ ਰਾਜਗ 'ਚ ਸਿੱਧੇ ਦਾਖਲੇ ਲਈ ਭਾਜਪਾ ਨਾਲ ਸੰਪਰਕ ਕੀਤਾ -ਅਜੀਤ ਅਧਿਆਇ ਨੂੰ ਪੂਰੀ ਤਰ੍ਹਾਂ ਭੁੱਲ ਕੇ। ਇਸ ਸਬੰਧੀ ਜਨਤਕ ਤੌਰ 'ਤੇ ਫੈਸਲਾ ਸੀਨੀਅਰ ਨੇਤਾ ਸੁਪ੍ਰੀਆ ਸੁਲੇ 'ਤੇ ਛੱਡ ਦਿੱਤਾ ਗਿਆ ਹੈ। ਪਰਦੇ ਪਿੱਛੇ ਸੰਦੇਸ਼ ਤੋਂ ਸਪੱਸ਼ਟ ਜਾਪਦਾ ਹੈ ਕਿ ਜੇ ਅਜੀਤ ਸੱਤਾ ਦੀ ਮਿਠਾਸ ਦਾ ਆਨੰਦ ਮਾਣ ਸਕਦੇ ਹਨ ਤਾਂ ਐੱਨ. ਸੀ. ਪੀ.(ਸ਼ਰਦ) ਵਿਰੋਧੀ ਧਿਰ ਦੇ ਟੁਕੜਿਆਂ 'ਤੇ ਕਿਉਂ ਸੰਤੁਸ਼ਟ ਰਹੇ? ਸਿਆਸੀ ਹਲਕਿਆਂ 'ਚ ਅਟਕਲਾਂ ਹਨ ਕਿ ਕੀ ਇਹ ਵਿਵਹਾਰਕਤਾ ਦਾ ਮਾਸਟਰਸਟ?ਰੋਕ ਹੈ ਜਾਂ ਖਾਦੀ 'ਚ ਲਪੇਟੀ ਹੋਈ ਨਿਰਾਸ਼ਾ? ਅਜੇ ਰਾਜਗ ਨੇ ਲਾਲ ਕਾਰਪੈੱਟ ਨਹੀਂ ਵਿਛਾਇਆ ਪਰ ਸੀਨੀਅਰ ਪਵਾਰ ਨੇ ਪਹਿਲਾਂ ਵੀ ਲੰਬੀ ਖੇਡ ਖੇਡੀ ਹੈ। ਉਹ ਵੰਡ ਅਤੇ ਸਿਆਸੀ ਤੂਫਾਨਾਂ ਤੋਂ ਬਚ ਕੇ ਆਏ ਹਨ। ਹਾਲਾਂਕਿ ਉਹ ਪਹਿਲ ਕੰਮ ਨਹੀਂ ਆਈ ਅਤੇ ਉਨ੍ਹਾਂ ਕਾਂਗਰਸ ਦੀ ਸੁਰ ਨਾਲ ਸੁਰ ਮਿਲਾਉਣੀ ਸ਼ੁਰੂ ਕਰ ਦਿੱਤੀ ਤੇ ਕਿਹਾ ਕਿ ਉਹ ਇਕ ਮੁੱਖ ਸਹਿਯੋਗੀ ਹੈ। ਇਹ ਵੇਖਣਾ ਬਾਕੀ ਹੈ ਕਿ ਕੀ ਉਹ ਠੰਡੇ ਬਸਤੇ ਤੋਂ ਬਾਹਰ ਆਉਂਦੇ ਹਨ ਜਾਂ ਸਿਆਸੀ ਪੱਖੋਂ ਫਿੱਕੇ ਪੈ ਜਾਂਦੇ ਹਨ।

# ਪੰਜਾਬ ਸਰਕਾਰ ਦਾ ਵੱਡਾ ਫ਼ੈਸਲਾ, ਮੁੱਖ ਮੰਤਰੀ ਵੱਲੋਂ ਐਕਸ਼ਨ ਪਲਾਨ ਨੂੰ ਮਨਜ਼ੂਰੀ

ਕੌਮੀ ਪਤ੍ਰਿਕਾ

ਚੰਡੀਗੜ੍ਹ 20 ਜੂਨ। ਸੂਬੇ ਦੇ ਇਤਿਹਾਸ ਵਿਚ ਪਹਿਲੀ ਵਾਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਧਰਤੀ ਹੇਠਲੇ ਪਾਣੀ ਦੀ ਸੰਭਾਲ ਅਤੇ ਪਾਣੀ ਦਾ ਪੱਧਰ ਉੱਪਰ ਚੁੱਕਣ ਲਈ ਏਕੀਕ੍ਰਿਤ ਸੂਬਾਈ ਜਲ ਯੋਜਨਾ ਦੇ ਹਿੱਸੇ ਵਜੋਂ 14 ਨੁਕਾਤੀ ਐਕਸ਼ਨ ਪਲਾਨ ਨੂੰ ਮਨਜ਼ੂਰੀ ਦੇ ਦਿੱਤੀ। ਏਕੀਕ੍ਰਿਤ ਸੂਬਾਈ ਜਲ ਯੋਜਨਾ ਬਾਰੇ ਜਲ ਸਰੋਤ ਵਿਭਾਗ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਲ ਸਰੋਤ ਵਿਭਾਗ ਵੱਲੋਂ ਇਹ ਯੋਜਨਾ ਸਾਰੇ ਪ੍ਰਮੁੱਖ ਵਿਭਾਗਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਤ ਬਹੁਤ ਬਾਰੀਕੀ ਨਾਲ ਤਿਆਰ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਸਥਿਤੀ ਬਹੁਤ ਚਿੰਤਾਜਨਕ ਹੈ ਕਿਉਂਕਿ ਕੁੱਲ 153 ਵਿਚੋਂ 115 ਬਲਾਕਾਂ ਵਿਚ ਧਰਤੀ ਹੇਠੋਂ ਵੱਧ ਪਾਣੀ ਕੱਢਿਆ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਯੋਜਨਾ ਵਿਚ ਪੂਰਾ ਧਿਆਨ ਧਰਤੀ ਹੇਠਲਾ ਪਾਣੀ ਬਚਾਉਣ ਅਤੇ ਵੱਖ-ਵੱਖ ਮੰਤਵਾਂ ਲਈ ਨਹਿਰੀ ਪਾਣੀ ਦੀ ਵਰਤੋਂ ਵਧਾਉਣ ਉਤੇ ਦਿੱਤਾ ਗਿਆ ਹੈ। ਮੁੱਖ ਮੰਤਰੀ ਨੇ ਧਰਤੀ ਹੇਠੋਂ 5.2 ਬਿਲੀਅਨ ਕਿਊਬਿਕ ਮੀਟਰ ਪਾਣੀ ਕੱਢਣ ਕਾਰਨ ਪਾਣੀ ਦੇ ਪੱਧਰ ਵਿਚ ਸਾਲਾਨਾ ਔਸਤਨ 0.7 ਮੀਟਰ ਦੀ ਗਿਰਾਵਟ 'ਤੇ ਵੀ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਖੇਤੀਬਾੜੀ ਲਈ ਜ਼ਮੀਨੀ ਪਾਣੀ ਦੀ ਮੰਗ ਨੂੰ ਘਟਾ ਕੇ, ਸਿੰਜਾਈ ਤਕਨੀਕਾਂ ਵਿਚ ਸੁਧਾਰ ਕਰਕੇ, ਜ਼ਮੀਨੀ ਹੇਠਲੇ ਪਾਣੀ ਦੇ ਪੱਧਰ ਵਿਚ ਸੁਧਾਰ ਅਤੇ ਮਸਨੂਈ ਤੌਰ ਉਤੇ ਧਰਤੀ ਹੇਠ ਪਾਣੀ ਜੀਰਣ ਵਿਚ ਵਾਧੇ ਰਾਹੀਂ ਇਸ ਮੰਤਵ ਦੀ ਪ੍ਰਾਪਤੀ ਹੋ ਸਕਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਦੇ ਨਾਲ-ਨਾਲ ਹੋਰ ਟਿਕਾਊ ਸਰੋਤਾਂ ਦੀ ਭਾਲ, ਪਾਣੀ ਦੀ ਡੂੰਘਾਈ ਬਾਰੇ ਸਰਵੇਖਣ ਅਤੇ ਸਤਹੀ ਪਾਣੀ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ। ਮੁੱਖ ਮੰਤਰੀ ਨੇ ਅੱਗੇ



ਕਿਹਾ ਕਿ ਸਰਕਾਰ ਪਹਿਲਾਂ ਹੀ ਮੌਜੂਦਾ ਸਤਹੀ ਜਲ ਬੁਨਿਆਦੀ ਢਾਂਚੇ ਦੇ ਵਿਸਤਾਰ ਤੇ ਬਹਾਲੀ ਲਈ ਜ਼ੋਰ-ਸ਼ੋਰ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਦੁਹਰਾਇਆ ਕਿ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਹਰੇਕ ਟੇਲ ਉੱਤੇ ਪੈਂਦੇ ਖਪਤਕਾਰ ਤੱਕ ਪਾਣੀ ਪੁੱਜੇ ਅਤੇ ਇਸ ਸਿਧਾਂਤ ਉਪਰ ਚੱਲਦਿਆਂ ਸਰਕਾਰ ਨੇ 30-40 ਸਾਲਾਂ ਤੋਂ ਬੰਦ ਪਏ ਤਕਰੀਬਨ 63 ਹਜ਼ਾਰ ਕਿਲੋਮੀਟਰ ਰਜਬਾਹਿਆਂ ਨੂੰ ਪਹਿਲਾਂ ਹੀ ਸੁਰਜੀਤ ਕਰ ਦਿੱਤਾ ਹੈ। ਇਸ ਤੋਂ ਇਲਾਵਾ 30-40 ਸਾਲਾਂ ਤੋਂ ਬੰਦ ਪਈਆਂ 545 ਕਿਲੋਮੀਟਰ ਲੰਮੀਆਂ 79 ਨਹਿਰਾਂ ਨੂੰ ਵੀ ਸੁਰਜੀਤ ਕੀਤਾ ਗਿਆ ਹੈ। ਭਗਵੰਤ ਸਿੰਘ ਮਾਨ ਨੇ ਏਕੀਕ੍ਰਿਤ ਸੂਬਾਈ ਜਲ ਯੋਜਨਾ ਦੇ ਹਿੱਸੇ ਵਜੋਂ 14 ਨੁਕਾਤੀ ਕਾਰਜ ਯੋਜਨਾ ਨੂੰ ਪ੍ਰਵਾਨਗੀ ਦਿੱਤੀ, ਜਿਸ ਵਿਚ ਖੇਤਾਂ ਵਿਚ ਪਾਣੀ ਦੀ ਸੋਚ-ਸਮਝ ਕੇ ਵਰਤੋਂ ਲਈ ਪ੍ਰਭਾਵਸ਼ਾਲੀ ਸਿੰਜਾਈ ਯੋਜਨਾ ਸ਼ਾਮਲ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਯੋਜਨਾ ਦਾ ਮੰਤਵ ਲਗਪਗ 15,79,379 ਹੈਕਟੇਅਰ ਰਕਬੇ ਨੂੰ ਰਵਾਇਤੀ ਸਿੰਜਾਈ ਤਰੀਕਿਆਂ ਦੀ ਬਜਾਏ ਪਾਣੀ ਬਚਾਉਣ ਵਾਲੀਆਂ ਤਕਨੀਕਾਂ ਜਿਵੇਂ ਕਿ ਤੁਪਕਾ ਸਿੰਜਾਈ, ਸਪਰਿੰਕਲਰ ਸਿੰਜਾਈ ਅਤੇ ਹੋਰ ਮੰਤਵਾਂ ਅਧੀਨ ਲਿਆਉਣਾ ਚਾਹੀਦਾ ਹੈ ਤਾਂ ਜੋ ਕੁਸ਼ਲਤਾ ਵਧਾ ਕੇ ਪਾਣੀ ਦੀ ਮੰਗ ਅਤੇ ਬਰਬਾਦੀ ਨੂੰ ਘਟਾਇਆ ਜਾ ਸਕੇ। ਇਸੇ ਤਰ੍ਹਾਂ ਮੁੱਖ ਮੰਤਰੀ ਨੇ ਕਿਹਾ ਕਿ ਪਹਿਲੀ ਤਰਜੀਹ ਉੱਥੇ ਦਿੱਤੀ ਜਾਣੀ ਚਾਹੀਦੀ ਹੈ, ਜਿੱਥੇ ਵਰਕਿੰਗ ਹੈੱਡ ਉਪਲਬਧ ਹੋਵੇ ਅਤੇ ਖੁੱਲ੍ਹੇ ਰਜਵਾਹੇ ਦੀ ਬਜਾਏ ਪਾਈਪਲਾਈਨ ਦਾ ਪ੍ਰਸਤਾਵ ਰੱਖਿਆ ਜਾ ਸਕਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਯੋਜਨਾ ਵਿਚ ਨਹਿਰੀ ਰਜਬਾਹਿਆਂ ਨੂੰ ਸੁਰਜੀਤ ਕਰਨ ਉੱਤੇ ਧਿਆਨ ਕੇਂਦਰਿਤ ਹੋਵੇਗਾ, ਜਿਸ ਨਾਲ ਸਤਹੀ ਪਾਣੀ ਦੀ ਤਰਕਸੰਗਤ, ਬਰਾਬਰ ਤੇ ਟਿਕਾਊ ਵਰਤੋਂ ਯਕੀਨੀ ਬਣੇਗੀ। ਸਤਹੀ ਪਾਣੀ ਦੀ ਪ੍ਰਭਾਵਸ਼ਾਲੀ ਵਰਤੋਂ ਦੀ ਵਕਾਲਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਯੋਜਨਾ ਅਨੁਸਾਰ ਵਾਧੂ ਉਪਲੱਬਧ ਪਾਣੀ ਨਹਿਰ ਅਤੇ ਡਿਸਟ?ਰੀਬਿਊਟਰੀਆਂ ਤੋਂ ਸਿੱਧੇ ਨਾਲ ਲੱਗਦੇ ਛੱਪੜਾਂ ਵਿਚ ਵੰਡਿਆ ਜਾਵੇਗਾ। ਛੱਪੜ ਦਾ ਪਾਣੀ ਲਿਫਟ ਸਿੰਜਾਈ ਪ੍ਰਣਾਲੀ ਰਾਹੀਂ ਖੇਤਾਂ ਵਿਚ ਲਿਜਾਇਆ ਜਾਵੇਗਾ, ਜਿਸ ਨਾਲ ਸਤਹੀ ਪਾਣੀ ਦੀ ਸਿੰਜਾਈ ਅਧੀਨ ਰਕਬਾ ਵਧੇਗਾ। ਇਸ ਲਈ ਚੈੱਕ ਡੈਮ ਤੇ ਨਵੇਂ ਤਲਾਬਾਂ ਦਾ ਨਿਰਮਾਣ ਕੀਤਾ ਜਾਵੇਗਾ।

## ਦਿੱਲੀ ਸਰਕਾਰ ਦਿੱਲੀ ਵਿੱਚ ਝੁੱਗੀਆਂ ਦੇ ਪੁਨਰ ਵਿਕਾਸ ਲਈ ਮੁੰਬਈ ਦੇ ਧਾਰਾਵੀ ਮਾਡਲ ਦਾ ਅਧਿਐਨ ਕਰ ਸਕਦੀ ਹੈ

ਕੌਮੀ ਪਤ੍ਰਿਕਾ

ਨਵੀਂ ਦਿੱਲੀ 20 ਜੂਨ। ਮੁੱਖ ਮੰਤਰੀ ਰੇਖਾ ਗੁਪਤਾ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਸਰਕਾਰ ਰਾਸ਼ਟਰੀ ਰਾਜਧਾਨੀ ਦਿੱਲੀ ਵਿੱਚ ਝੁੱਗੀਆਂ ਦੇ ਪੁਨਰ ਵਿਕਾਸ ਲਈ ਮੁੰਬਈ ਦੇ ਧਾਰਾਵੀ ਮਾਡਲ ਦਾ ਅਧਿਐਨ ਕਰਨ 'ਤੇ ਵਿਚਾਰ ਕਰ ਰਹੀ ਹੈ। ਗੁਪਤਾ ਨੇ ਇਹ ਵੀ ਦਾਅਵਾ ਕੀਤਾ ਕਿ ਕੁਝ ਲੋਕ ਦਿੱਲੀ ਵਿੱਚ ਝੁੱਗੀਆਂ ਨੂੰ ਢਾਹੁਣ ਬਾਰੇ ਪ੍ਰਚਾਰ ਫੈਲਾ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਰੇਲਵੇ ਲਾਈਨ ਦੇ ਨੇੜੇ ਘਰ ਬਣਾਉਂਦੇ ਹੋ, ਤਾਂ ਮੁੱਖ ਮੰਤਰੀ ਤੁਹਾਨੂੰ ਨਹੀਂ ਬਚਾ ਸਕਣਗੇ। ਮੈਂ ਲੋਕਾਂ ਨੂੰ ਸੁਰੱਖਿਆ ਬਾਰੇ ਸੋਚਣ ਦੀ ਬੇਨਤੀ ਕਰਦੀ ਹਾਂ। ਜੇਕਰ ਕੋਈ ਰੇਲ ਹਾਦਸਾ ਵਾਪਰਦਾ ਹੈ ਅਤੇ ਕਿਸੇ ਦੀ ਪਟੜੀ 'ਤੇ ਮੌਤ ਹੋ ਜਾਂਦੀ ਹੈ, ਤਾਂ ਜ਼ਿੰਮੇਵਾਰ ਕੌਣ ਹੋਵੇਗਾ? ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਉਦੇਸ਼ ਘਰਾਂ ਨੂੰ ਢਾਹੁਣਾ ਨਹੀਂ ਹੈ। ਪਰ ਅਜਿਹਾ ਨਹੀਂ ਹੋਣਾ ਚਾਹੀਦਾ ਕਿ ਅਸੀਂ ਘਰ ਦਿੰਦੇ ਰਹੀਏ ਅਤੇ ਲੋਕ ਝੁੱਗੀ-ਝੌਂਪੜੀ ਨਾ ਛੱਡਣ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਦੀ ਸਰਕਾਰ ਰਾਸ਼ਟਰੀ ਰਾਜਧਾਨੀ ਵਿੱਚ 675 ਝੁੱਗੀਆਂ ਦੇ ਪੁਨਰ ਵਿਕਾਸ ਲਈ ਮੁੰਬਈ ਦੇ ਧਾਰਾਵੀ ਮਾਡਲ ਦਾ ਅਧਿਐਨ ਕਰ ਸਕਦੀ ਹੈ। ਮੁੰਬਈ ਦੇ ਦਿਲ ਵਿੱਚ ਸਥਿਤ ਇੱਕ ਵੱਡੀ ਝੁੱਗੀ-ਝੌਂਪੜੀ, ਧਾਰਾਵੀ ਨੂੰ ਅਡਾਨੀ ਸਮੂਹ ਅਤੇ ਮਹਾਰਾਸ਼ਟਰ ਸਰਕਾਰ ਦੇ ਸਾਂਝੇ ਉੱਦਮ ਰਾਹੀਂ ਮੁੜ ਵਿਕਸਤ ਕੀਤਾ ਜਾਵੇਗਾ।

# ਕਾਂਗਰਸ ਦੇ ਕੁਝ ਆਗੂਆਂ ਤੋਂ ਮੇਰੀ ਰਾਏ ਵੱਖ ਹੈ : ਸ਼ਸ਼ੀ ਥਰੂਰ

ਕੌਮੀ ਪਤ੍ਰਿਕਾ

ਤਿਰੁਵਨੰਤਪੁਰਮ 20 ਜੂਨ। ਕਾਂਗਰਸ ਵਰਕਿੰਗ ਕਮੇਟੀ (ਸੀਡਬਲਿਊਸੀ) ਦੇ ਮੈਂਬਰ ਸ਼ਸ਼ੀ ਥਰੂਰ ਨੇ ਕਿਹਾ ਕਿ ਪਾਰਟੀ ਲੀਡਰਸ਼ਿਪ 'ਚ ਕੁਝ ਆਗੂਆਂ ਨਾਲ ਉਨ੍ਹਾਂ ਦੇ ਮਤਭੇਦ ਹਨ ਪਰ ਨੀਲਾਂਬੁਰ ਚੋਣ ਖੇਤਰ 'ਚ ਜ਼ਿਮਨੀ ਚੋਣ ਦੇ ਮੱਦੇਨਜ਼ਰ ਉਹ ਇਸ ਬਾਰੇ ਗੱਲ ਨਹੀਂ ਕਰਨਗੇ। ਥਰੂਰ ਨੇ ਕਿਹਾ ਕਿ ਕਾਂਗਰਸ, ਉਸ ਦੀਆਂ ਕਦਰਾਂ-ਕੀਮਤਾਂ ਅਤੇ ਉਸ ਦੇ ਵਰਕਰ ਉਨ੍ਹਾਂ ਨੂੰ ਬਹੁਤ ਪ੍ਰਿਯ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ 16 ਸਾਲਾਂ ਤੱਕ ਪਾਰਟੀ ਵਰਕਰਾਂ ਨਾਲ ਨਜ਼ਦੀਕੀ ਨਾਲ ਮਿਲ ਕੇ ਕੰਮ ਕੀਤਾ ਹੈ ਅਤੇ ਉਹ ਉਨ੍ਹਾਂ ਨੂੰ ਆਪਣਾ ਕਰੀਬੀ ਦੋਸਤ ਅਤੇ ਭਰਾ ਮੰਨਦੇ ਹਨ। ਥਰੂਰ ਨੇ ਕਿਹਾ,"ਹਾਲਾਂਕਿ ਕਾਂਗਰਸ ਲੀਡਰਸ਼ਿਪ 'ਚ ਕੁਝ ਲੋਕਾਂ ਤੋਂ ਮੇਰੀ ਰਾਏ ਵੱਖ ਹੈ। ਤੁਸੀਂ ਜਾਣਦੇ ਹੋ ਕਿ ਮੈਂ ਕਿਸੇ ਬਾਰੇ ਗੱਲ ਕਰ ਰਿਹਾ ਹੈ, ਕਿਉਂਕਿ ਉਨ੍ਹਾਂ 'ਚੋਂ ਕੁਝ ਮੁੱਦੇ ਜਨਤਕ ਹਨ ਅਤੇ



ਤੁਸੀਂ (ਮੀਡੀਆ 'ਚ) ਇਸ ਬਾਰੇ ਖ਼ਬਰਾਂ ਦਿੱਤੀਆਂ ਹਨ।" ਥਰੂਰ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਉਨ੍ਹਾਂ ਦੇ ਮਤਭੇਦ ਰਾਸ਼ਟਰੀ ਲੀਡਰਸ਼ਿਪ ਨਾਲ ਹਨ ਜਾਂ ਪ੍ਰਦੇਸ਼ ਲੀਡਰਸ਼ਿਪ ਨਾ। ਤਿਰੁਵਨੰਤਪੁਰਮ ਦੇ ਸੰਸਦ ਮੈਂਬਰ ਨੇ ਸੰਕੇਤ ਦਿੱਤਾ ਕਿ ਉਹ ਜ਼ਿਮਨੀ ਚੋਣ ਦੇ ਨਤੀਜਿਆਂ ਤੋਂ ਬਾਅਦ ਉਨ੍ਹਾਂ ਦੇ ਮਤਭੇਦਾਂ ਬਾਰੇ ਗੱਲ ਕਰ ਸਕਦੇ ਹਨ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਉਹ ਜ਼ਿਮਨੀ ਚੋਣ ਲਈ ਪ੍ਰਚਾਰ ਮੁਹਿੰਮ ਦਾ ਹਿੱਸਾ ਕਿਉਂ ਨਹੀਂ ਸਨ ਤਾਂ ਥਰੂਰ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਲਈ ਸੱਦਾ ਨਹੀਂ ਦਿੱਤਾ ਗਿਆ ਸੀ, ਜਦੋਂ ਕਿ ਪਿਛਲੇ ਸਾਲ ਵਾਇਨਾਡ 'ਚ ਹੋਈਆਂ ਜ਼ਿਮਨੀ ਚੋਣਾਂ ਸਣੇ ਹੋਰ ਜ਼ਿਮਨੀ ਚੋਣਾਂ ਦੌਰਾਨ ਸੱਦਾ ਦਿੱਤਾ ਜਾਂਦਾ ਰਿਹਾ ਹੈ। ਉਨ੍ਹਾਂ ਕਿਹਾ,"ਮੈਂ ਉੱਥੇ ਨਹੀਂ ਜਾਂਦਾ, ਜਿੱਥੇ ਮੈਨੂੰ ਸੱਦਾ ਨਾ ਦਿੱਤਾ ਗਿਆ ਹੋਵੇ।"

## ਭਾਜਪਾ ਨੇ 10 ਸਾਲਾਂ 'ਚ 'ਆਪ' 'ਤੇ ਦਰਜ ਕੀਤੇ 200 ਤੋਂ ਵੱਧ ਝੂਠੇ ਮਾਮਲੇ : ਆਤਿਸ਼ੀ

ਕੌਮੀ ਪਤ੍ਰਿਕਾ

ਨਵੀਂ ਦਿੱਲੀ 20 ਜੂਨ। ਆਮ ਆਦਮੀ ਪਾਰਟੀ ਦੀ ਨੇਤਾ ਆਤਿਸ਼ੀ ਨੇ ਕਿਹਾ ਹੈ ਕਿ ਪਿਛਲੇ 10 ਸਾਲਾਂ ਵਿਚ ਕੇਂਦਰ ਦੀਆਂ ਜਾਂਚ ਏਜੰਸੀਆਂ ਨੇ ਉਨ੍ਹਾਂ ਦੀ ਪਾਰਟੀ ਦੇ ਨੇਤਾਵਾਂ ਖਿਲਾਫ 200 ਤੋਂ ਵੱਧ ਝੂਠੇ ਮਾਮਲੇ ਦਰਜ ਕੀਤੇ ਹਨ ਪਰ ਇਕ ਰੁਪਿਆ ਵੀ ਬਰਾਮਦ ਨਹੀਂ ਹੋਇਆ। ਆਤਿਸ਼ੀ ਦੀ ਇਹ ਪ੍ਰਤੀਕਿਰਿਆ ਉਸ ਸਮੇਂ ਆਈ ਜਦੋਂ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸਕੂਲਾਂ ਵਿਚ ਕਲਾਸਾਂ ਦੇ ਨਿਰਮਾਣ ਨਾਲ ਸੰਬੰਧਤ ਕਥਿਤ ਭ੍ਰਿਸ਼ਟਾਚਾਰ ਮਾਮਲੇ ਵਿਚ ਪੁੱਛਗਿੱਛ ਲਈ ਅੱਜ ਭ੍ਰਿਸ਼ਟਾਚਾਰ ਰੋਕੂ ਸ਼ਾਖਾ (ਏ. ਸੀ. ਬੀ.) ਦੇ ਸਾਹਮਣੇ ਪੇਸ਼



ਹੋਏ। ਆਪ ਨੇਤਾ ਨੇ ਭਾਜਪਾ 'ਤੇ ਦਿੱਲੀ ਵਿਚ ਆਪਣੀਆਂ ਅਸਫਲਤਾਵਾਂ ਨੂੰ ਲੁਕਾਉਣ ਲਈ ਧਿਆਨ ਭਟਕਾਉਣ ਦੀ ਰਣਨੀਤੀ ਅਪਣਾਉਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਪੂਰੀ ਦਿੱਲੀ ਵਿਚ ਲੰਬੇ ਸਮੇਂ ਤੱਕ ਬਿਜਲੀ ਕਟੌਤੀ ਹੋ ਰਹੀ ਹੈ, ਘਰਾਂ ਵਿਚ ਪਾਣੀ ਦੀ ਕਮੀ ਹੈ ਅਤੇ ਸੜਕਾਂ ਪਾਣੀ ਨਾਲ ਭਰੀਆਂ ਹਨ ਪਰ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਦੀ ਬਜਾਏ ਭਾਜਪਾ ਜਨਤਾ ਨੂੰ ਗੁੰਮਰਾਹ ਕਰਨ ਲਈ ਫਰਜ਼ੀ ਮਾਮਲੇ ਚਲਾਉਣ ਵਿਚ ਬਿਜ਼ੀ ਹੈ। ਆਤਿਸ਼ੀ ਨੇ ਕਿਹਾ ਕਿ ਦਿੱਲੀ ਦੇ ਲੋਕ ਇਸ ਗੱਲ 'ਤੇ ਪਛਤਾਵਾ ਕਰ ਰਹੇ ਹਨ ਕਿ ਉਨ੍ਹਾਂ ਭਾਜਪਾ ਨੂੰ ਵੋਟਾਂ ਕਿਉਂ ਦਿੱਤੀਆਂ ਹਨ।

# ਕੌਮਾਂਤਰੀ ਯੋਗ ਦਿਵਸ 'ਤੇ ਅੱਜ ਹਰਿਆਨਾ ਵਿੱਚ ਨਵਾਂ ਇਤਿਹਾਸ ਰਚਣ ਦੀ ਤਿਆਰੀ: ਨਾਇਬ ਸਿੰਘ ਸੈਣੀ

ਕੌਮੀ ਪਤ੍ਰਿਕਾ

ਚੰਡੀਗੜ੍ਹ, 20 ਜੂਨ: ਹਰਿਆਣਾ ਸਰਕਾਰ ਵੱਲੋਂ 11ਵੇਂ ਕੌਮਾਂਤਰੀ ਯੋਗ ਦਿਵਸ ਨੂੰ ਇਤਿਹਾਸਕ ਬਣਾਉਣ ਦੀ ਪੂਰੀ ਤਿਆਰੀ ਕਰ ਲਈ ਹੈ। ਰਾਜਭਰ ਵਿੱਚ ਬੇਮਿਸਾਲ ਉਤਸਾਹ ਅਤ ਜਨ ਭਾਗੀਦਾਰੀ ਨਾਲ ਇੱਕ ਵੱਡਾ ਸਾਮੂਹਿਕ ਆਯੋਜਨ ਹੋਣ ਜਾ ਰਿਹਾ ਹੈ ਅਤੇ ਲਗਭਗ 20 ਲੱਖ ਤੋਂ ਵੱਧ ਲੋਕ ਇੱਕਠੇ ਯੋਗ ਕਰਣਗੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸਾਲ 2047 ਵਿੱਚ ਪੂਰੇ ਭਾਰਤ ਨੂੰ ਵਿਕਸਿਤ ਭਾਰਤ ਬਨਾਉਣ ਦੇ ਸਪਨੇ ਨੂੰ ਪੂਰਾ ਕਰਨ ਵਿੱਚ ਰਿਸ਼ੀ-ਮੁਨੀਆ ਵੱਲੋਂ ਦਿੱਤੀ ਗਈ ਪੁਰਾਣੀ ਯੋਗ ਪ੍ਰਸਿੱਦੀ ਨੀਂਹ ਪੱਥਰ ਦਾ ਕੰਮ ਕਰੇਗੀ। ਉਹ ਦਿਨ ਦੂਰ ਨਹੀਂ ਜਦੋਂ ਭਾਰਤ ਫਿਰ ਤੋਂ ਵਿਸ਼ਵ ਗੁਰੂ ਬਣੇਗਾ ਅਤੇ ਯੋਗ ਇੰਨ੍ਹਾਂ ਵਿੱਚੋਂ ਇੱਕ ਮਹਤੱਵਪੂਰਣ ਭੂਮਿਕਾ ਅਦਾ ਕਰੇਗਾ। ਇਸ ਲਈ ਯੋਗ ਨੂੰ ਵਿਸ਼ਵ ਦੇ ਹਰ ਕੌਨੇ ਵਿੱਚ ਪਹੁੰਚਾਉਣ ਲਈ ਕੌਮਾਂਤਰੀ ਯੋਗ ਦਿਵਸ ਨੂੰ ਮਨਾਉਣ ਦੀ ਸ਼ੁਰੂਆਤ ਕੀਤੀ ਗਈ ਅਤੇ ਅੱਜ ਵਿਸ਼ਵ ਦੇ ਜਿਆਦਾਤਰ ਦੇਸ਼ ਯੋਗ ਨੂੰ ਅਪਣਾ ਕੇ ਕੌਮਾਂਤਰੀ ਯੋਗ ਦਿਵਸ ਨੂੰ ਮਾਨਤਾ ਦੇ ਚੁੱਕੇ ਹਨ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਕੌਮਾਂਤਰੀ ਯੋਗ ਦਿਵਸ ਦੀ ਪੂਰਵ ਸ਼ਾਮ 'ਤੇ ਬ੍ਰਹਮਸਰੋਵਰ 'ਤੇ ਪ੍ਰੋਗ੍ਰਾਮ ਸਥਾਨਾਂ ਦਾ ਨਿਰੀਖਣ ਕਰਨ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇੰਨ੍ਹਾਂ ਦੇ ਨਾਲ ਯੋਗ ਗੁਰੂ ਸੁਆਮੀ ਰਾਮਦੇਵ, ਵਧੀਕ ਮੁੱਖ ਸਕੱਤਰ ਸੁਧੀਰ ਰਾਜਪਾਲ, ਖੇਡ ਵਿਭਾਗ ਦੇ ਡਾਇਰੈਕਟਰ ਜਨਰਲ ਅਤੇ ਅੰਬਾਲਾ ਮੰਡਲ ਕਮਿਸ਼ਨਰ ਸੰਜੀਵ ਵਰਮਾ, ਸਾਬਕਾ ਰਾਜ ਮੰਤਰੀ ਸੁਭਾਸ਼ ਸੁਧਾ, ਅਚਾਰਿਆ ਬਾਲਕ੍ਰਿਸ਼ਣ ਵੀ ਮੌਜੂਦ ਸਨ। ਮੁੱਖ ਮੰਤਰੀ ਨੇ ਕਿਹਾ ਕਿ ਕੁਰੂਕਸ਼ੇਤਰ ਦੇ ਪਵਿੱਤਰ ਬ੍ਰਹਿਮਸਰੋਵਰ 'ਤੇ ਪ੍ਰਬੰਧਿਤ ਰਾਜ ਪੱਧਰੀ ਪ੍ਰੋਗਰਾਮ ਇਤਿਹਾਸਕ ਬਨਣ ਜਾ ਰਿਹਾ ਹੈ, ਜਿੱਥੇ ਲਗਭਗ 1 ਲੱਖ ਤੋਂ



ਵੱਧ ਲੋਕਾਂ ਦੀ ਭਾਗੀਦਾਰੀ ਨਾਲ ਨਵਾਂ ਇਤਿਹਾਸ ਸਥਾਪਿਤ ਹੋਣ ਦੀ ਸੰਭਾਵਨਾ ਹੈ। ਪੋ?ਰਗਰਾਮ ਵਿੱਚ ਯੋਗ ਗੁਰੂ ਬਾਬਾ ਰਾਮਦੇਵ ਵਿਸ਼ੇਸ਼ ਤੌਰ 'ਤੇ ਯੋਗ ਕਰਵਾਉਣਗੇ। ਬ੍ਰਹਿਮਸਰੋਵਰ ਕੰਪਲੈਕਸ ਨੂੰ 64 ਸੈਕਟਰਾਂ ਅਤੇ ਮੇਲਾ ਗ੍ਰਾਂਉਂਡ ਨੂੰ 37 ਸੈਕਟਰਾਂ ਵਿੱਚ ਵੰਡਿਆ ਗਿਆ ਹੈ। ਹਰੇਕ ਸੈਕਟਰ ਵਿੱਚ 1 ਹਜ਼ਾਰ ਪ੍ਰਤੀਭਾਗੀ ਯੋਗ ਕਰਣਗੇ। ਯੋਗ ਪ੍ਰੋਗ੍ਰਾਮ ਵਿੱਚ ਸਾਰੇ ਪ੍ਰਤੀਭਾਗੀਆਂ ਨੂੰ ਜੋੜਨ ਲਈ 31 ਐਲਈਡੀ ਸਕ੍ਰੀਨ ਲਗਾਈਆਂ ਗਈਆਂ ਹਨ। ਇੰਨ੍ਹਾਂ ਵਿੱਚੋਂ 20 ਬ੍ਰਹਮਸਰੋਵਰ ਪਰਿਸਰ ਵਿੱਚ ਅਤੇ 11 ਮੇਲਾ ਗਰਾਉਂਡ ਵਿੱਚ ਸਥਾਪਿਤ ਕੀਤੀਆਂ ਗਈਆਂ ਹਨ। ਇਸ ਰਾਜ ਪੱਧਰੀ ਪ੍ਰੋਗ੍ਰਾਮ ਦੌਰਾਨ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਸੰਦੇਸ਼ ਨੂੰ ਵੀ ਲਾਇਵ ਪ੍ਰੋਗਰਾਮ ਰਾਹੀਂ ਸੁਣਾਇਆ ਜਾਵੇਗਾ। ਹਰਿਆਣਾ ਯੋਗ ਆਯੋਗ ਅਤੇ ਆਯੁਸ਼ ਵਿਭਾਗ ਵੱਲੋਂ ਕੌਮਾਂਤਰੀ ਯੋਗ ਦਿਵਸ ਨੂੰ ਜਨ-ਆਂਦੋਲਨ ਦਾ ਸਵਰੂਪ ਦੇਣ ਲਈ ਅਨੇਕ ਯਤਨ ਕੀਤੇ ਗਏ ਹਨ। ਇਸ ਦੇ ਲਈ ਇੱਕ ਪੋਰਟਲ ਬਣਾਇਆ ਗਿਆ ਹੈ, ਜਿਸ 'ਤੇ ਨਾਗਰਿਕਾਂ ਨੇ ਯੋਗ ਪ੍ਰੋਗਰਾਮਾਂ ਵਿੱਚ ਭਾਗ ਲੈਣ ਲਈ ਆਪਣਾ ਰਜਿਸਟ?ਰੇਸ਼ਨ ਕਰਵਾਇਆ ਹੈ। ਲਗਭਗ 20 ਲੱਖ ਤੋਂ ਵੱਧ ਲੋਕਾਂ ਨੇ ਰਜਿਸਟ?ਰੇਸ਼ਨ ਕਰਵਾ ਕੇ ਜਨਤਕ ਭਾਗੀਦਾਰੀ ਦਾ ਪ੍ਰਮਾਣ ਦਿੱਤਾ ਹੈ, ਜੋ ਅੱਜ ਸੂਬੇਭਰ ਵਿੱਚ ਵੱਖ ਵੱਖ ਥਾਂਵਾਂ 'ਤੇ ਪ੍ਰਬੰਧਿਤ ਪ੍ਰੋਗਰਾਮਾਂ ਵਿੱਚ ਯੋਗ ਕਰ ਰਹੇ ਹਨ। ਸੂਬੇ ਦੇ ਪਿੰਡਾਂ ਤੋਂ ਲੈ ਕੇ ਸ਼ਹਿਰਾਂ ਤੱਕ ਯੋਗ ਦਿਵਸ ਦੀ ਤਿਆਰੀਆਂ ਨੇ ਸਮਾਜਿਕ ਜਾਗਰੂਕਤਾ ਦਾ ਨਵਾਂ ਉਦਾਹਰਣ ਪੇਸ਼ ਕੀਤਾ ਹੈ। ਸਕੂਲਾਂ, ਕਾਲੇਜਾਂ, ਪੰਚਾਇਤਾਂ, ਸੰਸਥਾਵਾਂ ਅਤੇ ਯੁਵਾ ਕਲਬਾਂ ਨੇ ਪੂਰੇ ਮਨੋਯੋਗ ਨਾਲ ਇਸ ਵਿੱਚ ਭਾਗ ਲਿਆ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕੌਮਾਂਤਰੀ ਯੋਗ ਦਿਵਸ ਸਾਡੇ ਲਈ ਮਾਣ ਦਾ ਦਿਨ ਹੈ। ਇਸ ਨੂੰ ਖੁਸ਼ੀ ਅਤੇ ਉਤਸਾਹ ਨਾਲ ਮਨਾਇਆ ਜਾ ਰਿਹਾ ਹੈ। ਯੋਗ ਗੁਰੂ ਸੁਆਮੀ ਰਾਮਦੇਵ ਦੀ ਸਰਪ੍ਰਸਤੀ ਹੇਠ ਯੋਗ ਕਰਨਾ, ਇਸ ਦਿਨ ਨੂੰ ਹੋਰ ਮਹਤੱਵਪੂਰਣ ਬਣਾ ਰਿਹਾ ਹੈ। ਹਰ ਵਿਅਕਤੀ ਜਦੋਂ ਯੋਗ ਨਾਲ ਜੁੜਦਾ ਹੈ ਤਾਂ ਸਾਰੀਆਂ ਬੀਮਾਰੀਆਂ ਦੂਰ ਚਲੀਆਂ ਜਾਂਦੀਆਂ ਹਨ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕੌਮਾਂਤਰੀ ਯੋਗ ਦਿਵਸ ਦੀ ਵਨ ਅਰਥ, ਵਨ ਹੈਲਥ ਥੀਮ ਨਿਰਧਾਰਿਤ ਕੀਤੀ ਹੈ। ਜਿਸ ਨੂੰ ਅੱਗੇ ਵਧਾਉਂਦੇ ਹੋਏ ਯੋਗ ਯੁਕਤ, ਨਸ਼ਾ ਮੁਕਤ ਹਰਿਆਣਾ ਜੋੜ ਕੇ ਲਾਗੂ ਕੀਤਾ ਹੈ। ਇਸ ਥੀਮ 'ਤੇ ਚਲਦੇ ਹੋਏ ਸਾਰੇ ਨਾਗਰਿਕ ਆਪਣੀ ਆਪ ਨੂੰ ਨਸ਼ੇ ਤੋਂ ਬਚਾਉਣ। ਨਾਲ ਹੀ ਸੂਬੇ ਦੇ ਨੌਜੁਆਨਾਂ ਨੂੰ ਨਸ਼ੇ ਤੋਂ ਬਚਾਉਣਾ ਹੈ। ਨਸ਼ਾ ਇੱਕ ਬੁਰਾਈ ਹੈ, ਜੋ ਕਿਸੇ ਵੀ ਰਾਸ਼ਟਰ ਦੇ ਵਿਕਾਸ ਵਿੱਚ ਰੁਕਾਵਟ ਬਣਦੀ ਹੈ। ਅੱਜ ਦੇ ਦਿਨ ਨੂੰ ਖਾਸ ਬਨਾਉਣ ਲਈ ਮੁੱਖ ਮੰਤਰੀ ਨੇ ਸੂਬਾਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਯੋਗ ਸਿਰਫ ਇੱਕ ਵਰਿਆਮ ਨਹੀਂ, ਇੱਕ ਜੀਵਨਸ਼ੈਲੀ ਹੈ। ਹਰਿਆਣਾ ਨੂੰ ਸਿਹਤਮੰਦ, ਜਾਗਰੂਕ ਅਤੇ ਅਨੁਸਾਸਿਤ ਬਨਾਉਣ ਵਿੱਚ ਇਸ ਦਾ ਅਹਿਮ ਯੋਗਦਾਨ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਆਪਣੈ ਜੀਵਨ ਵਿੱਚ ਯੋਗ ਨੂੰ ਜਰੂਰ ਅਪਨਾਉਣ ਅਤੇ ਆਪਣੀ ਰੋਜਾਨਾ ਜਿੰਦਗੀ ਦਾ ਹਿੱਸਾ ਬਨਾਉਣਾ। ਉਨ੍ਹਾਂ ਨੇ ਆਮ ਜਨਤਾ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਕੌਮਾਂਤਰੀ ਯੋਗ ਦਿਵਸ ਦੇ ਰਾਜ ਪੱਧਰੀ ਪ੍ਰੋਗਰਾਮ ਨੂੰ ਸਾਰੀ ਮਨੁੱਖ ਜਾਤੀ ਨੂੰ ਕਰਮ ਯੋਗ ਦਾ ਸੰਦੇਸ਼ ਦੇਣ ਵਾਲੇ ਸ਼?ਰੀਕ੍ਰਿਸ਼ਣ ਦੀ ਭੂਮੀ ਕੁਰੂਕਸ਼ੇਤਰ ਬ੍ਰਹਮਸਰੋਵਰ 'ਤੇ ਪਹੁੰਚ ਕੇ ਯੋਗ ਕਰ ਕੇ ਇਤਿਹਾਸਿਕ ਬਨਾਉਣ ਵਿੱਚ ਆਪਣਾ ਯੋਗਦਾਲ ਦੇਣ। ਯੋਗ ਗੁਰੂ ਸਵਾਮੀ ਰਾਮਦੇਵ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਯੋਗ ਦੋਨੋ ਹੀ ਸਾਡੇ ਮਾਣ ਹਨ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸਵੈਯੋਗੀ, ਨਿਰੋਗੀ, ਸਵਾਭੀਮਾਨੀ, ਸੱਭਦੇ ਸਹਿਯੋਗੀ ਅਤੇ ਹਰਿਆਣਾ ਲਈ ਉਪਯੋਗੀ ਹੈ। ਸਦਾ ਖੁਸ਼ ਰਹਿਣਾ ਇੱਕ ਯੋਗੀ ਦੀ ਪਹਿਚਾਣ ਹੁੰਦੀ ਹੈ।

## ਦਿੱਲੀ 'ਚ ਜਾਅਲੀ ਡਿਗਰੀ ਰੈਕੇਟ ਦਾ ਪਰਦਾਫਾਸ਼, 2 ਗ੍ਰਿਫ਼ਤਾਰ

ਨਵੀਂ ਦਿੱਲੀ 20 ਜੂਨ। ਕੇਂਦਰੀ ਦਿੱਲੀ ਸਾਈਬਰ ਪੁਲਸ ਸਟੇਸ਼ਨ ਨੇ ਇਕ ਵੱਡੇ ਜਾਅਲੀ ਡਿਗਰੀ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਧੋਖਾਦੇਹੀ ਕਰਨ ਵਾਲੇ 2 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮ ਕਪਿਲ (32) ਤੇ ਦਾਮਿਨੀ ਸ਼ਰਮਾ (33) ਹਨ ਜੋ ਭਿਵਾਨੀ ਦੇ ਰਹਿਣ ਵਾਲੇ ਹਨ। ਉਨ੍ਹਾਂ ਦੇ ਕਬਜ਼ੇ 'ਚੋਂ ਸੈਂਕੜੇ ਜਾਅਲੀ ਡਿਗਰੀਆਂ, 4 ਮੋਬਾਈਲ ਫੋਨ ਤੇ ਸੱਤ ਸਿਮ ਕਾਰਡ ਬਰਾਮਦ ਕੀਤੇ ਗਏ ਹਨ। ਇਸ ਗਿਰੋਹ ਨੇ ਗੁਰੂਗ੍ਰਾਮ 'ਚ ਇਕ ਵਿਅਕਤੀ ਨਾਲ ਉਸ ਦੀ ਗ੍ਰੈਜੂਏਸ਼ਨ ਡਿਗਰੀ ਦੁਬਾਰਾ ਜਾਰੀ ਕਰਨ ਦੇ ਬਹਾਨੇ 1 ਲੱਖ 50 ਹਜ਼ਾਰ ਰੁਪਏ ਦੀ ਠੱਗੀ ਮਾਰੀ ਸੀ।

# ਜ਼ੁਲਮ ਦੀ ਹੱਦ ! ਰੋਟੀ ਮੰਗਣ 'ਤੇ ਹੈਵਾਨ ਬਣੀ ਨੂੰਹ, ਤਸਵੀਰਾਂ 'ਚ ਦੇਖੋ ਕੀ ਕਰ ਦਿੱਤਾ 95 ਸਾਲਾ ਸੱਸ ਦਾ ਹਾਲ

ਫਿਲੌਰ 20 ਜੂਨ। ਕਲਯੁਗੀ ਨੂੰਹ ਦੀ ਬੇਹੱਦ ਸ਼ਰਮਨਾਕ ਕਰਤੂਤ, ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ ਵਿਚ ਖਾਣਾ ਮੰਗਣ 'ਤੇ 95 ਸਾਲਾ ਬਜ਼ੁਰਗ ਸੱਸ ਨੂੰ ਉਸ ਦੀ ਨੂੰਹ ਜ਼ਮੀਨ 'ਤੇ ਸੁੱਟ ਕੇ ਉਸ ਦੇ ਉੱਪਰ ਬੈਠ ਕੇ ਬੁਰੀ ਤਰ੍ਹਾਂ ਕੁੱਟ ਰਹੀ ਹੈ। ਬੀਤੇ ਦਿਨ ਜਦੋਂ ਉਸ ਨੇ ਆਪਣੀ ਸੱਸ ਦੀ ਕੁੱਟਮਾਰ ਕੀਤੀ ਤਾਂ ਉਸ ਦੀ ਹਾਲਤ ਇੰਨੀ ਜ਼ਿਆਦਾ ਖਰਾਬ ਹੋ ਗਈ ਕਿ ਉਸ ਨੂੰ ਇਲਾਜ ਲਈ ਉਸ ਦੇ ਬੇਟੇ ਨੇ ਸਥਾਨਕ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ। ਆਪਣੀ ਸ਼ਰਮਨਾਕ ਕਰਤੂਤ ਦੇ ਵਾਇਰਲ ਹੋਣ ਤੋਂ ਬਾਅਦ ਮੁਲਜ਼ਮ ਨੂੰਹ ਜੋ 2 ਬੱਚਿਆਂ ਦੀ ਮਾਂ ਹੈ, ਘਰੋਂ ਫਰਾਰ ਦੱਸੀ ਦਾ ਰਹੀ ਹੈ। ਸੂਚਨਾ ਮੁਤਾਬਕ ਸ਼ਹਿਰ ਦੇ ਵਾਰਡ ਨੰ. 8 ਸਬਜ਼ੀ ਮੁਹੱਲਾ ਦੇ ਸੈਂਦਾ ਮੁਹੱਲੇ ਦੀ ਰਹਿਣ ਵਾਲੀ ਬਜ਼ੁਰਗ ਔਰਤ ਸ਼ੀਲਾ ਦੇਵੀ (95) ਜੋ ਆਪਣੀ ਹੀ ਨੂੰਹ ਵੱਲੋਂ ਬੁਰੀ ਤਰ੍ਹਾਂ ਕੁੱਟਮਾਰ ਕਰਨ ਕਰ ਕੇ ਜ਼ਖਮੀ ਹਾਲਤ 'ਚ ਸਥਾਨਕ ਹਸਪਤਾਲ 'ਚ ਜ਼ੇਰੇ ਇਲਾਜ ਪਈ ਹੈ, ਨੇ ਦੱਸਿਆ ਕਿ ਉਸ ਦੇ ਪਤੀ ਦਾ ਦਿਹਾਂਤ ਹੋ ਚੁੱਕਾ ਹੈ। ਉਸ ਦੀ ਇਕ ਬੇਟੀ ਅਤੇ ਇਕ ਬੇਟਾ ਮਨਜੀਤ ਕੁਮਾਰ ਹੈ। ਦੋਵੇਂ ਵਿਆਹੇ ਹੋਏ ਹਨ। ਉਹ ਆਪਣੇ ਬੇਟੇ ਨਾਲ ਹੀ ਉਹ ਘਰ 'ਚ ਰਹਿ ਰਹੀ ਹੈ। ਉਸ ਨੇ ਦੱਸਿਆ ਕਿ ਉਸ ਦੀ ਨੂੰਹ ਨਾ ਤਾਂ ਉਸ ਦਾ ਕਹਿਣਾ ਮੰਨਦੀ ਹੈ ਤੇ ਨਾ ਹੀ ਆਪਣੇ ਪਤੀ ਦਾ। ਉਸ ਨੇ ਰੋਂਦੇ ਹੋਏ ਦੱਸਿਆ ਕਿ ਜਿਉਂ ਹੀ ਉਸ ਦਾ ਬੇਟਾ ਰੋਜ਼ਾਨਾ ਸਵੇਰੇ ਘਰੋਂ ਕੰਮ 'ਤੇ ਚਲਾ ਜਾਂਦਾ ਹੈ ਤਾਂ ਉਸ ਦੀ ਨੂੰਹ ਦਾ ਉਸ 'ਤੇ ਜ਼ੁਲਮ ਸ਼ੁਰੂ ਹੋ ਜਾਂਦਾ ਹੈ। ਉਹ ਉਸ ਨੂੰ ਧੋਤੇ ਹੋਏ




ਕੱਪੜੇ ਵੀ ਨਹੀਂ ਦਿੰਦੀ ਹੈ। ਇਸ ਉਮਰ 'ਚ ਵੀ ਉਹ ਆਪਣੇ ਕੱਪੜੇ ਖੁਦ ਹੀ ਧੋਂਦੀ ਹੈ, ਉਸ ਨੂੰ ਪੂਰਾ ਦਿਨ ਖਾਣਾ ਨਹੀਂ ਦਿੱਤਾ ਜਾਂਦਾ ਹੈ। ਸਿਰਫ ਇਕ ਵੇਲੇ ਰਾਤ ਨੂੰ ਖਾਣਾ ਦਿੰਦੀ ਹੈ, ਜਦੋਂ ਉਸ ਦਾ ਬੇਟਾ ਘਰ ਆਉਣ ਵਾਲਾ ਹੁੰਦਾ ਹੈ। ਜੇਕਰ ਦਿਨ ਸਮੇਂ ਉਹ ਭੁੱਖ ਲੱਗਣ 'ਤੇ ਖਾਣਾ ਮੰਗਦੀ ਹੈ ਤਾਂ ਬਦਲੇ 'ਚ ਉਹ ਉਸ ਦੇ ਮੂੰਹ 'ਤੇ 2-3 ਥੱਪੜ ਮਾਰ ਦਿੰਦੀ ਹੈ। ਉਸ ਦੀ ਨੂੰਹ ਦੇ ਜ਼ੁਲਮ ਦਿਨ-ਬ-ਦਿਨ ਵਧਦੇ ਜਾ ਰਹੇ ਹਨ ਅਤੇ ਉਹ ਉਸ ਨੂੰ ਪਹਿਲਾਂ ਪਟਕ ਕੇ ਜ਼ਮੀਨ 'ਤੇ ਸੁੱਟਦੀ ਹੈ, ਉਸ ਤੋਂ ਬਾਅਦ ਉੱਪਰ ਬੈਠ ਕੇ ਬੁਰੀ ਤਰ੍ਹਾਂ ਕੁੱਟਮਾਰ ਕਰਦੀ ਹੈ। ਸੂਰਜ ਢਲਦੇ ਹੀ ਉਸ ਦੇ ਬੇਟੇ ਦੇ ਆਉਣ ਤੋਂ ਪਹਿਲਾਂ ਜਾਨਵਰਾਂ ਵਾਂਗ ਉਸ ਦੇ ਅੱਗੇ ਖਾਣਾ ਸੁੱਟ ਕੇ ਚਲੀ ਜਾਂਦੀ ਹੈ। ਬਜ਼ੁਰਗ ਔਰਤ 'ਤੇ ਰੋਜ਼ਾਨਾ ਉਸ ਦੀ ਨੂੰਹ ਵੱਲੋਂ ਕੀਤੇ ਜਾਣ ਵਾਲੇ ਜ਼ੁਲਮ 'ਤੇ ਕਿਸੇ ਹੋਰ ਤੀਜੇ ਦੀ ਵੀ ਨਜ਼ਰ ਸੀ। ਬੀਤੇ ਦਿਨ ਜਦੋਂ ਬਜ਼ੁਰਗ ਔਰਤ ਨੇ ਘਰ ਦੇ ਬਰਾਂਡੇ 'ਚ ਬੈਠ ਕੇ ਆਪਣੀ ਨੂੰਹ ਨੂੰ ਆਵਾਜ਼ਾਂ ਮਾਰ ਕੇ ਖਾਣਾ ਮੰਗਿਆ ਤਾਂ ਉਹ ਕਮਰੇ 'ਚੋਂ ਭੜਕੀ ਹੋਈ ਬਾਹਰ ਆਈ। ਪਹਿਲਾਂ ਉਸ ਨੇ ਪੀੜਤ ਨੂੰ ਜ਼ਮੀਨ 'ਤੇ ਪਟਕਿਆ। ਉਸ ਤੋਂ ਬਾਅਦ ਉਸ ਦੇ ਉੱਪਰ ਬੈਠ ਕੇ ਬੁਰੀ ਤਰ੍ਹਾਂ ਕੁੱਟਮਾਰ ਕਰਨ ਲੱਗ ਪਈ। ਇਸ ਵਾਰ ਉਸ ਦੇ ਜ਼ੁਲਮ ਦੀ ਪੂਰੀ ਵੀਡੀਓ ਕਿਸੇ ਤੀਜੇ ਨੇ ਬਣਾ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ। ਆਪਣਾ ਪਰਦਾਫਾਸ਼ ਹੁੰਦਾ ਦੇਖ ਕੇ ਕਲਯੁਗੀ ਬਹੂ ਘਰੋਂ ਫਰਾਰ ਦੱਸੀ ਜਾਂਦੀ ਹੈ। ਬੇਟੇ ਨੇ ਘਰ ਪੁੱਜ ਕੇ ਆਪਣੀ ਮਾਤਾ ਨੂੰ ਇਲਾਜ ਲਈ ਸਥਾਨਕ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ। ਬਜ਼ੁਰਗ ਮਾਤਾ ਨੇ ਕਿਹਾ ਕਿ ਨੂੰਹ ਉਸ ਨੂੰ ਮਾਰ ਕੇ ਉਸ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਹੈ। ਉਹ ਤਾਂ ਖੁਦ ਰੱਬ ਅੱਗੇ ਫਰਿਆਦ ਕਰਦੀ ਹੈ ਕਿ ਜੇਕਰ ਉਸ ਨੂੰ ਜਿਊਂਦਾ ਰੱਖਣਾ ਹੈ ਤਾਂ ਉਸ ਨੂੰ ਨਿਆਂ ਦਿਵਾ ਦੇਵੇ ਜਾਂ ਫਿਰ ਉਸ ਦੀ ਜਾਨ ਕੱਢ ਲਵੇ। ਉਸ ਨੇ ਪ੍ਰਸ਼ਾਸਨ ਤੋਂ ਵੀ ਮੰਗ ਕੀਤੀ ਹੈ ਕਿ ਉਸ ਦੀ ਨੂੰਹ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

## ਲੋਕ ਸਭਾ ਚੋਣਾਂ ਦੇ ਮੱਦੇਨਜਰ ਨਾਕਿਆਂ 'ਤੇ ਤਾਇਨਾਤ ਪੁਲਸ ਮੁਲਾਜਮਾਂ ਲਈ ਅਹਿਮ ਹੁਕਮ ਜਾਰੀ

ਚੰਡੀਗੜ੍ਹ, 20 ਜੂਨ। ਗਰਮੀ ਦੇ ਮੌਸਮ 'ਚ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸ਼ਹਿਰ ਦੇ ਐਂਟਰੀ ਪੁਆਇੰਟਾਂ 'ਤੇ ਤਾਇਨਾਤ ਪੁਲਸ ਮੁਲਾਜ਼ਮਾਂ ਨੂੰ ਹੁਣ ਜੂਸ, ਲੱਸੀ, ਪਾਣੀ ਤੇ ਹੋਰ ਤਰਲ ਪਦਾਰਥ ਦਿਨ ਵਿਚ ਤਿੰਨ ਵਾਰ ਮੁਹੱਈਆ ਕਰਵਾਏ ਜਾਣਗੇ। ਐੱਸ. ਐੱਸ. ਪੀ. ਕੰਵਰਦੀਪ ਕੌਰ ਨੇ ਗਰਮੀ ਦੇ ਮੱਦੇਨਜ਼ਰ ਆਪਣੇ ਪੁਲਸ ਮੁਲਾਜ਼ਮਾਂ ਲਈ ਇਹ ਹੁਕਮ ਜਾਰੀ ਕੀਤੇ ਹਨ। ਪੁਲਸ ਵਿਭਾਗ ਵੱਲੋਂ ਸ਼ਹਿਰ ਦੇ ਸਾਰੇ ਐਂਟਰੀ ਪੁਆਇੰਟਾਂ 'ਤੇ ਚੈਕਿੰਗ ਲਈ 38 ਨਾਕੇ ਲਾਏ ਗਏ ਹਨ। ਪੁਲਸ ਤੇ ਰਿਜ਼ਰਵ ਫੋਰਸ ਦੇ ਜਵਾਨ ਇਨ੍ਹਾਂ ਨਾਕਿਆਂ 'ਤੇ ਦਿਨ-ਰਾਤ ਤਾਇਨਾਤ ਰਹਿੰਦੇ ਹਨ। ਪੁਲਸ ਮੁਲਾਜ਼ਮ ਨਾਕੇ ਨੂੰ ਛੱਡ ਕੇ ਹੋਰ ਕਿਤੇ ਨਹੀਂ ਜਾ ਸਕਦੇ। ਇਸੇ ਲਈ ਐੱਸ. ਐੱਸ. ਪੀ ਨੇ ਪੁਲਸ ਮੁਲਾਜ਼ਮਾ ਨੂੰ ਗਰਮੀ 'ਚ ਲੱਸੀ, ਜੂਸ ਅਤੇ ਪਾਣੀ ਦੇ ਇੰਤਜ਼ਾਮ ਕਰਨ ਦੀ ਜਿ਼ੰਮੇਵਾਰੀ ਲਈ ਆਈ. ਟੀ. ਪਾਰਕ, ਮਨੀਮਾਜਰਾ, ਸਾਰੰਗਪੁਰ, ਮਲੋਆ, ਮੌਲੀਜਾਗਰਾਂ, ਸੈਕਟਰ 31, ਸੈਕਟਰ 36, ਸੈਕਟਰ 39 ਤੇ ਸੈਕਟਰ 49 ਦੇ ਥਾਣਾ ਇੰਚਾਰਜਾਂ ਨੂੰ ਹੁਕਮ ਜਾਰੀ ਕੀਤੇ ਹਨ। ਇਸ ਦੇ ਨਾਲ ਹੀ ਐੱਸ. ਐੱਸ. ਪੀ. ਨੇ ਲੱਸੀ, ਜੂਸ ਤੇ ਪਾਣੀ ਦੇ ਬਿੱਲ ਹਰ ਰੋਜ਼ ਚੋਣ ਸੈੱਲ 'ਚ ਜਮ੍ਹਾਂ ਕਰਵਾਉਣ ਦੇ ਹੁਕਮ ਜਾਰੀ ਕੀਤੇ ਹਨ।

## ਦੀਨਾਨਗਰ ਪੁਲਸ ਵੱਲੋਂ ਸੂਗਰ ਮਿੱਲ ਪਨਿਆੜ ਨਾਕੇ ਦੌਰਾਨ 2 ਨੌਜਵਾਨਾਂ ਨੂੰ ਚਰਸ ਸਮੇਤ ਕੀਤਾ ਗ੍ਰਿਫਤਾਰ

ਦੀਨਾਨਗਰ 20 ਜੂਨ। ਦੀਨਾਨਗਰ ਪੁਲਸ ਵੱਲੋਂ ਸੂਗਰ ਮਿੱਲ ਪਨਿਆੜ ਨਾਕੇ ਦੌਰਾਨ 2 ਨੌਜਵਾਨਾਂ ਨੂੰ ਚਰਸ ਸਮੇਤ ਕੀਤਾ ਗ੍ਰਿਫਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਦੀਨਾਨਗਰ ਸੁਖਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਸਬ ਇੰਸਪੈਕਟਰ ਬਲਕਾਰ ਸਿੰਘ ਨੇ ਪੁਲਸ ਪਾਰਟੀ ਵਹੀਕਲਾ ਦੀ ਚੈਕਿੰਗ ਦੇ



ਸਬੰਧ ਵਿੱਚ ਸ਼ੂਗਰ ਮਿੱਲ ਪਨਿਆੜ ਦੇ ਸਾਹਮਣੇ ਨੈਸ਼ਨਲ ਹਾਈਵੇ 'ਤੇ ਪਠਾਨਕੋਟ ਸਾਇਡ ਵਲੋਂ ਆਉਂਦੇ ਵਹੀਕਲਾਂ ਦੀ ਚੈਕਿੰਗ ਕਰਨ ਲਈ ਨਾਕਾ ਲਗਾਇਆ ਹੋਇਆ ਸੀ। ਇਸ ਦੌਰਾਨ ਪਠਾਨਕੋਟ ਸਾਇਡ ਤੋਂ ਇੱਕ ਕਾਰ ਮਾਰਕਾ ਗਰੈਂਡ ਆਈ 10 ਆਈ ਜਿਸ ਕਾਰ ਦੀ ਤਲਾਸੀ ਕੀਤੀ ਗਈ। ਤਲਾਸ਼ੀ ਦੌਰਾਨ ਕਾਰ ਦੇ ਡੈਸ਼ ਬੋਰਡ 'ਚੋਂ 290 ਗ੍ਰਾਮ ਚਰਸ ਬਰਾਮਦ ਹੋਈ ਹੈ। ਕਾਰ ਵਿਚ ਸਵਾਰ ਨੌਜਵਾਨਾਂ ਦੀ ਪੁਲਸ ਮੁਤਾਬਕ ਪਛਾਣ ਪ੍ਰਦੀਪ ਸ਼ਰਮਾ ਉਰਫ ਮਨੀ ਪੁੱਤਰ ਸੁਰੇਸ਼ ਕੁਮਾਰ ਵਾਸੀ ਅਰਾਈਆ ਗਲੀ ਗੀਤਾ ਭਵਨ ਰੋਡ ਗੁਰਦਾਸਪੁਰ, ਅਹਿਤ ਕੁਮਾਰ ਉਰਫ ਹੈਪੀ ਪੁੱਤਰ ਸੁਭਾਸ ਕੁਮਾਰ ਵਾਸੀ ਡੁਮਨਾ ਗਲੀ ਬਾਟਾ ਚੌਂਕ ਗੁਰਦਾਸਪੁਰ ਵਜੋਂ ਦੱਸੀ ਗਈ ਹੈ। ਪੁਲਸ ਨੇ ਦੋਵਾਂ ਨੂੰ ਮੌਕੇ 'ਤੇ ਗ੍ਰਿਫਤਾਰ ਕਰ ਕੇ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ ।

## ਨਾੜ ਨੂੰ ਲਗਾਈ ਅੱਗ ਨਾਲ ਵੱਡੀ ਗਿਣਤੀ 'ਚ ਦਰੱਖਤ ਝੁਲਸੇ

ਚੋਗਾਵਾਂ 20 ਜੂਨ। ਕਿਸਾਨਾਂ ਵੱਲੋਂ ਕਣਕ ਦੀ ਰਹਿੰਦ-ਖੂੰਹਦ ਨੂੰ ਖ਼ਤਮ ਕਰਨ ਲਈ ਲਗਾਈ ਗਈ ਅੱਗ ਨਾਲ ਸੜਕਾਂ ਦੇ ਆਲੇ-ਦੁਆਲੇ ਅਤੇ ਖੇਤਾਂ ਵਿਚ ਖੜ੍ਹੇ ਰੁਖ ਬੁਰੀ ਤਰ੍ਹਾਂ ਨਲ ਝੁਲਸ ਗਏ ਹਨ। ਕਈ ਰੁੱਖ ਤਾਂ ਇੰਨੇ ਜ਼ਿਆਦਾ ਸੜ ਚੁੱਕੇ ਹਨ ਕਿ ਉਹ ਦੁਬਾਰਾ ਹਰੇ ਹੋਣ ਦੀ ਹਾਲਤ ਵਿਚ ਵੀ ਨਹੀਂ ਰਹੇ। ਇਸ ਦਾ ਜਿੱਥੇ ਵਾਤਾਵਰਣ 'ਤੇ ਬਹੁਤ ਬੁਰਾ ਅਸਰ ਹੈ ਰਿਹਾ ਹੈ, ਉੱਥੇ ਵਾਤਾਵਰਣ ਪ੍ਰੇਮੀ ਵੀ ਡਾਢੇ ਪ੍ਰੇਸ਼ਾਨ ਹਨ। ਇਸ ਸਬੰਧੀ ਵਾਤਾਵਰਣ ਪ੍ਰੇਮੀ ਕਰਨਰਾਜ ਸਿੰਘ, ਫਤਿਹ ਸਿੰਘ ਨੇ ਕਿਹਾ ਕਿ ਨਾੜ ਨੂੰ ਅੱਗ ਨਾਲ ਜਿੱਥੇ ਦਰੱਖਤਾਂ ਦਾ ਨੁਕਸਾਨ ਹੰਦਾ ਹੈ, ਉੱਥੇ ਸੜਕ 'ਤੇ ਆਉਣ ਜਾਣ ਵਾਲੇ ਰਾਹਗੀਰ ਵੀ ਦੁਰਘਟਨਾ ਦਾ ਸ਼ਿਕਾਰ ਹੁੰਦੇ ਹਨ ਅਤੇ ਜ਼ਮੀਨ ਉਪਜਾਊ ਸ਼ਕਤੀ ਵੀ ਘਟਦੀ ਹੈ ਅੱਜ ਕੱਲ ਪੈ ਰਹੀ ਅੰਤਾਂ ਦੀ ਗਰਮੀ ਵੀ ਇਸੇ ਦੀ ਦੇਣ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਉਹ ਕਣਕ ਦੇ ਰਹਿੰਦ ਖੂੰਹਦ ਨੰ ਅੱਗ ਲਗਾਉਣ ਤੋਂ ਬਿਨਾਂ ਨਹੀਂ ਰਹਿ ਸਕਦੇ ਤਾਂ ਘੱਟ ਤੋਂ ਘੱਟ ਸੜਕਾਂ ਅਤੇ ਦਰੱਖਤਾਂ ਦੇ ਨੇੜੇ ਜ਼ਮੀਨ ਨੂੰ ਵਾਹ ਦਿੱਤਾ ਜਾਵੇ

## ਕੋਰਟ ਕੰਪਲੈਕਸ ਦੀ ਪਾਰਕਿੰਗ 'ਚੋਂ ਪੁਲਸ ਕਰਮਚਾਰੀ ਨੂੰ ਧੱਕਾ ਦੇ ਕੇ ਹੱਥਕੜੀ ਸਮੇਤ ਭੱਜਿਆ ਚੋਰ

ਜਲੰਧਰ 20 ਜੂਨ। ਕੋਰਟ ਕੰਪਲੈਕਸ ਦੀ ਪਾਰਕਿੰਗ ਵਿਚੋਂ ਇਕ ਚੋਰ ਪੁਲਸ ਕਰਮਚਾਰੀ ਨੂੰ ਧੱਕਾ ਦੇ ਕੇ ਹੱਥਕੜੀ ਸਮੇਤ ਫਰਾਰ ਹੋ ਗਿਆ। ਥਾਣਾ ਨਵੀਂ ਬਾਰਾਦਰੀ ਦੀ ਪੁਲਸ ਨੇ ਚੋਰ ਖਿ਼ਲਾਫ ਕੇਸ ਦਰਜ ਕਰ ਲਿਆ ਹੈ। ਚੌਂਕੀ ਫੋਕਲ ਪੁਆਇੰਟ ਦੇ ਏ. ਐੱਸ. ਆਈ. ਰਾਜਪਾਲ ਨੇ ਦੱਸਿਆ ਕਿ ਉਨ੍ਹਾਂ ਨੇ ਚੋਰੀ ਦੀ ਬਾਈਕ ਨਾਲ ਨਵਪ੍ਰੀਤ ਸਿੰਘ ਪੁੱਤਰ ਸੁਰਜੀਤ ਸਿੰਘ ਨਿਵਾਸੀ ਕਰਤਾਰਪੁਰ ਨੂੰ ਗ੍ਰਿਫਤਾਰ ਕੀਤਾ ਸੀ। ਮੁਲਜਮ ਪੇਸ਼ੇਵਰ ਚੋਰ ਸੀ, ਜਿਸ ਖਿ਼ਲਾਫ ਪਹਿਲਾਂ ਵੀ ਕੇਸ ਦਰਜ ਸੀ। ਮੁਲਜਮ ਨੂੰ ਲੈ ਕੇ ਉਹ ਸਿਪਾਹੀ ਬਿਕਰਮਜੀਤ ਸਿੰਘ ਨਾਲ ਉਸ ਨੂੰ ਕੋਰਟ ਵਿਚ ਪੇਸ਼ ਕਰਨ ਲਈ ਆਪਣੇ ਨਿੱਜੀ ਵਾਹਨ 'ਤੇ ਗਿਆ ਸੀ। ਕੋਰਟ ਵਿਚ ਪੇਸ਼ ਕਰਕੇ ਉਹ ਮੁਲਜਮ ਨੂੰ ਲੈ ਕੇ ਬਾਹਰ ਪਾਰਕਿੰਗ ਵਿਚ ਆ ਗਏ ਅਤੇ ਜਿਵੇਂ ਹੀ ਆਪਣੀ ਬਾਈਕ ਵੱਲ ਜਾਣ ਲੱਗੇ ਤਾਂ ਨਵਪ੍ਰੀਤ ਸਿੰਘ ਸਿਪਾਹੀ ਬਿਕਰਮਜੀਤ ਸਿੰਘ ਨੂੰ ਧੱਕਾ ਦੇ ਕੇ ਫਰਾਰ ਹੋ ਗਿਆ ਅਤੇ ਹੱਥਕੜੀ ਵੀ ਆਪਣੇ ਨਾਲ ਲੈ ਗਿਆ। ਪੁਲਸ ਨੇ ਮੁਲਜਮ ਦਾ ਪਿੱਛਾ ਵੀ ਕੀਤਾ ਪਰ ਉਸਦਾ ਕੋਈ ਸੁਰਾਗ ਨਹੀਂ ਲੱਗਾ ਅਤੇ ਉਹ ਗਾਇਬ ਹੋ ਗਿਆ।

## ਪੰਜਾਬ ਦੇ ਇਸ ਜ਼ਿਲ੍ਹੇ 'ਚ ਲੱਗ ਗਈਆਂ ਸਖ਼ਤ ਪਾਬੰਦੀਆਂ

ਨਵਾਂਸ਼ਹਿਰ 20 ਜੂਨ। ਨਵਾਂਸ਼ਹਿਰ ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਦੀ ਹਦੂਦ ਅੰਦਰ ਕਿਸੇ ਵੀ ਯੂਨੀਅਨ/ਜਥੇਬੰਦੀ ਵੱਲੋਂ ਸੜਕਾਂ/ਚੌਂਕਾਂ ਵਿਚ ਟ੍ਰੈਫਿਕ ਜਾਮ ਲਗਾਉਣ 'ਤੇ ਮੁਕੰਮਲ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਜਾਰੀ ਹੁਕਮਾਂ ਅਨੁਸਾਰ ਜ਼ਿਲ੍ਹੇ ਵਿਚ ਵੱਖ-ਵੱਖ ਜਥੇਬੰਦੀਆਂ ਅਤੇ ਯੂਨੀਅਨਾਂ ਵੱਲੋਂ ਆਪਣੀਆਂ ਮੰਗਾਂ ਦੇ ਸਬੰਧ ਵਿਚ ਰੋਸ ਪ੍ਰਦਰਸ਼ਨ/ਮੁਜ਼ਾਹਰੇ ਦੌਰਾਨ ਮੁੱਖ ਮਾਰਗ 'ਤੇ ਰਸਤਾ ਰੋਕ ਕੇ ਧਰਨੇ ਆਦਿ ਲਾਉਣ ਕਾਰਨ ਚੰਡੀਗੜ੍ਹ-ਜਲੰਧਰ-ਅੰਮ੍ਰਿਤਸਰ ਜਾਣ ਵਾਲੇ ਲੋਕਾਂ ਨੂੰ ਡਾਢੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੀ ਸਥਿਤੀ ਵਿਚ ਮਰੀਜ਼ਾਂ ਨੂੰ ਹੰਗਾਮੀ ਹਾਲਤ ਵਿਚ ਲੈ ਕੇ ਜਾਣ ਵਾਲੀਆਂ ਐਂਬੂਲੈਂਸਾਂ ਨੂੰ ਰਸਤਾ ਨਾ ਮਿਲਣ ਕਾਰਨ, ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਹੁੰਦੀ ਪ੍ਰੇਸ਼ਾਨੀ ਦੇ ਮੱਦੇਨਜ਼ਰ ਪਾਬੰਦੀ ਦੇ ਹੁਕਮ ਜਾਰੀ ਕੀਤੇ ਗਏ ਹਨ। ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਰੋਸ ਧਰਨਿਆਂ ਵਾਸਤੇ ਜ਼ਿਲ੍ਹੇ ਦੀਆਂ ਤਿੰਨਾਂ ਸਬ ਡਿਵੀਜ਼ਨਾਂ ਵਿਚ ਸਥਾਨ ਨਿਰਧਾਰਿਤ ਕੀਤੇ ਗਏ ਹਨ ਅਤੇ ਕੋਈ ਵੀ ਜਥੇਬੰਦੀ/ਯੂਨੀਅਨ ਇਨ੍ਹਾਂ ਸਥਾਨਾਂ 'ਤੇ ਸਥਾਨਕ ਪ੍ਰਸ਼ਾਸਨ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ ਰੋਸ ਪ੍ਰਦਰਸ਼ਨ ਨਹੀਂ ਕਰ ਸਕੇਗੀ।

## ਵਸੀਕਾ ਨਵੀਸ ਤੇ ਉਸ ਦਾ ਸਹਾਇਕ 2,25,000 ਰੁਪਏ ਦੀ ਰਿਸਵਤ ਲੈਣ ਦੇ ਦੋਸ਼ ਹੇਠ ਗ੍ਰਿਫਤਾਰ

ਚੰਡੀਗੜ੍ਹ 20 ਜੂਨ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ 'ਚ ਭ੍ਰਿਸਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਸਬ ਡਵੀਜਨ ਕਾਦੀਆਂ, ਜਿ਼ਲ੍ਹਾ ਗੁਰਦਾਸਪੁਰ ਵਿਖੇ ਕੰਮ ਕਰਦੇ ਕੰਵਰਪਾਲ ਸਿੰਘ (ਕੇ.ਪੀ.) ਵਸੀਕਾ ਨਵੀਸ (ਡੀਡ ਰਾਈਟਰ) ਅਤੇ ਉਸਦੇ ਸਹਾਇਕ ਨੂੰ 225000 ਰੁਪਏ ਰਿਸਵਤ ਦੀ ਮੰਗ ਕਰਨ ਅਤੇ ਲੈਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਵਸੀਕਾ ਨਵੀਸ ਅਤੇ ਉਸ ਦੇ ਨਿੱਜੀ ਸਹਾਇਕ ਨੂੰ ਕੁਲਵੰਤ ਸਿੰਘ ਵਾਸੀ ਪਿੰਡ ਸੇਰਪੁਰ, ਤਹਿਸੀਲ ਬਟਾਲਾ, ਜਿ਼ਲ੍ਹਾ ਗੁਦਾਸਪੁਰ (ਮੌਜੂਦਾ ਸਮੇਂ ਬਰਤਾਨੀਆ ਨਿਵਾਸੀ) ਵੱਲੋਂ ਮੁੱਖ ਮੰਤਰੀ ਭ੍ਰਿਸਟਾਚਾਰ ਵਿਰੋਧੀ ਐਕਸਨ ਲਾਈਨ ਪੋਰਟਲ 'ਤੇ ਦਰਜ ਕਰਵਾਈ ਗਈ ਆਨਲਾਈਨ ਸਿ਼ਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸਿ਼ਕਾਇਤਕਰਤਾ ਨੇ ਆਪਣੀ ਸਿ਼ਕਾਇਤ 'ਚ ਦੋਸ ਲਾਇਆ ਹੈ ਕਿ ਉਕਤ ਵਸੀਕਾ ਨਵੀਸ ਨੇ ਉਸਦੀ ਜੱਦੀ ਜਮੀਨ ਦੀ




ਮਲਕੀਅਤ (ਇੰਤਕਾਲ) ਉਸਦੇ ਨਾਂ ਕਰਵਾਉਣ ਬਦਲੇ ਉਸ ਕੋਲੋਂ 225000 ਰੁਪਏ ਦੀ ਰਿਸਵਤ ਲਈ ਸੀ। ਇਸ ਤੋਂ ਇਲਾਵਾ ਉਸ ਦੇ ਦਫਤਰ 'ਚ ਕੰਮ ਕਰਦੇ ਟਾਈਪਿਸਟ ਸੰਨੀ ਨੇ ਵੀ ਉਕਤ ਇੰਤਕਾਲ ਦਰਜ ਕਰਵਾਉਣ ਲਈ ਉਸ ਤੋਂ 70,000 ਰੁਪਏ ਦੀ ਮੰਗ ਕੀਤੀ ਸੀ। ਬੁਲਾਰੇ ਨੇ ਦੱਸਿਆ ਕਿ ਇਸ ਸਿ਼ਕਾਇਤ ਦੀ ਜਾਂਚ ਦੌਰਾਨ ਇਹ ਪਾਇਆ ਗਿਆ ਕਿ ਉਕਤ ਵਸੀਕਾ ਨਵੀਸ ਨੇ ਉਕਤ ਸਿ਼ਕਾਇਤਕਰਤਾ ਤੋਂ ਤਿੰਨ ਕਿਸਤਾਂ 'ਚ 225000 ਰੁਪਏ ਦੀ ਰਿਸਵਤ ਲਈ ਹੈ। ਇਸ ਤੋਂ ਇਲਾਵਾ ਉਸ ਦੇ ਨਿੱਜੀ ਸਹਾਇਕ ਸੰਨੀ ਨੇ ਸਿ਼ਕਾਇਤਕਰਤਾ ਤੋਂ 70,000 ਰੁਪਏ ਦੀ ਮੰਗ ਕੀਤੀ ਸੀ। ਜਾਂਚ ਤੋਂ ਬਾਅਦ ਦੋਵਾਂ ਮੁਲਜਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਇਸ ਮੁਕੱਦਮੇ 'ਚ ਸਬੰਧਤ ਹਲਕਾ ਪਟਵਾਰੀ ਅਤੇ ਨਾਇਬ ਤਹਿਸੀਲਦਾਰ ਦੀ ਭੂਮਿਕਾ ਦੀ ਜਾਂਚ ਵੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵਿਜੀਲੈਂਸ ਬਿਊਰੋ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸਟਾਚਾਰ ਰੋਕੂ ਕਾਨੂੰਨ ਅਧੀਨ ਕੇਸ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਰਾਮਲੱਲਾ ਦੇ ਦਰਸ਼ਨਾਂ ਲਈ ਗਏ ਬੱਚੇ ਹੋਏ ਲਾਪਤਾ, ਨਦੀ ਕੰਢਿਓਂ ਮਿਲੇ ਕੱਪੜੇ ਦੇਖ ਮਾਂ ਦਾ ਰੋ-ਰੋ ਹੋਇਆ ਬੁਰਾ ਹਾਲ

ਪਟਿਆਲਾ 20 ਜੂਨ। ਪਟਿਆਲਾ ਦੀ ਤੇਜਬਾਗ ਕਾਲੋਨੀ ਤੋਂ ਇਕ ਹੈਰਾਨ ਕਰਨ ਵਾਲੀ ਖਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਰਹਿਣ ਵਾਲੇ 2 ਬੱਚੇ ਭੇਤਭਰੀ ਹਾਲਤ 'ਚ ਲਾਪਤਾ ਹੋ ਗਏ ਹਨ। ਜਾਣਕਾਰੀ ਮੁਤਾਬਕ ਇਹ ਬੱਚੇ ਸੰਗਤਾਂ ਨਾਲ ਇਕ ਬੱਸ 'ਚ ਸਵਾਰ ਹੋ ਕੇ ਸ਼੍ਰੀ ਰਾਮ ਲੱਲਾ ਦੇ ਦਰਸ਼ਨਾਂ ਲਈ ਅਯੁੱਧਿਆ ਗਏ ਹੋਏ ਸਨ, ਜਿਸ ਤੋਂ ਬਾਅਦ ਉਹ ਅਚਾਨਕ ਲਾਪਤਾ ਹੋ ਗਏ ਹਨ। ਗੁੰਮਸ਼ੁਦਾ ਬੱਚੇ ਤੇਜਬਾਗ ਕਾਲੋਨੀ ਦੇ ਰਹਿਣ ਵਾਲੇ ਕਾਰਤਿਕ ਅਤੇ ਪ੍ਰਿੰਸ ਹਨ, ਜਿਨ੍ਹਾਂ ਦੇ ਲਾਪਤਾ ਹੋਣ 'ਤੇ ਪਰਿਵਾਰ ਵਾਲਿਆਂ ਦਾ ਰੋ-ਰੋ ਦੇ ਬੁਰਾ ਹਾਲ ਹੋ ਗਿਆ ਹੈ। ਜਿ਼ਕਰਯੋਗ ਹੈ ਕਿ ਸ਼ਹਿਰ ਦੀ ਤੇਜਬਾਗ ਕਾਲੋਨੀ ਤੋਂ 17 ਮਈ ਨੂੰ ਸ਼੍ਰੀ ਅਯੁੱਧਿਆ ਧਾਮ ਵਿਖੇ ਸ਼੍ਰੀ ਰਾਮ ਲੱਲਾ ਜੀ ਦੇ ਦਰਸ਼ਨਾਂ ਲਈ ਇਕ ਬੱਸ ਗਈ ਸੀ। ਇਸ ਬੱਸ 'ਚ ਸੰਗਤਾਂ ਨਾਲ ਪ੍ਰਿੰਸ ਅਤੇ ਕਾਰਤਿਕ ਵੀ ਸ਼ਾਮਲ ਸਨ ਤੇ 18 ਮਈ ਨੂੰ ਬੱਚੇ ਲਾਪਤਾ ਹੋ ਗਏ। ਇਸ ਤੋਂ ਬਾਅਦ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਪਰਿਵਾਰ ਵਾਲਿਆਂ ਨੂੰ ਦੋਵਾਂ ਬੱਚਿਆਂ ਦੇ ਕੱਪੜੇ ਨਦੀ ਦੇ ਕਿਨਾਰੇ ਤੋਂ ਮਿਲੇ ਹਨ। ਇਸ ਘਟਨਾ ਤੋਂ ਬਾਅਦ ਪਰਿਵਾਰਕ ਮੈਂਬਰਾਂ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਆਖਿਰ ਬੱਚੇ ਕਿੱਧਰ ਗਏ ? ਕਿਤੇ ਉਨ੍ਹਾਂ ਨਾਲ ਕੋਈ ਹਾਦਸਾ ਨਾ ਵਾਪਰ ਗਿਆ ਹੋਵੇ। ਪਰਿਵਾਰ ਵਾਲਿਆਂ ਵੱਲੋਂ ਬੱਚਿਆਂ ਦੀ ਭਾਲ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਵੱਲੋਂ ਪ੍ਰਸ਼ਾਸਨ ਅੱਗੇ ਵੀ ਬੱਚਿਆਂ ਦਾ ਪਤਾ ਲਗਾਉਣ ਦੀ ਗੁਹਾਰ ਲਗਾਈ ਜਾ ਰਹੀ ਹੈ।

## ਰੇਲ ਯਾਤਰੀ ਹੋ ਜਾਓ ਸਾਵਧਾਨ ! ਇਹ ਗਲਤੀ ਕਰਨ 'ਤੇ ਹੁਣ ਲੱਗੇਗਾ ਜੁਰਮਾਨਾ

ਜੈਤੋ 15 ਫਰਵਰੀ। ਉੱਤਰੀ ਰੇਲਵੇ ਦੇ ਫਿ਼ਰੋਜਪੁਰ ਰੇਲਵੇ ਡਵੀਜਨ ਦੇ ਸੀਨੀਅਰ ਕਮਰਸੀਅਲ ਮੈਨੇਜਰ ਪਰਮਦੀਪ ਸਿੰਘ ਸੈਣੀ ਨੇ ਸੁੱਕਰਵਾਰ ਨੂੰ ਕਿਹਾ ਕਿ ਜੇਕਰ ਕੋਈ ਯਾਤਰੀ ਰੇਲਵੇ ਕਾਊਂਟਰ ਤੋਂ ਯਾਤਰਾ ਟਿਕਟ ਲੈ ਕੇ ਟਿਕਟ ਕੈਂਸਲ ਕਰਵਾ ਲੈਂਦਾ ਹੈ ਤਾਂ ਉਸ ਨੂੰ ਤੁਰੰਤ ਰਿਫੰਡ ਮਿਲ ਜਾਂਦਾ ਹੈ। ਪਰ ਜੇਕਰ ਯਾਤਰੀ ਨੇ ਆਈਆਰਸੀਟੀਸੀ ਦੀ ਵੈੱਬਸਾਈਟ ਜਾਂ ਆਨਲਾਈਨ ਰਾਹੀਂ ਟਿਕਟ ਬੁੱਕ ਕੀਤੀ ਹੈ, ਤਾਂ ਰੱਦ ਹੋਣ 'ਤੇ ਪੈਸੇ ਵਾਪਸ ਲੈਣ ਵਿੱਚ ਸਮਾਂ ਲੱਗਦਾ ਹੈ। ਇਸ ਦੇ ਲਈ ਯਾਤਰੀ ਨੂੰ ਟਿਕਟ ਡਿਪਾਜਿ਼ਟ ਰਸੀਦ (ਟੀਡੀਆਰ) ਫਾਈਲ ਕਰਨੀ ਹੋਵੇਗੀ। ਇਸ ਤੋਂ ਇਲਾਵਾ, ਜੇਕਰ ਰੇਲਗੱਡੀ ਰੱਦ ਹੋ ਜਾਂਦੀ ਹੈ ਜਾਂ ਇਸਦਾ ਰੂਟ ਬਦਲਿਆ ਜਾਂਦਾ ਹੈ, ਤਾਂ ਯਾਤਰੀ ਨੂੰ ਟਿਕਟ ਰੱਦ ਕਰਨ ਲਈ ਟੀਡੀਆਰ ਫਾਈਲ ਕਰਨਾ ਪੈਂਦਾ ਹੈ। ਦਾ ਮਤਲਬ ਹੈ ਟਿਕਟ ਡਿਪਾਜਿ਼ਟ ਰਸੀਦ ਜਿਸਦੀ ਵਰਤੋਂ ਯਾਤਰੀ ਦੁਆਰਾ ਯਾਤਰਾ ਟਿਕਟ ਰੱਦ



ਕਰਨ ਤੋਂ ਬਾਅਦ ਰਿਫੰਡ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ। ਕਈ ਯਾਤਰੀਆਂ ਨੇ ਆਨਲਾਈਨ ਟਿਕਟਾਂ ਦੀ ਦੁਰਵਰਤੋਂ ਕੀਤੀ। ਆਨਲਾਈਨ ਟਿਕਟਾਂ ਦੇ ਮਾਮਲੇ 'ਚ ਯਾਤਰੀ ਟੀਡੀਆਰ ਫਾਈਲ ਕਰਦੇ ਸਨ ਅਤੇ ਟਰੇਨ 'ਚ ਸਫਰ ਵੀ ਕਰਦੇ ਸਨ, ਜਿਸ ਕਾਰਨ ਰੇਲਵੇ ਨੂੰ ਰਿਫੰਡ ਦੇ ਰੂਪ 'ਚ ਨੁਕਸਾਨ ਉਠਾਉਣਾ ਪੈ ਰਿਹਾ ਸੀ। ਹੁਣ ਰੇਲਵੇ ਬੋਰਡ ਦੇ ਨਵੇਂ ਨਿਯਮ ਮੁਤਾਬਕ ਜੇਕਰ ਕੋਈ ਯਾਤਰੀ ਟੀਡੀਆਰ ਭਰਨ ਤੋਂ ਬਾਅਦ ਰਿਜਰਵ ਸੀਟ 'ਤੇ ਸਫਰ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਨੂੰ ਬਿਨਾਂ ਟਿਕਟ ਦੇ ਮੰਨਿਆ ਜਾਵੇਗਾ ਅਤੇ ਰੇਲਵੇ ਨਿਯਮਾਂ ਦੇ ਮੁਤਾਬਕ ਚਾਰਜ ਕੀਤਾ ਜਾਵੇਗਾ। ਹੁਣ, ਟਿਕਟ ਚੈਕਿੰਗ ਸਟਾਫ ਐਚਐਚਟੀ (ਹੈਂਡ ਹੈਲਡ ਟਰਮੀਨਲ) ਮਸੀਨਾਂ ਨਾਲ ਲੈਸ ਹੈ, ਜਿਸ ਰਾਹੀਂ ਸੀਟ ਦੀ ਉਪਲਬਧਤਾ, ਉਡੀਕ ਟਿਕਟਾਂ ਅਤੇ ਹੋਰ ਜਾਣਕਾਰੀ ਅਸਲ ਸਮੇਂ ਵਿੱਚ ਉਪਲਬਧ ਹੋ ਜਾਂਦੀ ਹੈ। ਐਚਐਚਟੀ ਦੇ ਜਰੀਏ, ਟਿਕਟ ਚੈਕਿੰਗ ਸਟਾਫ ਟੀਡੀਆਰ ਦੀ ਦੁਰਵਰਤੋਂ ਕਰਨ ਵਾਲੇ ਯਾਤਰੀ ਦਾ ਆਸਾਨੀ ਨਾਲ ਪਤਾ ਲਗਾ ਸਕੇਗਾ।

## ਫ਼ਰੀਦਕੋਟ ਜੇਲ ਦੇ ਹਵਾਲਾਤੀ ਦੀ ਇਕ ਹੋਰ ਵੀਡੀਓ ਵਾਇਰਲ

ਫ਼ਰੀਦਕੋਟ 20 ਜੂਨ। ਸਥਾਨਕ ਜੇਲ ਵਿੱਚੋਂ ਲਗਭਗ ਤੀਸਰੀ ਵਾਰ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ ਜਿਸ'ਤੇ ਪੁਲਸ ਵੱਲੋਂ ਜੇਲ ਅਧਿਕਾਰੀਆਂ ਨਾਲ ਮਿਲ ਕੇ ਇਸਦੀ ਜਾਂਚ ਪੜਤਾਲ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਡੀ.ਐੱਸ.ਪੀ ਇਕਬਾਲ ਸਿੰਘ ਸੰਧੂ ਨੇ ਦੱਸਿਆ ਕਿ ਮੁੱਢਲੀ ਜਾਂਚ ਅਨੁਸਾਰ ਇਹ ਵੀਡੀਓ ਹਵਾਲਾਤੀ ਰਾਜਨ ਭੰਡਾਰੀ ਵਾਸੀ ਫਿਰੋਜ਼ਪੁਰ ਜਿਸ'ਤੇ 302, ਐੱਨ.ਡੀ.ਪੀ.ਐੱਸ ਅਤੇ ਹੋਰ ਸੰਗੀਨ ਮਾਮਲੇ ਦਰਜ ਹਨ ਦੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਜਦ ਪੁਸ਼ਟੀ ਲੈਣ ਲਈ ਜੇਲ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਹਵਾਲਾਤੀ ਤੋਂ ਪੁੱਛ-ਗਿੱਛ ਕੀਤੀ ਗਈ ਤਾਂ ਇਸਨੇ ਦੱਸਿਆ ਕਿ ਇਹ ਵੀਡੀਓ ਉਸਨੇ ਉਸ ਵੇਲੇ ਬਣਾਈ ਸੀ ਜਦੋਂ ਉਹ ਗੋਇੰਦਵਾਲ ਜੇਲ ਵਿਚ ਬੰਦ ਸੀ ਅਤੇ ਹਵਾਲਾਤੀ ਦੇ ਕਹਿਣ ਅਨੁਸਾਰ ਉਸਦੀ ਇਹ ਵੀਡੀਓ ਇਸਦੇ ਕਿਸੇ ਰਿਸ਼ਤੇਦਾਰ ਨੇ ਸ਼ੋਸ਼ਲ ਮੀਡੀਆ 'ਤੇ ਪਾਈ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਜੇਲ ਅਧਿਕਾਰੀਆਂ ਵੱਲੋਂ ਲਿਖਤੀ ਕਾਰਵਾਈ ਕਰਨ ਉਪਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਵਕੀਲ ਅਤੇ ਟਾਈਪਿਸਟ ਨੂੰ 5 ਹਥਿਆਰਬੰਦਾਂ ਨੇ ਬਣਾਇਆ ਨਿਸ਼ਾਨਾ, ਨਕਦੀ ਤੇ ਮੋਬਾਇਲ ਲੈ ਕੇ ਹੋਏ ਫਰਾਰ

ਤਰਨਤਾਰਨ 20 ਜੂਨ। ਅਦਾਲਤ ਜਾ ਰਹੇ ਵਕੀਲ ਅਤੇ ਉਸਦੇ ਟਾਈਪਿਸਟ ਨੂੰ ਪੰਜ ਹਥਿਆਰਬੰਦ ਲੁਟੇਰਿਆਂ ਵੱਲੋਂ ਨਿਸ਼ਾਨਾ ਬਣਾਉਣ ਦਾ ਮਾਮਲਾ ਸਾਹਮਣੇ ਆਇਆ ਹੈ, ਜੋ 6500 ਰੁਪਏ ਦੀ ਨਕਦੀ ਅਤੇ ਮੋਬਾਈਲ ਫੋਨ ਖੋਹ ਮੌਕੇ ਤੋਂ ਫਰਾਰ ਹੋ ਗਏ। ਇਸ ਸਬੰਧੀ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੀ ਪੁਲਸ ਨੇ ਪੰਜ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਨਵਨ ਕੁਮਾਰ ਪੁੱਤਰ ਓਮ ਪ੍ਰਕਾਸ਼ ਵਾਸੀ ਬਾਬਾ ਬਸਤਾ ਸਿੰਘ ਐਨਕਲੇਵ ਸਾਹਮਣੇ ਟੱਕਰ ਸਾਹਿਬ ਗੁਰਦੁਆਰਾ ਤਰਨਤਾਰਨ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਹ ਖਡੂਰ ਸਾਹਿਬ ਕਚਹਿਰੀ ਵਿਚ ਬਤੌਰ ਵਕੀਲ ਕੰਮ ਕਰ ਰਿਹਾ ਹੈ। ਬੀਤੇ ਕੱਲ ਉਹ ਆਪਣੇ ਟਾਈਪਿਸਟ ਗੁਰਜੀਤ ਸਿੰਘ ਸਮੇਤ ਆਪਣੀ ਸਕੂਟਰੀ 'ਤੇ ਸਵਾਰ ਹੋ ਖਡੂਰ ਸਾਹਿਬ ਜਾ ਰਹੇ ਸਨ। ਜਦੋਂ ਉਹ ਪਿੰਡ ਕੱਲਾ ਵਿਖੇ ਪੁਰਾਣੇ ਸ਼ੈਲਰ ਸਾਹਮਣੇ ਪੁੱਜੇ ਤਾਂ ਸਾਹਮਣੇ ਪਾਸਿਓਂ ਦੋ ਉਸਦੇ ਪਰਸ ਵਿਚੋਂ 3000 ਰੁਪਏ, ਮੋਬਾਈਲ ਫੋਨ ਅਤੇ ਟਾਈਪਿਸਟ ਗੁਰਜੀਤ ਸਿੰਘ ਦੇ ਪਰਸ ਵਿਚੋਂ




ਮੋਟਰਸਾਈਕਲ ਉਪਰ ਸਵਾਰ ਕੁੱਲ ਪੰਜ ਨਕਾਬ ਪੋਸ਼ ਵਿਅਕਤੀਆਂ ਨੇ ਉਸਦੀ ਸਕੂਟਰੀ ਰੋਕ ਲਈ ਜਿਨ੍ਹਾਂ ਵਿਚੋਂ ਇਕ ਨੇ ਹੱਥ ਵਿਚ ਫੜਿਆ ਪਿਸਤੌਲ ਉਸ ਤੋਂ ਉਪਰ ਤਾਣ ਦਿੱਤਾ। ਇਸ ਦੌਰਾਨ ਲੁਟੇਰਿਆਂ ਨੇ 3500 ਦੀ ਨਕਦੀ ਅਤੇ ਸਕੂਟਰੀ ਦੀ ਚਾਬੀ ਖੋਹ ਮੌਕੇ ਤੋਂ ਫਰਾਰ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੇ ਏ. ਐੱਸ. ਆਈ. ਜਸਬੀਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿਚ ਪੁਲਸ ਵੱਲੋਂ ਪੰਜ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

## ਕਾਰ ਸਵਾਰ ਵਿਅਕਤੀ ਨੂੰ ਮਾਰ ਦੇਣ ਦੀ ਨੀਯਤ ਨਾਲ ਕੀਤੇ ਫਾਇਰ

ਫਿਰੋਜ਼ਪੁਰ 20 ਜੂਨ। ਫਿਰੋਜ਼ਪੁਰ ਵਿਖੇ ਕਾਰ ਸਵਾਰ ਨੂੰ ਮਾਰ ਦੇਣ ਦੀ ਨੀਯਤ ਨਾਲ ਪਿਸਤੌਲ ਨਾਲ ਫਾਇਰ ਕਰਕੇ ਇਕ ਵਿਅਕਤੀ ਨੂੰ ਜ਼ਖਮੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧ ਵਿਚ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਨੇ 2 ਬਾਏ ਨੇਮ ਵਿਅਕਤੀਆਂ ਅਤੇ 5-6 ਅਣਪਛਾਤੇ ਵਿਅਕਤੀਆਂ ਖਿ਼ਲਾਫ 307, 148, 149 ਆਈਪੀਸੀ ਅਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਇਸ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਜਸਪਾਲ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਬਾਗ ਵਾਲੀ ਅਲੀ ਕੇ ਰੋਡ ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੇ ਚਾਚੇ ਦੇ ਮੁੰਡੇ ਸਾਗਰ ਉਰਫ ਬੱਗੀ ਪੁੱਤਰ ਜੱਸਾ ਸਿੰਘ ਵਾਸੀ ਬਸਤੀ ਬਾਗ ਵਾਲੀ ਅਲੀਕੇ ਰੋਡ ਸਿਟੀ ਫਿਰੋਜ਼ਪੁਰ ਨਾਲ ਆਪਣੀ ਕਾਰ ਆਈ-20 'ਤੇ ਸਵਾਰ ਹੋ ਕੇ ਬਾਬਾ ਖੇਤਰਪਾਲ ਦੇ ਮੱਥਾ ਟੇਕਣ ਜਾ ਰਿਹਾ ਸੀ। ਜਦ ਉਹ ਅਲੀ ਕੇ ਰੋਡ ਆਟਾ ਚੱਕੀ ਪਾਸ ਪੁੱਜੇ ਤਾਂ ਪਿੱਛੇ ਮੋਟਰਸਾਈਕਲ 'ਤੇ ਰਾਜਬੀਰ ਸਿੰਘ ਉਰਫ ਦਲੇਰ ਪੁੱਤਰ ਮਹਿੰਦਰ ਸਿੰਘ ਤੇ ਸੁੱਖੂ ਪੁੱਤਰ ਕਰਨੈਲ ਸਿੰਘ ਵਾਸੀਅਨ ਬਸਤੀ ਬਾਗ ਵਾਲੀ ਸਿਟੀ ਫਿਰੋਜ਼ਪੁਰ ਆ ਰਹੇ ਸੀ। ਨਾਲ ਹੀ 5-6 ਅਣਪਛਾਤੇ ਮੁੰਡੇ ਵੀ ਮੋਟਰਸਾਈਕਲਾਂ 'ਤੇ ਆ ਰਹੇ ਸੀ। ਜਸਪਾਲ ਸਿੰਘ ਨੇ ਦੱਸਿਆ ਕਿ ਰਾਜਬੀਰ ਸਿੰਘ ਦੇ ਹੱਥ ਪਿਸਤੌਲ ਫੜਿਆ ਹੋਇਆ ਸੀ। ਸੁੱਖੂ ਨੇ ਕਾਰ ਦੇ ਬਰਾਬਰ ਕਾਰ ਕਰਕੇ ਪਿਸਤੌਲ ਕੱਢ ਲਿਆ ਤੇ ਮਾਰ ਦੇਣ ਦੀ ਨੀਯਤ ਨਾਲ ਉਨ੍ਹਾਂ 'ਤੇ ਫਾਇਰ ਕੀਤੇ, ਜਿਨ੍ਹਾਂ ਵਿਚੋਂ ਇਕ ਫਾਇਰ ਸਾਗਰ ਉਰਫ ਬੱਗੀ ਦੇ ਸਿਰ ਵਿਚ ਲੱਗਾ। ਇਸ ਫਾਇਰਿੰਗ ਦੀ ਵਜ੍ਹਾ ਰੰਜਿ਼ਸ ਹੈ। ਉਹ ਇਸ ਕਰਕੇ ਕਿਉਂਕਿ ਸਾਗਰ ਉਰਫ ਬੱਗੀ ਕਿਸੇ ਮੁਕੱਦਮੇ ਵਿਚ ਜੇਲ੍ਹ ਵਿਚ ਬੰਦ ਸੀ, ਜਿਥੇ ਇਸ ਦਾ ਰਾਜਬੀਰ ਸਿੰਘ ਨਾਲ ਝਗੜਾ ਹੋ ਗਿਆ ਸੀ। ਜਸਪਾਲ ਸਿੰਘ ਨੇ ਦੱਸਿਆ ਕਿ ਸਾਗਰ ਦਾ ਇਲਾਜ ਅਨਿਲ ਬਾਗੀ ਹਸਪਤਾਲ ਵਿਚ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖਿ਼ਲਾਫ ਮਾਮਲਾ ਦਰਜ ਕਰ ਲਿਆ ਹੈ।

## 31 ਦਿਨ 5500 ਤੋਂ ਵੱਧ ਟਰੇਨਾਂ ਪ੍ਰਭਾਵਿਤ, ਰੇਲ ਵਿਭਾਗ ਦਾ ਹੋ ਰਿਹਾ ਲੱਖਾਂ ਦਾ ਨੁਕਸਾਨ

ਲੁਧਿਆਣਾ 20 ਜੂਨ। ਆਪਣੀਆਂ ਮੰਗਾਂ ਸਬੰਧੀ ਸ਼ੰਭੂ ਦੇ ਨੇੜੇ ਰੇਲਵੇ ਟ੍ਰੈਕ 'ਤੇ ਬੈਠੇ ਲੈ ਕੇ 17 ਮਈ ਨੂੰ 31 ਦਿਨ ਹੋ ਚੱਲੇ ਹਨ। ਕਿਸਾਨਾਂ ਦੇ ਇਸ ਧਰਨੇ ਕਾਰਨ ਜਿੱਥੇ ਰੇਲ ਵਿਭਾਗ ਨੂੰ ਹਰ ਰੋਜ਼ ਲੱਖਾਂ ਰੁਪਏ ਦਾ ਨੁਕਸਾਨ ਸਹਿਣਾ ਪੈ ਰਿਹਾ ਹੈ, ਉਥੇ ਰੇਲ ਯਾਤਰੀਆਂ ਨੂੰ ਵੀ ਭਾਰੀ ਪ੍ਰੇਸ਼ਾਨੀ ਝੱਲਣੀ ਪੈ ਰਹੀ ਹੈ। ਇਨ੍ਹਾਂ 31 ਦਿਨਾਂ 'ਚ 5500 ਤੋਂ ਵੱਧ ਟ੍ਰੇਨਾਂ ਪ੍ਰਭਾਵਿਤ ਹੋਈਆਂ, ਜਿਨ੍ਹਾਂ 'ਚੋਂ 2000 ਦੇ ਕਰੀਬ ਟਰੇਨਾਂ ਰੱਦ ਕੀਤੀਆਂ ਗਈਆਂ। ਜਦਕਿ 3000 ਤੋਂ ਵੱਧ ਟਰੇਨਾਂ ਨੂੰ ਡਾਇਵਰਟ ਅਤੇ 1000 ਦੇ ਕਰੀਬ ਟਰੇਨਾਂ ਨੂੰ ਸ਼ਾਰਟ ਟਰਮੀਨੇਟ ਕਰ ਕੇ ਚਲਾਇਆ ਗਿਆ ਹੈ। ਧਰਨੇ ਕਾਰਨ ਟਰੇਨਾਂ ਨੂੰ ਰੂਟ ਬਦਲ ਕੇ ਚਲਾਇਆ ਜਾ ਰਿਹਾ ਹੈ। ਜਿ਼ਆਦਾਤਰ ਟਰੇਨਾਂ ਨੂੰ ਸਾਹਨੇਵਾਲ ਤੋਂ ਵਾਇਆ ਚੰਡੀਗੜ੍ਹ, ਮੋਰਿੰਡਾ ਤੋਂ ਬੱਸੀ, ਸਮਰਾਲਾ, ਧੂਰੀ ਜਾਖਲ ਦੇ ਰੂਟ ਤੋਂ ਅੰਬਾਲਾ ਵੱਲ ਰਵਾਨਾ ਕੀਤਾ ਜਾ ਰਿਹਾ ਹੈ, ਜਿਸ ਕਾਰਨ ਹੀ ਟਰੇਨਾਂ 5 ਤੋਂ 10 ਘੰਟੇ ਦੇਰ ਨਾਲ ਚੱਲ ਰਹੀਆਂ ਹਨ। ਰੂਟ ਲੰਬਾ ਹੋਣ ਅਤੇ ਸਾਹਨੇਵਾਲ ਤੋਂ ਚੰਡੀਗੜ੍ਹ ਤੱਕ ਸਿੰਗਲ ਲਾਈਨ ਹੋਣ ਕਾਰਨ ਟਰੇਨਾਂ ਨੂੰ ਕਈ ਕਈ ਘੰਟੇ ਰੋਕ ਕੇ ਚਲਾਇਆ ਜਾ ਰਿਹਾ ਹੈ, ਜਿਸ ਕਾਰਨ ਵਿਭਾਗ ਨੂੰ ਫਿਊਲ ਦਾ ਜ਼ਿਆਦਾ ਖਰਚ ਸਹਿਣ ਕਰਨਾ ਪੈ ਰਿਹਾ ਹੈ, ਜਦੋਂਕਿ ਯਾਤਰੀਆਂ ਨੂੰ ਟਰੇਨਾਂ ਦੇ ਲੇਟ ਹੋਣ ਕਾਰਨ ਜ਼ਿਆਦਾ ਸਮਾਂ ਸਫਰ 'ਚ ਗੁਜ਼ਾਰਨਾ ਪੈ ਰਿਹਾ ਹੈ। ਯਾਤਰੀਆਂ ਨੂੰ ਟਰੇਨਾਂ ਦਾ ਇੰਤਜ਼ਾਰ ਕਰਨ ਲਈ ਕਈ ਕਈ ਘੰਟੇ ਪਲੇਟਫਾਰਮ 'ਤੇ ਗੁਜ਼ਾਰਨੇ ਪੈ ਰਹੇ ਹਨ। ਅੰਮ੍ਰਿਤਸਰ ਅਤੇ ਜੰਮੂ ਤੋਂ ਨਵੀਂ ਦਿੱਲੀ ਵੱਲ ਜਾਣ ਵਾਲੀਆਂ ਜਿਨ੍ਹਾਂ ਟਰਨਾਂ ਨੂੰ ਵਾਇਆ ਚੰਡੀਗੜ੍ਹ-ਅੰਬਾਲਾ



ਵੱਲ ਭੇਜਿਆ ਜਾ ਰਿਹਾ ਹੈ, ਉਨ੍ਹਾਂ ਵਿਚ ਸਫਰ ਕਰਨ ਵਾਲੇ ਯਾਤਰੀਆਂ ਨੂੰ ਸਾਹਨੇਵਾਲ ਤੋਂ ਚੰਡੀਗੜ੍ਹ ਤੱਕ ਕਈ ਘੰਟੇ ਗੁਜ਼ਾਰਨੇ ਪੈ ਰਹੇ ਹਨ। ਕਈ ਟਰੇਨਾਂ 'ਚ ਪੈਂਟਰੀ ਕਾਰ ਨਾ ਹੋਣ ਕਾਰਨ ਯਾਤਰੀਆਂ ਨੂੰ ਇਸ ਰੂਟ 'ਤੇ ਨਾ ਤਾਂ ਚਾਹ, ਨਾ ਪਾਣੀ ਅਤੇ ਨਾ ਹੀ ਖਾਣਾ ਮਿਲਦਾ ਹੈ। ਉਸ ਤੋਂ ਇਲਾਵਾ ਇਸ ਰੂਟ 'ਤੇ ਚੰਡੀਗੜ੍ਹ ਤੋਂ ਇਲਾਵਾ ਹੋਰ ਕੋਈ ਰੇਲਵੇ ਸਟੇਸ਼ਨਾਂ 'ਤੇ ਸਟਾਲ ਵੀ ਨਾ ਹੋਣ ਕਾਰਨ ਯਾਤਰੀਆਂ ਦਾ ਬੁਰਾ ਹਾਲ ਹੋ ਜਾਂਦਾ ਹੈ। ਯਾਤਰੀ ਬੇਸਬਰੀ ਨਾਲ ਵੈਂਡਰਾਂ ਦਾ ਇੰਤਜ਼ਾਰ ਕਰਦੇ ਰਹਿੰਦੇ ਹਨ ਅਤੇ ਜੇਕਰ ਕੋਈ ਦੂਜੀ ਲਾਈਨ 'ਤੇ ਟਰੇਨ ਆਉਂਦੀ ਹੈ ਤਾਂ ਉਸ ਵਿਚ ਮੌਜੂਦ ਪੈਂਟਰੀ ਵਾਲੇ ਵੈਂਡਰ ਹੀ ਸਹਾਰਾ ਬਣਦੇ ਹਨ। ਜ਼ਿਆਦਾ ਸਮੇਂ ਤੱਕ ਟਰੇਨਾਂ ਲੇਟ ਹੋਣ ਕਾਰਨ ਟਰੇਨਾਂ 'ਚ ਗੰਦਗੀ ਫੈਲ ਜਾਂਦੀ ਹੈ ਅਤੇ ਕਈ ਵਾਰ ਤਾਂ ਟਾਇਲੇਟ ਲਈ ਪਾਣੀ ਵੀ ਮੁਹੱਈਆ ਨਹੀਂ ਹੁੰਦਾ, ਜਿਸ ਨਾਲ ਜ਼ਿਆਦਾ ਸਮੱਸਿਆ ਪੈਦਾ ਹੋ ਜਾਂਦੀ ਹੈ। ਟਰੇਨਾਂ ਦੇ ਲੇਟ ਹੋਣ ਅਤੇ ਡਾਇਵਰਟ ਹੋਣ ਕਾਰਨ ਜ਼ਿਆਦਾਤਰ ਯਾਤਰੀ ਆਪਣੀਆਂ ਟਿਕਟਾਂ ਰੱਦ ਕਰਵਾ ਰਹੇ ਹਨ। ਅਧਿਕਾਰਤ ਸੂਤਰਾਂ ਮੁਤਾਬਕ ਇਕੱਲੇ ਫਿਰੋਜ਼ਪੁਰ ਮੰਡਲ ਵੱਲੋਂ ਯਾਤਰੀਆਂ ਨੂੰ 2 ਲੱਖ ਰੁਪਏ ਤੋਂ ਜ਼ਿਆਦਾ ਦਾ ਟਿਕਟ ਰਿਫੰਡ ਕੀਤਾ ਜਾ ਰਿਹਾ ਹੈ, ਜਿਸ ਦੇ ਲਈ ਸਪੈਸ਼ਲ ਕਾਊਂਟਰ ਚਲਾਏ ਜਾ ਰਹੇ ਹਨ, ਜਦੋਂਕਿ ਇਸ ਤੋਂ ਵੱਧ ਦਾ ਰਿਫੰਡ ਆਨਲਾਈਨ ਟਿਕਟ ਬੁਕ ਕਰਵਾਉਣ ਵਾਲੇ ਯਾਤਰੀਆਂ ਦਾ ਹੋ ਜਾਂਦਾ ਹੈ। ਇਸ ਧਰਨੇ ਕਾਰਨ ਰੇਲਵੇ ਦਾ ਕਮਰਸ਼ੀਅਲ ਵਿਭਾਗ ਵੀ ਘਾਟੇ 'ਚ ਜਾ ਰਿਹਾ ਹੈ, ਕਿਉਂਕਿ ਟਰੇਨਾਂ ਰੱਦ ਹੋਣ ਕਾਰਨ ਸਾਮਾਨ ਦੀ ਲੋਡਿੰਗ ਅਤੇ ਅਨ-ਲੋਡਿੰਗ ਨਹੀਂ ਹੋ ਰਹੀ। ਵਪਾਰੀਆਂ ਨੂੰ ਆਪਣਾ ਸਾਮਾਨ ਭੇਜਣ ਲਈ ਟ੍ਰਾਂਸਪੋਰਟਰਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ ਅਤੇ ਉਨ੍ਹਾਂ ਨੂੰ ਲਾਗਤ ਵੀ ਜ਼ਿਆਦਾ ਦੇਣੀ ਪੈ ਰਹੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

उत्तराखण्ड शासन

देवभूमि रजत उत्सव

# अंतर्राष्ट्रीय योग दिवस

## 21 जून, 2025 (शनिवार)

**थीम: "एक पृथ्वी, एक स्वास्थ्य के लिए योग"**



## विश्व के कल्याण के लिए
## देवभूमि में योग का उत्सव

## 11वें अंतर्राष्ट्रीय योग दिवस का राज्य स्तरीय कार्यक्रम

**दिनांक:** 21 जून, 2025, **समय:** प्रातः 07:00 बजे

**स्थान:** भराड़ीसैंण (गैरसैंण) विधानसभा परिसर, चमोली, उत्तराखण्ड

### मुख्य अतिथि

## पुष्कर सिंह धामी

मुख्यमंत्री, उत्तराखण्ड

### गरिमामयी उपस्थिति

- 10 देशों के राजदूत और आमजनमानस सहित एक हजार से अधिक अतिथि योगाभ्यास कार्यक्रम में सम्मिलित
- सभी सरकारी कार्यालयों और स्वास्थ्य केंद्रों के कर्मियों की सक्रिय भागीदारी
- व्यापक और भव्य रूप से मनाया जा रहा है प्रदेशभर में योग का उत्सव
- वैश्विक मंच तक योग को जीवनशैली और वैश्विक चेतना बनाने का संकल्प
- सिर्फ भारत ही नहीं, बल्कि पूरी दुनिया ने योग के चमत्कार को माना है





"योग भारत की प्राचीन और अमूल्य विरासत है। नियमित योग अभ्यास से तन मजबूत, मन शांत और आत्मा निर्मल होती है। योग को केवल एक आसन न समझें, इसे अपनी सोच और व्यवहार का अभिन्न अंग बनाएं। निरोगी शरीर और संतुलित जीवन के लिए योग एक अमिट उपहार है। आइए, 'अंतर्राष्ट्रीय योग दिवस' के अवसर पर माननीय प्रधानमंत्री नरेन्द्र मोदी जी की इस वैश्विक पहल को आगे बढ़ाएं। योग का वरदान, देश-दुनिया के जन-जन तक पहुंचाएं।"

**आप सभी को अंतर्राष्ट्रीय योग दिवस की हार्दिक शुभकामनाएं।**

**पुष्कर सिंह धामी**
मुख्यमंत्री, उत्तराखण्ड

**सूचना एवं लोक सम्पर्क विभाग, उत्तराखण्ड द्वारा जनहित में जारी**

www.uttarainformation.gov.in | DIPR_UK | UttarakhandDIPR | UttarakhandDIPR

# ਆਰ.ਓ. ਦਾ ਪਾਣੀ ਫੈਲਾਉਂਦਾ ਹੈ ਬਿਮਾਰੀਆਂ

**ਸੋਨੀਆ ਕੰਬੋਜ**

ਅਜੋਕੇ ਸਮੇਂ 'ਚ ਸਿਹਤ ਵਿਗਿਆਨੀਆਂ ਵਲੋਂ ਹੋਈਆਂ ਨਵੀਆਂ ਖੋਜਾਂ ਅਤੇ ਕਾਢਾਂ ਸਦਕਾ ਮਨੁੱਖ ਦੀ ਔਸਤ ਉਮਰ ਵੱਧੀ ਜ਼ਰੂਰ ਹੈ ਪਰ ਨਾਲ ਹੀ ਕੌੜਾ ਸੱਚ ਇਹ ਵੀ ਹੈ ਕਿ ਮਨੁੱਖੀ ਦੇਹ ਨੂੰ ਲਗਣ ਵਾਲੀਆਂ ਬਿਮਾਰੀਆਂ ਦੀ ਸੰਖਿਆ 'ਚ ਵੀ ਵਾਧਾ ਹੋਇਆ ਹੈ। ਭਾਰਤੀ ਵਾਤਾਵਾਰਨ, ਜੀਵਨ ਸ਼ੈਲੀ ਅਤੇ ਖਾਣ-ਪੀਣ 'ਚ ਹੋਏ ਵੱਡੇ ਪਰਿਵਰਤਨਾਂ ਨੇ ਕਈ ਪ੍ਰਕਾਰ ਦੇ ਰੋਗਾਂ ਨੂੰ ਆਪ ਸਹੇੜਿਆ ਹੈ। ਵਾਤਾਵਰਨ 'ਚ ਫੈਲ ਰਿਹਾ ਪ੍ਰਦੂਸ਼ਣ ਅਤੇ ਜੰਕ ਫੂਡ ਵੱਡੀ ਭੂਮਿਕਾ ਨਿਭਾਅ ਰਹੇ ਹਨ। ਆਰ.ਓ. ਦਾ ਪਾਣੀ ਤੇ ਰਿਫ਼ਾਇੰਡ 'ਚ ਤਲ਼ਿਆ ਹੋਇਆ ਭੋਜਨ ਕਾਰਨ ਅੱਜ ਲੱਖਾਂ ਭਾਰਤੀ ਜੋੜਾਂ ਦੇ ਦਰਦ ਤੇ ਹੱਡੀਆਂ ਦੇ ਰੋਗ ਨਾਲ ਜੂਝ ਰਹੇ ਹਨ। ਆਰ.ਓ.ਰਾਹੀਂ ਫਿਲਟਰ ਕੀਤੇ ਪਾਣੀ 'ਚ ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਕਈ ਹੋਰ ਜ਼ਰੂਰੀ ਖਣਿਜ ਪਦਾਰਥ ਬਾਹਰ ਨਿਕਲ ਜਾਂਦੇ ਹਨ। ਪੀਤਾ ਜਾਣ ਵਾਲਾ ਪਾਣੀ ਸਿਹਤ ਦਾ ਫ਼ਾਇਦਾ ਘੱਟ ਤੇ ਨੁਕਸਾਨ ਵੱਧ ਕਰਨ ਲਗ ਜਾਂਦਾ ਹੈ। ਦੁੱਖ ਦੀ ਗੱਲ ਇਹ ਹੈ ਕਿ ਪਾਣੀ 'ਚੋ ਨਿਕਲੇ ਕੈਲਸ਼ੀਅਮ ਅਤੇ ਮੈਗਨੀਸ਼ੀਅਮ ਦੀ ਘਾਟ ਦੂਜੇ ਖਾਣਯੋਗ ਪਦਾਰਥ ਵੀ ਪੂਰੀ ਨਹੀਂ ਕਰ ਪਾਉਂਦੇ।

ਸਿੱਟ ਵੱਜੋ ਹੱਡੀਆਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿਹਤ ਮਾਹਿਰਾਂ ਦਾ ਮੰਨਣਾ ਹੈ ਕਿ ਪਾਣੀ ਦਾ ਸੁਆਦਲਾਪਨ ਹੀ ਉਸਦੇ ਸਿਹਤਮੰਦ ਹੋਣ ਦੀ ਨਿਸ਼ਾਨੀ ਹੈ। ਕੌੜਾ ਪਾਣੀ



ਸਿਹਤ ਲਈ ਠੀਕ ਨਹੀਂ ਹੁੰਦਾ ਚਾਹੇ ਉਹ ਆਰ.ਓ ਤੋਂ ਆਇਆ ਹੋਵ ਤੇ ਚਾਹੇ ਕਿਸ ਵੱਡੀ ਕੰਪਨੀ ਵੱਲੋ ਪੇਸ਼ ਕੀਤਾ ਬੋਤਲਬੰਦ ਪਾਣੀ ਕਿਉਂ ਨਾ ਹੋਵ। ਆਰ.ਓ ਦਾ ਪਾਣੀ ਪੀਣਾ ਭਾਵ ਬਿਮਾਰੀਆਂ ਨੂੰ ਸਦਾ ਦੇਣ ਵਾਲੀ ਗੱਲ ਹੋ ਜਾਂਦੀ ਹੈ।

ਖੁੱਲ੍ਹੇ 'ਚ ਪਖ਼ਾਨਾ ਕਰਨ ਦਾ ਰੁਝਾਨ ਪੇਂਡੂ ਖੇਤਰਾਂ 'ਚ ਵੱਧ ਤੇ ਸ਼ਹਿਰੀ ਖੇਤਰਾਂ 'ਚ ਬਹੁਤ ਘੱਟ ਪਾਇਆ ਜਾਂਦਾ ਹੈ। ਖੁੱਲ੍ਹੇ ਸਥਾਨ 'ਤੇ ਕੀਤੇ ਪਖ਼ਾਨੇ 'ਤੇ ਮੱਖੀਆਂ ਤੇ ਮੱਛਰ ਮੰਡਰਾਉਂਦੇ ਹਨ ਜੋ ਬਾਅਦ ਵਿਚ ਮਨੁੱਖੀ ਭੋਜਨ ਜਾਂ ਮਨੁੱਖੀ ਸਰੀਰ ਦੇ ਸੰਪਰਕ ਵਿਚ ਆ ਕੇ ਭੋਜਨ ਨੂੰ ਦੂਸ਼ਿਤ ਅਤੇ ਸਰੀਰ ਨੂੰ ਰੋਗੀ ਬਣਾ ਦਿੰਦੇ ਹਨ। ਖ਼ਾਸ ਕਰ ਕੇ ਨਿੱਕੀ ਉਮਰ ਦੇ ਬੱਚੇ ਇਸ ਦਾ ਛੇਤੀ ਸ਼ਿਕਾਰ ਹੋ ਜਾਂਦੇ ਹਨ। ਸਿਹਤ ਵਿਗਿਆਨੀਆਂ ਵੱਲੋਂ ਪੇਸ਼ ਕੀਤੇ ਅੰਕੜਿਆਂ ਅਨੁਸਾਰ ਪਖ਼ਾਨੇ 'ਤੇ ਬੈਠੀ ਹਰੇਕ ਮੱਖੀ ਦੀ ਇਕ ਲੱਤ ਨੂੰ 15 ਮਿਲੀਗ੍ਰਾਮ ਦੇ ਕਰੀਬ ਗੰਦਗੀ ਚੰਬੜਦੀ ਹੈ ਤੇ ਮੱਖੀ ਦੀਆਂ ਛੇ ਲੱਤਾਂ ਹੋਣ ਕਾਰਨ ਇਕ ਮੱਖੀ 90 ਮਿਲੀਗ੍ਰਾਮ ਗੰਦਗੀ ਨੂੰ ਮਨੁੱਖੀ ਭੋਜਨ ਅਤੇ ਮਨੁੱਖੀ ਸਰੀਰ ਦੇ ਸੰਪਰਕ ਵਿਚ ਲਿਆਉਂਦੀ ਹੈ।

ਅਣਢੱਕੇ ਭੋਜਨ 'ਤੇ ਬੈਠੀਆਂ ਅਨੇਕਾਂ ਮੱਖੀਆਂ ਵੱਲੋ ਫੈਲਾਈ ਜਾਂਦੀ ਗੰਦਗੀ ਤੇ ਬਿਮਾਰੀ ਦਾ ਅੰਦਾਜ਼ਾ ਸਹਿਜ ਹੀ ਲਗਾਇਆ ਜਾ ਸਕਦਾ ਹੈ। ਇਸ ਕਰਕੇ ਖਾਣ-ਪੀਣ ਤੇ ਆਪਣੇ ਆਲੇ-ਦੁਆਲੇ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ ਤਾਂ ਹੀ ਅਸੀਂ ਇਨ੍ਹਾਂ ਬਿਮਾਰੀਆਂ ਤੋਂ ਨਿਜਾਤ ਪਾ ਕੇ ਤੰਦਰੁਸਤ ਰਹਿ ਸਕਦੇ ਹਾਂ।

---

# ਤੰਬਾਕੂ ਨੇ ਲਈਆਂ ਅਣਗਿਣਤ ਜਾਨਾਂ

**ਤੰਬਾਕੂ ਵਿਰੋਧੀ ਦਿਵਸ 'ਤੇ ਵਿਸ਼ੇਸ਼**

**ਧਰਮਿੰਦਰ ਸਿੰਘ**





ਪਿਛਲੇ ਸਾਲ ਸਰਕਾਰ ਨੇ ਤੰਬਾਕੂ ਉਤਪਾਦਾਂ 'ਤੇ ਵੈਟ 50 ਫ਼ੀਸਦੀ ਤੋਂ ਘਟਾ ਕੇ 20 ਫ਼ੀਸਦੀ ਕਰ ਦਿੱਤਾ, ਇਸ ਤਰ੍ਹਾਂ ਕਰਨ ਨਾਲ ਸਗੋਂ ਇਸ ਦੀ ਵਰਤੋਂ ਹੋਰ ਜ਼ਿਆਦਾ ਵਧੇਗੀ ਨਾ ਕਿ ਘਟੇਗੀ। ਜੇ ਤੰਬਾਕੂ ਉਤਪਾਦਾਂ 'ਤੇ ਵੈਟ ਘਟਾਉਣ ਦੀ ਬਜਾਏ ਵਧਾਇਆ ਜਾਵੇ ਤਾਂ ਹਰ ਸਾਲ ਵੀਹ ਕਰੋੜ ਤੋਂ ਵੀ ਵੱਧ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਨਸ਼ੇ ਰੂਪੀ ਕੋਹੜ ਨਾਲ ਸੰਸਾਰ ਬੁਰੀ ਤਰ੍ਹਾਂ ਲਿੱਪਤ ਹੋ ਚੁੱਕਾ ਹੈ। ਇਹ ਇਕ ਇਸ ਤਰ੍ਹਾਂ ਦਾ ਜ਼ਹਿਰ ਹੈ ਜੋ ਇਨਸਾਨ ਨੂੰ ਅੰਦਰੋਂ-ਅੰਦਰੀ ਖ਼ਤਮ ਕਰ ਦਿੰਦਾ ਹੈ। ਸਮੇਂ ਦੀਆਂ ਸਰਕਾਰਾਂ ਤੇ ਪੁਲਿਸ ਪ੍ਰਸ਼ਾਸਨ ਚਾਹੇ ਤਾਂ ਨਸ਼ੇ 'ਤੇ ਕਾਬੂ ਪਾ ਸਕਦੀਆਂ ਹਨ। ਨਸ਼ੇ ਦੀਆਂ ਦੁਕਾਨਾਂ ਬੰਦ ਹੋ ਸਕਦੀਆਂ ਹਨ। ਅੱਜਕੱਲ੍ਹ ਨੱਸ਼ਈ ਬਹੁਤ ਸਾਰੀਆਂ ਚੀਜ਼ਾਂ ਨਸ਼ੇ ਦੇ ਰੂਪ ਵਿਚ ਲੈ ਰਹੇ ਹਨ। ਇੰਨ੍ਹਾਂ ਵਿੱਚੋ ਹੀ ਇਕ ਜ਼ਹਿਰ 'ਤੰਬਾਕੂ' ਹੈ। ਇਸ ਨਸ਼ੇ ਨਾਲ ਅੱਜ ਤਕ ਲੱਖਾਂ ਮੌਤਾਂ ਹੋ ਚੁੱਕੀਆਂ ਹਨ। 2003 ਵਿਚ ਇਕ ਕਾਨੂੰਨ ਬਣਾਇਆ ਗਿਆ ਸੀ। ਸਿਹਤ ਵਿਭਾਗ ਨੇ 2 ਅਕਤੂਬਰ 2008 ਨੂੰ ਪੰਜਾਬ ਵਿਚ ਗਾਂਧੀ ਜੈਅੰਤੀ ਮੌਕੇ ਇਸ ਕਾਨੂੰਨ ਨੂੰ ਲਾਗੂ ਕੀਤਾ ਸੀ, ਕਾਨੂੰਨ ਲਾਗੂ ਹੋਣ ਤੋ ਲੈ ਕੇ ਅੱਜ ਤਕ ਚਲਾਨ ਕੱਟ ਕੇ ਜੋ ਰਕਮ ਇੱਕਠੀ ਕੀਤੀ ਗਈ। ਉਸ ਤੋ ਜ਼ਿਆਦਾ ਕਿਤੇ ਜਾਗਰੂਕਤਾ ਤੇ ਖ਼ਰਚ ਕੀਤੀ ਜਾ ਚੁੱਕੀ ਹੈ ਕਿਉਂਕਿ ਵਿਭਾਗ ਵੱਲੋਂ ਜ਼ਿਆਦਾਤਰ ਚਲਾਨ 'ਤੰਬਾਕੂ ਵਿਰੋਧੀ ਦਿਵਸ' ਜਾਂ 'ਗਾਂਧੀ ਜੈਅੰਤੀ' ਮੌਕੇ ਹੀ ਕੱਟੇ ਜਾਂਦੇ ਹਨ। ਫਿਰ ਸਾਰਾ ਸਾਲ ਵਿਭਾਗ ਇਹ ਜ਼ਹਿਮਤ ਨਹੀਂ ਉਠਾਉਂਦਾ ਪਰ ਪ੍ਰਿੰਟ ਮੀਡੀਆ ਵਿਚ ਇਸ ਗੱਲ ਦਾ ਰੋਲਾ ਪਾਉਣ 'ਤੇ ਪਿਛਲੇ ਸਾਲਾਂ ਤੋਂ ਮਹਿਕਮਾ ਕੁੰਭਕਰਨੀ ਨੀਂਦ ਤੋਂ ਜਾਗਿਆ ਹੈ ਤੇ ਥੋੜ੍ਹੀ ਬਹੁਤ ਹੁਸ਼ਿਆਰੀ ਦਿਖਾ ਰਿਹਾ ਹੈ। 31 ਮਈ ਨੂੰ 'ਤੰਬਾਕੂ ਦਿਵਸ' ਮਨਾਇਆਂ ਜਾਂਦਾ ਹੈ। ਦੇਸ਼ ਵਿਚ ਹਰ ਸਾਲ ਤੰਬਾਕੂ ਤੋਂ ਹੋਣ ਵਾਲੀਆਂ ਬਿਮਾਰੀਆਂ ਦੀ ਖੋਜ ਤੇ ਇਲਾਜ ਲਈ 2500 ਕਰੋੜ ਰੁਪਏ ਦੇ ਲਗਪਗ ਖ਼ਰਚ ਹੁੰਦੇ ਹਨ ਜੋ ਕਿ ਇਸ ਉਤਪਾਦ ਦੀ ਆਮਦਨ ਤੋਂ 9 ਕਰੋੜ ਘਾਟੇ ਦਾ ਸੌਦਾ ਹੈ। ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ ਪਬਲਿਕ ਥਾਵਾਂ, ਕਾਲਜਾਂ, ਸਕੂਲਾਂ ਤੇ ਧਾਰਮਿਕ ਅਸਥਾਨਾਂ ਦੇ ਨੇੜੇ ਇਸ ਉਤਪਾਦ ਦੀ ਇਸ਼ਤਿਹਾਰਬਾਜ਼ੀ ਜਾਂ ਦੁਕਾਨਾਂ ਦੀ ਸਖ਼ਤ ਮਨਾਹੀ ਹੈ। ਸਿਗਰੇਟ ਅਤੇ ਤੰਬਾਕੂ ਉਤਪਾਦ ਐਕਟ, 2003 ਦੀ ਧਾਰਾ 6 ਲਾਗੂ ਕੀਤੀ ਹੈ ਕਿ ਜਿੱਥੇ ਇਹ ਉਤਪਾਦ ਵੇਚੇ ਜਾਣੇ ਹਨ, ਉੱਥੇ ਬੋਰਡ ਪ੍ਰਦਰਸ਼ਿਤ ਕਰਨਾ ਜ਼ਰੂਰੀ ਹੁੰਦਾ ਹੈ। 50 ਫ਼ੀਸਦੀ ਨੂੰ ਕਵਰ ਕਰਦੀ ਮੂਲ ਪਾਠ ਸੰਬੰਧੀ ਚੇਤਾਵਨੀ ਕਿ 'ਅਠਾਰਾਂ ਸਾਲ ਤੋਂ ਘੱਟ ਉਮਰ ਵਾਲੇ ਵਿਆਕਤੀ ਨੂੰ ਤੰਬਾਕੂ ਉਤਪਾਦਾਂ ਦੀ ਵਿਕਰੀ ਇਕ ਸਜ਼ਾ ਯੋਗ ਅਪਰਾਧ ਹੈ। ਸਹਿਤ ਬੋਰਡ 'ਤੇ 50ਫ਼ੀਸਦੀ ਤੇ ਸਿਹਤ ਵਿਭਾਗ ਵੱਲੋਂ ਤੰਬਾਕੂ ਦੇ ਮਾਰੂ ਪ੍ਰਭਾਵਾਂ ਨੂੰ ਦਰਸਾਉਂਦਾ ਇਕ ਚਿੱਤਰ ਵੀ ਪ੍ਰਦਰਸ਼ਿਤ ਕਰਨਾ ਹੁੰਦਾ ਹੈ। ਅਜਿਹਾ ਕੁੱਝ ਵੀ ਨਹੀਂ ਕੀਤਾ ਜਾਂਦਾ ਤੇ ਕਾਨੂੰਨ ਦੀਆਂ ਰੱਜ ਕੇ ਧੱਜੀਆਂ ਉਡਾਈਆਂ ਜਾਦੀਆਂ ਹਨ। ਉਲੰਘਣਾ ਕਰਨ ਵਾਲੇ ਨੂੰ 200 ਰੁਪਏ ਜ਼ੁਰਮਾਨਾ ਅਤੇ ਸਜ਼ਾ ਹੁੰਦੀ ਹੈ ਜੋ ਕਿ ਬਹੁਤ ਘੱਟ ਹੈ। ਤੰਬਾਕੂ ਦੇ ਸੇਵਨ ਨਾਲ ਦੋ ਦਰਜਨ ਦੇ ਕਰੀਬ ਭਿਆਨਕ ਬਿਮਾਰੀਆਂ ਹੋ ਸਕਦੀਆਂ ਹਨ। ਇਸ ਨਾਲ ਮੂੰਹ ਵਿਚਲੇ ਅੰਗ ਜੀਭ, ਗਲ਼ਾ, ਸਾਹ ਨਾਲੀ, ਗਲ਼ੇ ਦੀ ਘੰਡੀ ਤੇ ਮਸੂੜਿਆਂ ਦਾ ਕੈਂਸਰ ਹੋ ਜਾਂਦਾ ਹੈ। ਸੁਆਦ ਗ੍ਰੰਥੀਆਂ ਨੂੰ ਨੁਕਸਾਨ ਪਹੁੰਚਦਾ ਹੈ। 'ਤੰਬਾਕੂ' ਦਾ ਸੇਵਨ ਕਰਨ ਵਾਲੇ ਨੂੰ ਛੂਤ ਦੀਆਂ ਬਿਮਾਰੀਆਂ ਆਮ ਆਦਮੀ ਨਾਲੋਂ ਜ਼ਿਆਦਾ ਘੇਰਦੀਆਂ ਹਨ। ਟੀ.ਬੀ ਦਾ ਖ਼ਤਰਾ ਬਣਿਆ ਰਹਿੰਦਾ ਹੈ। ਜ਼ੁਕਾਮ, ਖਾਂਸੀ, ਨਿਮੋਨੀਆ ਤੇ ਸਾਹਾਂ ਨਾਲ ਸੰਬੰਧਿਤ ਹੋਰ ਬਹੁਤ ਸਾਰੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ। ਇਸ ਦੇ ਸੇਵਨ ਨਾਲ ਆਦਮੀ ਦੀ ਯਾਦਸ਼ਕਤੀ ਘੱਟ ਜਾਂਦੀ ਹੈ ਤੇ ਚੱਕਰ ਆਉਣੇ ਸ਼ੁਰੂ ਹੋ ਜਾਂਦੇ ਹਨ। ਪਿਸ਼ਾਬ ਦੀ ਥੈਲੀ ਦਾ ਕੈਂਸਰ, ਗੁਰਦਿਆਂ ਦਾ ਕੈਂਸਰ, ਮਿਹਦੇ ਦਾ ਕੈਂਸਰ, ਮਸੂੜਿਆਂ ਨੂੰ ਸੋਜ਼, ਦੰਦਾਂ ਨੂੰ ਕੀੜਾ ਲੱਗ ਜਾਣਾ ਤੇ ਮੂੰਹ ਵਿੱਚੋਂ ਬਦਬੂ ਆਉਣੀ ਸ਼ੁਰੂ ਹੋ ਜਾਂਦੀ ਹੈ। ਬੀੜੀ, ਸਿਗਰੇਟ ਜਾਂ ਤੰਬਾਕੂ ਪੀਣ ਵਾਲਾ ਆਦਮੀ ਜੇ ਖੁੱਲ੍ਹੇ 'ਚ ਇਸ ਦਾ ਇਸਤੇਮਾਲ ਕਰਦਾ ਹੈ ਤਾਂ ਉਹ ਵਾਤਾਵਰਨ ਵੀ ਦੂਸ਼ਿਤ ਕਰ ਰਿਹਾ ਹੁੰਦਾ ਹੈ। ਘਰ ਦੇ ਬੱਚੇ, ਜਾਨਵਰਾਂ ਨੂੰ ਵੀ ਰੋਗੀ ਕਰ ਦਿੰਦਾ ਹੈ। ਔਰਤਾਂ (ਜੋ ਸੇਵਨ ਕਰਦੀਆਂ ਹਨ) ਦਾ ਗਰਭ ਗਿਰ ਸਕਦਾ ਹੈ ਬੱਚਾ ਮਰਿਆ ਜਾਂ ਅਪਾਹਜ ਪੈਦਾ ਹੋ ਸਕਦਾ ਹੈ। ਲੱਖਾਂ ਲੋਕੀ ਇਸ ਦੀ ਗ੍ਰਿਫਤ 'ਚ ਆ ਚੁੱਕੇ ਹਨ। ਇਸ ਵਿਚ ਦੋ ਦਰਜਨ ਦੇ ਕਰੀਬ ਜ਼ਹਿਰ ਪਾਏ ਜਾਂਦੇ ਹਨ। ਇੰਨ੍ਹਾਂ ਵਿੱਚੋ ਨਿਕੋਟੀਨ ਨਾਂ ਦਾ ਜ਼ਹਿਰ ਪ੍ਰਮੁੱਖ ਹੈ, ਜਿਸਦੀ ਸ਼ਾਇਦ ਕਿਸੇ ਵੱਡੇ ਜਾਨਵਰ (ਘੋੜੇ) ਨੂੰ ਮਾਰਨ ਲਈ ਇਕ ਬੂੰਦ ਹੀ ਕਾਫ਼ੀ ਹੁੰਦੀ ਹੈ। ਇਸ ਵਿਚ ਹੋਰ ਕਾਰਬਨ ਮੋਨੋਆਕਸਾਈਡ, ਆਰਸੈਨਿਕ, ਐਕਰੋਲੀਨ, ਕਾਰਬਨ ਡਾਈਆਕਸਾਈਡ, ਪਾਇਰੀਡੀਨ, ਤਾਰ, ਅਮੋਨੀਆ ਅਤੇ ਕਾਰਬੋਲਿਕ ਐਸਿਡ ਜਦੋਂ ਸਰੀਰ ਦੇ ਅੰਦਰ ਜਾਂਦੀ ਹੈ ਤਾਂ ਇਹ ਲਹੂ ਦੇ ਹੀਮੋਗਲੋਬਿਨ ਨਾਲ ਮਿਲ ਕੇ ਇਕ ਹੋਰ ਜ਼ਹਿਰੀਲਾ ਤੇ ਖ਼ਤਰਨਾਕ ਤੱਤ ਬਣਾਉਂਦੀ ਹੈ। ਜਿਸ ਨਾਲ ਸਰੀਰ ਦੇ ਸਾਰੇ ਅੰਗਾਂ ਵਿਚ ਲਹੂ ਪੂਰਾ ਨਹੀਂ ਪਹੁੰਚਦਾ ਤੇ ਸਾਹ ਲੈਣ ਵਿਚ ਤਕਲੀਫ਼ ਆਉਂਦੀ ਹੈ। ਦਿਲ ਤੇ ਦਿਮਾਗ਼ ਨੂੰ ਵੀ ਲਹੂ ਪੂਰੀ ਤਰ੍ਹਾਂ ਨਹੀਂ ਪਹੁੰਚਦਾ। ਦਿਲ ਦੀਆਂ ਨਸਾਂ ਟਾਈਟ ਹੋ ਜਾਂਦੀਆਂ ਹਨ। ਜਿਸ ਨਾਲ ਦਿਲ ਦੇ ਦੌਰੇ ਦਾ ਖ਼ਤਰਾ ਬਣਿਆ ਰਹਿੰਦਾ ਹੈ। ਬਲੱਡ ਪ੍ਰੈਸ਼ਰ ਵੀ ਹਾਈ ਹੋ ਜਾਂਦਾ ਹੈ, ਸਟਰੋਕ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਨਾਲ ਦਮਾ ਤੇ ਅੱਖਾਂ 'ਤੇ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ।

> ਤੰਬਾਕੂ ਨਾਲ ਮੂੰਹ ਵਿਚਲੇ ਅੰਗ-ਜੀਭ, ਗਲ਼ਾ, ਸਾਹ ਨਾਲੀ, ਗਲ਼ੇ ਦੀ ਘੰਡੀ ਤੇ ਮਸੂੜਿਆਂ ਦਾ ਕੈਂਸਰ ਹੋ ਸਕਦਾ ਹੈ। ਇਸ ਦਾ ਸੇਵਨ ਕਰਨ ਵਾਲੇ ਨੂੰ ਛੂਤ ਦੀਆਂ ਬਿਮਾਰੀਆਂ ਜ਼ਿਆਦਾ ਘੇਰਦੀਆਂ ਹਨ। ਜ਼ੁਕਾਮ, ਖਾਂਸੀ, ਨਿਮੋਨੀਆ ਤੇ ਸਾਹਾਂ ਨਾਲ ਸੰਬੰਧਿਤ ਹੋਰ ਬਹੁਤ ਸਾਰੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ...

'ਤੰਬਾਕੂ' ਵਿਚ ਜੋ 'ਤਾਰ' ਤੱਤ ਹੈ, ਉਸ ਨਾਲ ਫੇਫੜਿਆਂ ਦਾ ਕੈਂਸਰ ਹੋ ਸਕਦਾ ਹੈ। ਇਕ ਹੋਰ ਦੂਜਾ ਤੱਤ 'ਐਲੀਜ਼ੀਨ' ਕਰ ਕੇ ਪੈਰਾਂ ਦੀਆਂ ਉਂਗਲੀਆਂ ਗਲਣੀਆਂ ਸ਼ੁਰੂ ਹੋ ਜਾਂਦੀਆਂ ਹਨ। ਦਿਲ ਦੀ ਧੜਕਣ ਵਧਦੀ ਰਹਿੰਦੀ ਹੈ। ਹਰ ਰੋਜ਼ 12,000 ਦੇ ਕਰੀਬ ਅਰਥਾਤ ਹਰ ਸਾਲ 43,80,000 ਤੋਂ ਵੀ ਜ਼ਿਆਦਾ ਲੋਕਾਂ ਦੀਆਂ ਮੌਤਾਂ ਤੰਬਾਕੂ ਦੇ ਸੇਵਨ ਕਰ ਕੇ ਹੋ ਜਾਂਦੀਆਂ ਹਨ। ਪੂਰੇ ਸੰਸਾਰ ਵਿਚ ਜਿੰਨ੍ਹੇ ਨਸ਼ਈ ਮਰਦੇ ਹਨ, ਉਸਦਾ 32ਫ਼ੀਸਦੀ ਭਾਰਤੀ ਹੁੰਦੇ ਹਨ। ਤੰਬਾਕੂ ਇਕ ਇਸ ਤਰ੍ਹਾਂ ਦਾ ਜ਼ਹਿਰ ਹੈ ਜੋ ਜਨਮ-ਦਰ-ਜਨਮ ਅੱਗੇ ਔਲਾਦ ਵਿਚ ਵੀ ਇਸਦੇ ਜ਼ਰਾਸੀਮ ਪਾਏ ਜਾਂਦੇ ਹਨ। ਇਹ ਜ਼ਿਆਦਾਤਰ ਕਾਲਜਾਂ ਦੇ ਮੁੰਡੇ, ਕੁੜੀਆਂ, ਟਰੱਕ ਡਰਾਈਵਰ, ਬਿਹਾਰੀ (ਬਈਏ ਲੋਕ) ਤੇ ਮਜ਼ਦੂਰ ਲੋਕ ਇਸ ਦੀ ਜ਼ਿਆਦਾ ਵਰਤੋਂ ਕਰਦੇ ਹਨ। ਇਸ ਨਸ਼ੇ ਨੂੰ ਜੜ੍ਹੋਂ ਖ਼ਤਮ ਕਰਨ ਲਈ ਮਾਂ-ਬਾਪ, ਸਮੇਂ ਦੀਆਂ ਸਰਕਾਰਾਂ, ਪੁਲਿਸ ਪ੍ਰਸਾਸ਼ਨ ਤੇ ਮੀਡੀਆ ਆਪਣਾ-ਆਪਣਾ ਯੋਗਦਾਨ ਜ਼ਰੂਰ ਪਾਉਣ। ਸਕੂਲਾਂ, ਕਾਲਜਾਂ ਵਿਚ ਨਸ਼ੇ ਦੇ ਮਾਰੂ ਪ੍ਰਭਾਵਾਂ ਨੂੰ ਲੈ ਕੇ ਪੜ੍ਹਾਈ ਲਾਜ਼ਮੀ ਹੋਣੀ ਚਾਹੀਦੀ ਹੈ। ਇਸ ਵਿਸ਼ੇ 'ਤੇ ਵੱਧ ਤੋਂ ਵੱਧ ਸੈਮੀਨਾਰ ਹੋਣੇ ਚਾਹੀਦੇ ਹਨ। ਫਿਲਮਾਂ, ਡਰਾਮਿਆਂ (ਟੀ.ਵੀ) ਆਦਿ ਤੇ ਕਿਸੇ ਵੀ ਨਸ਼ੇ ਦੀ



> ਹਰ ਰੋਜ਼ 12,000 ਦੇ ਕਰੀਬ ਭਾਵ ਹਰ ਸਾਲ 43,80,000 ਤੋਂ ਵੀ ਜ਼ਿਆਦਾ ਲੋਕਾਂ ਦੀਆਂ ਮੌਤਾਂ ਤੰਬਾਕੂ ਦੇ ਸੇਵਨ ਕਰ ਕੇ ਹੋ ਰਹੀਆਂ ਹਨ। ਜੇ ਅੱਜ ਦੇ ਦੌਰ 'ਚ ਦੇਖਿਆ ਜਾਵੇ ਤਾਂ ਇਸ ਤਰ੍ਹਾਂ ਦੇ ਨਸ਼ੇ ਕਰਕੇ ਬਹੁਤ ਸਾਰੇ ਪਰਿਵਾਰਾਂ ਦੀਆਂ ਅਨੇਕਾਂ ਜ਼ਿੰਦਗੀਆਂ ਰੁਲ ਰਹੀਆਂ ਹਨ...

ਇਸ਼ਤਿਹਾਰਬਾਜ਼ੀ ਜਾਂ ਨਸ਼ੇ ਨੂੰ ਉਤਸ਼ਾਹਿਤ ਕਰਦੇ ਦ੍ਰਿਸ਼ ਨਹੀਂ ਦਿਖਾਉਣੇ ਚਾਹੀਦੇ। ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਸਖ਼ਤ ਸਜ਼ਾਵਾਂ ਤੇ ਮੋਟੇ ਜ਼ੁਰਮਾਨੇ ਹੋਣੇ ਚਾਹੀਦੇ ਹਨ। ਕਿਸੇ ਵੀ ਨਸ਼ੇ ਦੇ ਸੌਦਾਗਰਾਂ ਨੂੰ ਕਿਸੇ ਵੀ ਕੀਮਤ ਤੇ ਬਖ਼ਸ਼ਿਆਂ ਨਹੀਂ ਜਾਣਾ ਚਾਹੀਦਾ ਤਾਂ ਕੋਈ ਰਸਤਾ ਨਿਕਲ ਸਕਦਾ ਹੈ। ਨੱਸ਼ਈਆਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਮਨ ਨੂੰ ਪਕੇਰਾ ਕਰ ਕੇ ਇਸ ਨਰਕ ਭਰੀ ਜ਼ਿੰਦਗੀ 'ਚ ਬਾਹਰ ਆਉਣ ਦਾ ਮਨ ਬਣਾਉਣ ਤੇ ਆਪਣੇ ਪਰਿਵਾਰ ਸਮੇਤ ਸੁੱਖੀ ਤੇ ਖ਼ੁਸ਼ੀਆਂ ਭਰਿਆ ਜੀਵਨ ਬਤੀਤ ਕਰਨ।



---

# ਅਦਰਕ ਤੇ ਕਾਲੀ ਮਿਰਚ ਦਾ ਕਰੋ ਸੇਵਨ

ਗ਼ਲਤ ਖਾਣ-ਪੀਣ ਦੇ ਨਾਲ ਅਕਸਰ ਹੀ ਲੋਕਾਂ ਨੂੰ ਕਬਜ਼ ਜਾਂ ਪੇਟ 'ਚ ਦਰਦ ਵਰਗੀਆਂ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਇਲਾਵਾ ਬਦਲਦੇ ਮੌਸਮ ਦੇ ਕਾਰਨ ਅੱਜਕੱਲ੍ਹ ਲੋਕਾਂ ਨੂੰ ਬੁਖ਼ਾਰ, ਖਾਂਸੀ ਤੇ ਗਲ਼ਾ ਖ਼ਰਾਬ ਆਦਿ ਪਰੇਸ਼ਾਨੀਆਂ ਘੇਰ ਲੈਂਦੀਆਂ ਹਨ। ਇਸ ਤਰ੍ਹਾਂ ਦੀਆਂ ਪਰੇਸ਼ਾਨੀਆਂ ਨੂੰ ਦੂਰ ਕਰਨ ਲਈ ਤੁਸੀ ਦਵਾਈਆਂ ਦਾ ਸੇਵਨ ਕਰਦੇ ਹੋ। ਕਈ ਵਾਰ ਇਸ ਤਰ੍ਹਾਂ ਹੁੰਦਾ ਹੈ ਕਿ ਦਵਾਈਆਂ ਬਹੁਤ ਹੀ ਜ਼ਿਆਦਾ ਗਰਮ ਹੁੰਦੀਆਂ ਹਨ ਜਿਸ ਕਰਕੇ ਹੋਰ ਵੀ ਕਈ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਿਮਾਰੀਆਂ ਤੋਂ ਨਿਜਾਤ ਪਾਉਣ ਲਈ ਅਦਰਕ ਤੇ ਕਾਲੀ ਮਿਰਚ ਦਾ ਕਰੋ ਇਸਤੇਮਾਲ।

### ਖਾਂਸੀ ਤੋਂ ਰਾਹਤ

ਬਦਲਦੇ ਮੌਸਮ 'ਚ ਬਹੁਤ ਸਾਰੀਆਂ ਬਿਮਾਰੀਆਂ ਇਨਸਾਨ ਨੂੰ ਘੇਰ ਲੈਂਦੀਆਂ ਹਨ। ਖਾਂਸੀ ਦੀ ਸਮੱਸਿਆ ਤੋਂ ਛੁਟਰਾਰਾ ਪਾਉਣ ਲਈ ਪੀਸੀ ਹੋਈ ਕਾਲੀ ਮਿਰਚ ਨੂੰ ਦੇਸੀ ਘਿਓ 'ਚ ਭੁੰਨ ਕੇ ਖਾਓ। ਇਸ ਨਾਲ ਕਾਫ਼ੀ ਆਰਾਮ ਮਿਲੇਗਾ।

### ਬੁਖ਼ਾਰ

ਵਾਇਰਲ ਬੁਖ਼ਾਰ ਨੂੰ ਦੂਰ ਕਰਨ ਲਈ ਕਾਲੀ ਮਿਰਚ ਦੇ ਪਾਣੀ ਨੂੰ ਪੀਓ। ਇਸ ਨਾਲ ਬੁਖ਼ਾਰ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

### ਕਬਜ਼

ਗ਼ਲਤ ਖਾਣ-ਪੀਣ ਨਾਲ ਲੋਕਾਂ ਨੂੰ ਇਹ ਪਰੇਸ਼ਾਨੀ ਦਾ ਸਾਹਮਣਾ ਆਮ ਹੀ ਕਰਨਾ ਪੈਂਦਾ ਹੈ। ਰਾਤ ਨੂੰ ਸੌਣ ਤੋਂ ਪਹਿਲਾਂ ਅਦਰਕ ਤੇ 1 ਚਮਚ ਪੀਸੀ ਕਾਲੀ ਮਿਰਚ ਨੂੰ 1 ਕੱਪ ਪਾਣੀ 'ਚ ਚੰਗੀ ਤਰ੍ਹਾਂ ਉਬਾਲ ਲਓ। ਇਸ ਨਾਲ ਕਬਜ਼ ਦੀ ਸਮੱਸਿਆ ਦੂਰ ਹੋ ਸਕਦੀ ਹੈ।



### ਪੇਟ ਦਰਦ

ਪੇਟ ਦਰਦ ਨੂੰ ਦੂਰ ਕਰਨ ਲਈ ਕਾਲੀ ਮਿਰਚ ਦਾ ਮਿਸ਼ਰਨ ਬਹੁਤ ਹੀ ਲਾਭਕਾਰੀ ਹੈ। 2-3 ਗ੍ਰਾਮ ਅਦਰਕ, 4 ਕਾਲੀ ਮਿਰਚ ਤੇ 1 ਵੱਡੀ ਇਲਾਇਚੀ ਨੂੰ ਪੀਸ ਕੇ ਪਾਣੀ 'ਚ ਉਬਾਲ ਲਓ। ਇਸ ਤੋਂ ਬਾਅਦ ਕੋਸਾ ਜਿਹਾ ਕਰਕੇ ਪੀਓ। ਇਸ ਨਾਲ ਪੇਟ ਦਰਦ ਦੂਰ ਹੋ ਸਕਦੀ ਹੈ।

### ਹੱਡੀਆਂ ਦੀ ਪਰੇਸ਼ਾਨੀ

ਕਾਲੀ ਮਿਰਚ ਤੇ ਅਦਰਕ ਦੇ ਪਾਣੀ ਦਾ ਰੋਜ਼ ਸੇਵਨ ਕਰਨ ਨਾਲ ਬਲੱਡ ਪ੍ਰੈਸ਼ਰ, ਹਾਰਟ ਅਟੈਕ ਦਾ ਖ਼ਤਰਾ ਕਾਫ਼ੀ ਹੱਦ ਤਕ ਘੱਟ ਹੋ ਜਾਂਦਾ ਹੈ। ਇਸ ਕਰਕੇ ਇਸ ਪਾਣੀ ਨੂੰ ਡਾਈਟ 'ਚ ਜ਼ਰੂਰ ਸ਼ਾਮਿਲ ਕਰੋ।

### ਕੈਂਸਰ

ਕਾਲੀ ਮਿਰਚ ਤੇ ਅਦਰਕ ਦਾ ਮਿਸ਼ਰਨ ਸਰੀਰ 'ਚ ਕੈਂਸਰ ਸੈੱਲਜ਼ ਨੂੰ ਬਨਣ ਤੋਂ ਰੋਕਦਾ ਹੈ। ਇਸ 'ਚ ਮੌਜੂਦ ਐਂਟੀ-ਆਕਸੀਡੇਂਟ ਏਜਾਇਮ ਨੂੰ ਪ੍ਰੇਰੀਤ ਕਰਦਾ ਹੈ, ਜੋ ਕਿ ਕੈਂਸਰ ਸੈੱਲਜ਼ ਨੂੰ ਬਨਣ ਤੋਂ ਪਹਿਲਾਂ ਹੀ ਖ਼ਤਮ ਕਰ ਦਿੰਦਾ ਹੈ।

---

**ਜੇ ਅੱਖਾਂ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਹੈ ਤਾਂ ਇਸ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ। ਤੁਹਾਡੀ ਇਕ ਛੋਟੀ ਜਿਹੀ ਲਾਪ੍ਰਵਾਹੀ ਨਾਲ ਅੱਖਾਂ ਦੀ ਰੋਸ਼ਨੀ ਜਾ ਸਕਦੀ ਹੈ...**



# ਮੋਤੀਆਬਿੰਦ ਲਈ ਘਰੇਲੂ ਨੁਸਖ਼ੇ

ਅੱਖਾਂ ਨਾਲ ਜੁੜੀਆਂ ਕਈ ਸਮੱਸਿਆਵਾਂ ਆਮ ਹੀ ਦੇਖਣ ਨੂੰ ਮਿਲਦੀਆਂ ਹਨ। ਇਕ ਗੰਭੀਰ ਸਮੱਸਿਆ ਮੋਤੀਆਬਿੰਦ ਦੀ ਵੀ ਹੈ ਜਿਸ ਨਾਲ ਨਜ਼ਰ ਧੁੰਦਲੀ ਹੋਣ ਲੱਗਦੀ ਹੈ। ਇਸ ਪਰੇਸ਼ਾਨੀ ਨੂੰ ਸਰਜਰੀ ਦੇ ਜ਼ਰੀਏ ਤਾਂ ਹਟਾਇਆ ਜਾ ਸਕਦਾ ਹੈ ਪਰ ਜੇ ਪਰੇਸ਼ਾਨੀ ਹਲੇ ਸ਼ੁਰੂ ਹੋਈ ਹੈ ਤਾਂ ਇਸ ਤੋਂ ਛੁਟਕਾਰਾ ਪਾਉਣ ਲਈ ਕੁੱਝ ਘਰੇਲੂ ਨੁਸਖ਼ੇ ਵੀ ਵਰਤੇ ਜਾ ਸਕਦੇ ਹਨ। ਅੱਖਾਂ ਰਬ ਦੀ ਦਿੱਤੀ ਕੁਦਰਤੀ ਦੇਣ ਹੈ, ਜਿਸ ਦੇ ਬਿਨਾਂ ਅਸੀਂ ਆਪਣੇ ਆਸ-ਪਾਸ ਦੀ ਖ਼ੂਬਸੂਰਤੀ ਨੂੰ ਨਹੀਂ ਦੇਖ ਸਕਦੇ। ਇਸ ਕਰਕੇ ਅੱਖਾਂ ਦੀ ਦੇਖਭਾਲ ਸਭ ਤੋਂ ਜ਼ਿਆਦਾ ਜ਼ਰੂਰੀ ਹੈ। ਜੇ ਅੱਖਾਂ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਹੈ ਤਾਂ ਇਸ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ। ਤੁਹਾਡੀ ਇਕ ਛੋਟੀ ਜਿਹੀ ਲਾਪ੍ਰਵਾਹੀ ਨਾਲ ਅੱਖਾਂ ਦੀ ਰੋਸ਼ਨੀ ਜਾ ਸਕਦੀ ਹੈ।

### ਮੋਤੀਅਬਿੰਦ ਕਿੰਨੇ ਪ੍ਰਕਾਰ ਦੇ ਹੁੰਦੇ

ਮੋਤੀਆਬਿੰਦ ਦੋ ਪ੍ਰਕਾਰ ਦੇ ਹੁੰਦੇ ਹਨ। ਇਕ ਕੋਮਲ ਤੇ ਦੂਜਾ ਸਖ਼ਤ। ਕੋਮਲ ਮੋਤੀਅਬਿੰਦ ਨੀਲੇ ਰੰਗ ਦਾ ਹੁੰਦਾ ਹੈ ਜੋ ਬਚਪਨ ਤੋਂ ਲੈ ਕੇ 35 ਸਾਲ ਦੀ ਉਮਰ ਦੇ ਵਿਅਕਤੀ ਨੂੰ ਹੁੰਦਾ ਹੈ। ਸਖ਼ਤ ਮੋਤੀਆਬਿੰਦ ਪੀਲੇ ਰੰਗ ਦਾ ਹੁੰਦਾ ਹੈ ਇਹ ਜ਼ਿਆਦਾਤਰ ਬੁਢਾਪੇ 'ਚ ਹੀ ਪਾਇਆ ਜਾਂਦਾ ਹੈ। ਇਹ ਇਕ ਅੱਖ 'ਚ ਵੀ ਹੋ ਸਕਦਾ ਹੈ ਤੇ ਕਈ ਵਾਰ ਦੋਵਾਂ ਅੱਖਾਂ 'ਚ ਵੀ ਹੋ ਜਾਂਦਾ ਹੈ।

### ਕਾਰਨ

ਡਾਇਬਟੀਜ਼- ਡਾਇਬਟੀਜ਼ ਸਿਰਫ਼ ਦਿਲ ਤੇ ਗੁਰਦਿਆਂ ਲਈ ਹੀ ਖ਼ਤਰਨਾਕ ਨਹੀਂ ਹੁੰਦੀ ਬਲਕਿ ਅੱਖਾਂ 'ਤੇ ਵੀ ਬੁਰਾ ਅਸਰ ਪਾਉਂਦੀ ਹੈ। ਅੱਖਾਂ ਦੀਆਂ ਇਨ੍ਹਾਂ ਬਿਮਾਰੀਆਂ ਤੋਂ ਬਚਣ ਲਈ ਅੱਖਾਂ ਦੀ ਸਮੇਂ-ਸਮੇਂ 'ਤੇ ਜਾਂਚ ਕਰਵਾਉਣੀ ਚਾਹੀਦੀ ਹੈ। ਕੁੱਝ ਮਰੀਜ਼ਾਂ ਦੇ ਲੈਂਨਜ਼ 'ਤੇ ਧੁੰਦਲਾਪਨ ਆ ਜਾਂਦਾ ਹੈ। ਇਸ ਨੂੰ ਡਾਇਬਟੀਜ਼ ਬੈਕਟੀਰੀਆ ਕਿਹਾ ਜਾਂਦਾ ਹੈ। ਮੋਤੀਆਬਿੰਦ ਦੀ ਸਮੱਸਿਆ ਉਨ੍ਹਾਂ ਲੋਕਾਂ ਨੂੰ ਜ਼ਿਆਦਾ ਹੁੰਦੀ ਹੈ ਜੋ ਯੁਵਾਈਟਿਸ ਤੋਂ ਗ੍ਰਸਤ ਹੁੰਦੇ ਹਨ। ਇਹ ਸਮੱਸਿਆ ਬਹੁਤ ਹੀ ਤੇਜ਼ ਨਾਲ ਫੈਲ ਰਹੀ ਹੈ।

### ਲੱਛਣ

ਅੱਖ ਦੀ ਪੁਤਲੀ ਪਿੱਛੇ ਇਕ ਲੈਂਨਜ਼ ਹੁੰਦਾ ਹੈ ਜੋ ਪੁਤਲੀ ਨੂੰ ਲਾਇਟ ਦੇਣ 'ਤੇ ਫੋਕਸ ਕਰਦਾ ਹੈ। ਪੁਤਲੀ ਦੇ ਪਿੱਛੇ ਇਹ ਲੈਂਨਜ਼ ਬਿਲਕੁਲ ਸਾਫ਼ ਹੁੰਦਾ ਹੈ ਤਾਂ ਹੀ ਲਾਇਟ ਆਸਾਨੀ ਨਾਲ ਪਾਸ ਹੋ ਜਾਂਦੀ ਹੈ। ਜਦੋਂ ਲੈਂਨਜ਼ 'ਚ ਕੁੱਝ ਧੁੰਦਲਾ ਆ ਜਾਂਦਾ ਹੈ ਤਾਂ ਇਸ 'ਚ ਲਾਇਟ ਆਉਣੀ ਘੱਟ ਹੋ ਜਾਂਦੀ ਹੈ। ਜਿਸ ਕਰਕੇ ਸਾਫ਼ ਦਿਖਾਈ ਨਹੀਂ ਦਿੰਦਾ। ਇਸ ਪਰੇਸ਼ਾਨੀ ਨੂੰ ਮੋਤੀਆਬਿੰਬ ਕਿਹਾ ਜਾਂਦਾ ਹੈ। ਜੇ ਇਸ ਨੂੰ ਅਣਗੌਲਿਆ ਕੀਤਾ ਗਿਆ ਤਾਂ ਅੱਖਾਂ ਦਾ ਰੋਸ਼ਨੀ ਜਾ ਸਕਦੀ ਹੈ।

### ਨੁਸਖ਼ੇ

- ਬਾਦਾਮ ਤੇ ਕਾਲੀ ਮਿਰਚ

ਰਾਤ ਨੂੰ 4 ਬਾਦਾਮ ਪਾਣੀ 'ਚ ਡੱਬੋ ਲਓ ਤੇ ਸਵੇਰੇ ਕਾਲੀ ਮਿਰਚ ਨਾਲ ਪੀਸ ਕੇ ਮਿਸ਼ਰੀ ਨਾਲ ਖਾਓ। ਇਸ ਦੇ ਉੱਪਰ ਦੀ ਦੁੱਧ ਪੀਓ। ਇਸ ਤਰ੍ਹਾਂ ਕਰਨ ਨਾਲ ਮੋਤੀਆਬਿੰਦ ਤੋਂ ਨਿਜਾਤ ਪਾਈ ਜਾ ਸਕਦੀ ਹੈ।

### ਲਸਣ

ਹਰ ਰੋਜ਼ ਲਸਣ ਦਾ ਸੇਵਨ ਕਰਨ ਨਾਲ ਦਿਨਾਂ 'ਚ ਹੀ ਧੱਬਿਆਂ ਦੀ ਸ਼ਿਕਾਇਤ ਦੂਰ ਕੀਤੀ ਜਾ ਸਕਦੀ ਹੈ।

### *ਸੱਟ ਲੱਗਣਾ*

*ਸੱਟ ਲੱਗਣ ਦੇ ਕਾਰਨ ਵੀ ਮੋਤੀਆਬਿੰਦ ਦੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਨਾਲ ਅੱਖਾਂ ਦੇ ਲੈਂਨਜ਼ 'ਤੇ ਬੁਰਾ ਅਸਰ ਪੈਂਦਾ ਹੈ।*

### *ਹਰੀਆਂ ਸਬਜ਼ੀਆਂ*

*ਹਰੀਆਂ ਬਜ਼ੀਆਂ 'ਚ ਪੌਸ਼ਟਿਕ ਤੱਤ ਤੇ ਵਿਟਾਮਿਨ ਏ ਦੀ ਮਾਤਰਾ ਪਾਈ ਜਾਂਦੀ ਹੈ ਜੋ ਅੱਖਾਂ ਲਈ ਬਹੁਤ ਹੀ ਵਧੀਆ ਤੇ ਲਾਭਕਾਰੀ ਹੁੰਦੀ ਹੈ। ਇਸ ਲਈ ਹਰੀਆਂ ਬਜ਼ੀਆਂ ਦਾ ਵੱਧ ਤੋਂ ਵੱਧ ਸੇਵਨ ਕਰਨਾ ਚਾਹੀਦਾ ਹੈ।*

---

# ਸੋਚ ਸਮਝ ਕੇ ਪੀਓ ਕੋਲਡ ਡਰਿੰਕਸ

**ਕੋਲਡ ਡਰਿੰਕ ਦੀ ਇਕ ਬੋਤਲ 'ਚ ਆਮ ਤੌਰ 'ਤੇ 30 ਤੋਂ 50 ਮਿਲੀਗ੍ਰਾਮ ਕੈਫੀਨ ਹੁੰਦੀ ਹੈ। ਕੈਫੀਨ ਦੀ ਜ਼ਿਆਦਾ ਵਰਤੋਂ ਨਾਲ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ ਤੇ ਇਸ ਦੇ ਨਾਲ ਪੇਟ 'ਚ ਗੈਸ ਦੀ ਸ਼ਿਕਾਇਤ ਹੋ ਸਕਦੀ ਹੈ...**

**ਡਾ. ਫ਼ਕੀਰ ਚੰਦ ਸ਼ੁਕਲਾ**

ਅੱਜਕੱਲ੍ਹ ਸ਼ਾਇਦ ਹੀ ਕੋਈ ਅਜਿਹਾ ਘਰ ਜਾਂ ਮਹਿਫਲ ਹੋਵੇਗੀ ਜਿੱਥੇ ਕੋਲਡ ਡਰਿੰਕਸ ਦੀ ਵਰਤੋਂ ਨਾ ਹੁੰਦੀ ਹੋਵੇ। ਰੰਗ-ਬਿਰੰਗੀਆਂ ਬੋਤਲਾਂ 'ਚ ਅਤੇ ਵੱਖ- ਵੱਖ ਰੰਗਾਂ 'ਚ ਮਿਲਣ ਵਾਲੀਆਂ ਇਨ੍ਹਾਂ ਡਰਿੰਕਸ ਦੀ ਮੰਗ ਹਰ ਰੋਜ਼ ਵਧਦੀ ਜਾ ਰਹੀ ਹੈ। ਇਨ੍ਹਾਂ ਡਰਿੰਕਸ 'ਚ ਕਾਰਬਨ ਡਾਈਆਕਸਾਈਡ ਹੁੰਦੀ ਹੈ, ਜਿਸ ਕਰਕੇ ਇਨ੍ਹਾਂ ਨੂੰ ਕਾਰਬੋਨੇਟਿਡ ਡਰਿੰਕਸ ਵੀ ਕਿਹਾ ਜਾਂਦਾ ਹੈ। ਭਾਰਤ ਦੇ ਦੱਖਣੀ ਭਾਗ ਦੀ ਤੁਲਨਾ 'ਚ ਉੱਤਰੀ ਹਿੱਸੇ 'ਚ ਇਨ੍ਹਾਂ ਦੀ ਜ਼ਿਆਦਾ ਵਰਤੋਂ ਹੁੰਦੀ ਹੈ। ਦੱਖਣ 'ਚ ਘੱਟ ਵਰਤੋਂ ਦੇ ਦੋ ਕਾਰਨ ਹਨ। ਇਕ ਤਾਂ ਉੱਥੇ ਲੋਕੀ ਜ਼ਿਆਦਾ ਜਾਗਰੂਕ ਹਨ ਤੇ ਸਿਹਤ ਸਬੰਧੀ ਚੀਜ਼ਾਂ ਦੀ ਵਰਤੋਂ ਸੋਚ ਸਮਝ ਕੇ ਹੀ ਕਰਦੇ ਹਨ। ਦੂਸਰਾ ਉੱਥੇ ਕੁਦਰਤੀ ਤੌਰ 'ਤੇ ਨਾਰੀਅਲ ਹੁੰਦਾ ਹੈ। ਕੱਚੇ ਨਾਰੀਅਲ ਦਾ ਪਾਣੀ ਸੁਆਦ ਵੀ ਹੁੰਦਾ ਹੈ ਅਤੇ ਪੌਸ਼ਟਿਕ ਵੀ। ਇਸ ਲਈ ਜ਼ਿਆਦਾ ਲੋਕੀ ਕੋਲਡ ਡਰਿੰਕਸ ਦੀ ਬਜਾਏ ਨਾਰੀਅਲ ਪਾਣੀ ਦੀ ਹੀ ਵਰਤੋਂ ਕਰਦੇ ਹਨ। ਇਹ ਸੱਚ ਮੁੱਚ ਹੀ ਹੈਰਾਨ ਕਰਨ ਵਾਲੀ ਗੱਲ ਹੈ ਕਿ ਦੱਖਣੀ ਭਾਰਤ ਵਾਲੇ ਇਕ ਸਾਲ 'ਚ ਜਿੰਨੀ ਕੋਲਡ ਡਰਿੰਕਸ ਦੀ ਵਰਤੋਂ ਕਰਦੇ ਹਨ ਉਨੀਂ ਖ਼ਪਤ ਤਾਂ ਉੱਤਰੀ ਭਾਰਤ ਦੇ ਲੋਕੀ ਗਰਮੀਆਂ ਦੇ ਚਾਰ ਮਹੀਨਿਆਂ 'ਚ ਹੀ ਕਰ ਲੈਂਦੇ ਹਨ। ਇਹੋ ਕਾਰਨ ਹੈ ਕਿ ਪੇਟ ਦੇ ਰੋਗੀਆਂ ਦੀ ਗਿਣਤੀ ਉੱਤਰੀ ਬਾਰਤ 'ਚ ਜ਼ਿਆਦਾ ਹੈ।

### ਕੋਲਡ ਡਰਿੰਕਸ 'ਚ ਹੁੰਦਾ ਕੀ ਹੈ?

ਕੋਲਡ ਡਰਿੰਕਸ 'ਚ ਮਿੱਠਾ, ਕਾਰਬਨ ਡਾਈਆਕਸਾਇਡ, ਕੰਸਟਰੇਟ ਅਤੇ ਪਰੀਜਰਵੇਟਿਵ ਹੁੰਦੇ ਹਨ। ਇਨ੍ਹਾਂ ਕੋਲਡ ਡਰਿੰਕਸ 'ਚ ਸਿਰਫ਼ ਚੀਨੀ ਹੁੰਦੀ ਹੈ ਅਤੇ ਹੋਰ ਕੋਈ ਖ਼ੁਰਾਕੀ ਪਦਾਰਥ ਨਹੀਂ ਹੁੰਦਾ। ਚੀਨੀ ਦੀ ਮਾਤਰਾ ਨਿਰਧਾਰਤ ਨਹੀਂ ਹੈ। ਇਹ 11 ਤੋਂ 14 ਫ਼ੀਸਦੀ ਤਕ ਹੋ ਸਕਦੀ ਹੈ। ਇਸ ਤੋਂ ਇਲਾਵਾ ਕੋਲਡ ਡਰਿੰਕਸ 'ਚ ਕੈਫ਼ੀਨ ਵੀ ਪਾਈ ਜਾਂਦੀ ਹੈ।

### ਮਾੜੇ ਪ੍ਰਭਾਵ

ਮਾਰਕੀਟ 'ਚ ਵਿਕਣ ਵਾਲੀਆਂ ਜ਼ਿਆਦਾ ਕੋਲਡ ਡਰਿੰਕਸ 'ਚ ਚੀਨੀ ਦੀ ਕਾਫ਼ੀ ਮਾਤਰਾ ਹੁੰਦੀ ਹੈ। ਇਸ ਤਰ੍ਹਾਂ ਇਨ੍ਹਾਂ ਦੀ ਵਰਤੋਂ ਨਾਲ ਬੇਲੋੜਿਆਂ ਕੈਲਰੀਆਂ ਮਿਲਦੀਆਂ ਹਨ ਜਿੰਨ੍ਹਾਂ ਨੂੰ ਖ਼ਾਲੀ ਕੈਲੋਰੀਆਂ ਕਿਹਾ ਜਾਂਦਾ ਹੈ ਕਿਉਂਕਿ ਇਨ੍ਹਾਂ ਤੋਂ ਹੋਰ ਕੋਈ ਪੌਸ਼ਟਿਕ ਤੱਤ ਪ੍ਰਾਪਤ ਨਹੀਂ ਹੁੰਦਾ। ਇਕ ਬੋਤਲ ਤੋਂ 140 ਦੇ ਕਰੀਬ ਕੈਲੋਰੀਆਂ ਪ੍ਰਾਪਤ ਹੋ ਜਾਂਦੀਆਂ ਹਨ ਜਿਨ੍ਹਾਂ ਕਰ ਕੇ ਮੋਟਾਪਾ ਹੋ ਜਾਂਦਾ ਹੈ। ਮੋਟਾਪੇ ਤੋਂ ਇਲਾਵਾ ਦੰਦਾਂ ਨੂੰ ਨੁਕਸਾਨ ਪਹੁੰਚਦਾ ਹੈ। ਦੰਦਾਂ ਨੂੰ ਕੀੜਾ ਲੱਗ ਜਾਂਦਾ ਹੈ। ਇਸ ਕਰਕੇ ਇਨ੍ਹਾਂ ਕੋਲਡ ਡਰਿੰਕਸ ਸਦਕਾ ਅੱਜਕੱਲ੍ਹ ਬੱਚਿਆਂ 'ਚ ਦੰਦਾਂ ਦੇ ਰੋਗਾਂ 'ਚ ਵਾਧਾ ਹੋਇਆ ਹੈ। ਕੋਲਡ ਡਰਿੰਕਸ ਵਿਚ ਚੀਨੀ ਦੀ ਬਜਾਏ ਸੈਕਰੀਨ ਪਾਈ ਹੋਵੇ ਤਾਂ ਹੋਰ ਵੀ ਜ਼ਿਆਦਾ ਨੁਕਸਾਨਦੇਹ ਹੈ ਕਿਉਂਕਿ ਸੈਕਰੀਨ ਦੀ ਵਰਤੋਂ ਨਾਲ ਕੈਂਸਰ ਹੋਣ ਦੀ ਸੰਭਾਵਨਾ ਹੁੰਦੀ ਹੈ। ਇਨ੍ਹਾਂ ਦੀ ਵਰਤੋਂ ਹੱਡੀਆਂ ਨੂੰ ਵੀ ਨੁਕਸਾਨ ਪਹੁੰਚਾਉਂਦੀ ਹੈ। ਹੱਡੀਆਂ ਦੇ ਨਿਰਮਾਣ ਲਈ ਕੈਲਸ਼ੀਅਮ ਅਤੇ ਫਾਸਫੋਰਸ ਦੀ ਇਕ ਵਿਸ਼ੇਸ਼ ਅਨੁਪਾਤ 'ਚ ਲੋੜ ਹੁੰਦੀ ਹੈ ਪਰ ਇਨ੍ਹਾਂ ਕੋਲਡ ਡਰਿੰਕਸ 'ਚ ਮੌਜੂਦ ਫਾਸਫੋਰਸ ਮਿਹਦੇ 'ਚ ਕੈਲਸ਼ੀਅਮ ਨਾਲ ਜੁੜ ਜਾਂਦਾ ਹੈ। ਇਸ ਤਰ੍ਹਾਂ ਕੈਲਸ਼ੀਅਮ ਅਤੇ ਫਾਸਫੋਰਸ ਦੇ ਅਨੁਪਾਤ ਵਿਚ ਤਬਦੀਲੀ ਆਉਣ ਕਰ ਕੇ ਹੱਡਿਆਂ ਦੀ ਬਣਤਰ ਤੇ ਮਾੜਾ ਅਸਰ ਪੈਂਦਾ ਹੈ। ਕਿਸ਼ੋਰ ਅਵਸਥਾ ਵਿਚ ਮੁੰਡਿਆਂ ਅਤੇ ਕੁੜੀਆਂ ਦੇ ਸਰੀਰਕ ਵਿਕਾਸ ਵੇਲੇ ਹੱਡੀਆਂ ਦੀ ਘਣਤਾ ਵਧਾਉਣ ਦੀ ਕੋਸ਼ਿਸ਼ ਹੁੰਦੀ ਹੈ ਜਿਹੜੀ ਕਿ ਚੰਗੀ ਸਿਹਤ ਦੀ ਨਿਸ਼ਾਨੀ ਹੈ। ਇਸ ਲਈ ਕੈਲਸ਼ੀਅਮ ਅਤੇ ਫਾਸਫੋਰਸ ਦਾ ਅਨਪੁਾਤ ਸਹੀ ਹੋਣਾ ਚਾਹੀਦਾ ਹੈ ਪਰ ਕਿਉਂਕਿ ਨੌਜਵਾਨ ਪੀੜ੍ਹੀ ਕੋਲਡ ਡਰਿੰਕਸ ਦੀ ਜ਼ਿਆਦਾ ਵਰਤੋਂ ਕਰਦੀ ਹੈ ਇਸ ਲਈ ਇਹ ਸੰਤੁਲਨ ਵਿਗੜ ਜਾਂਦਾ ਹੈ ਅਤੇ ਕਈ ਵਰੀ ਇਸ ਅਨੁਪਾਤ ਨੂੰ ਸਹੀ ਰੱਖਣ ਲਈ ਮਜਬੂਰਨ ਸਰੀਰ ਨੂੰ ਆਪਣੀਆਂ ਹੀ ਹੱਡੀਆਂ 'ਚੋਂ ਕੈਲਸ਼ੀਅਮ ਦੀ ਵਰਤੋਂ ਕਰਨੀ ਪੈ ਜਾਂਦੀ ਹੈ। ਇਸ ਤਰ੍ਹਾਂ ਨੌਜਵਾਨਾਂ ਦੀ ਸਿਹਤ ਨੂੰ ਨੁਕਸਾਨ ਪਹੁੰਚਦਾ ਹੈ। ਉਨ੍ਹਾਂ ਦੀਆਂ ਹੱਡੀਆਂ 'ਚ ਕੈਲਸ਼ੀਅਮ ਦੀ ਮਾਤਰਾ ਘਟਣ ਕਰ ਕੇ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ। ਇਕ ਸਰਵੇਖਣ ਰਾਹੀਂ ਇਹ ਵੀ ਪਤਾ ਚੱਲਿਆ ਹੈ ਕਿ ਕੋਲਡ ਡਰਿੰਕਸ ਪੀਣ ਵਾਲੇ ਕਿਸ਼ੋਰਾਂ ਵਿਚ ਹੱਡੀਆਂ ਟੁੱਟਣ ਦਾ ਖ਼ਤਰਾ ਕੋਲਡ ਡਰਿੰਕਸ ਨਾ ਪੀਣ ਵਾਲੇ ਕਿਸ਼ੋਰਾਂ ਦੀ ਤੁਲਨਾ 'ਚ ਤਿੰਨ ਗੁਣਾ ਜ਼ਿਆਦਾ ਪਾਇਆ ਗਿਆ। ਖਿਡਾਰੀਆਂ ਨੂੰ ਤਾਂ ਇਸ ਦੀ ਉੱਕਾ ਵੀ ਵਰਤੋਂ ਨਹੀ ਕਰਨੀ ਚਾਹੀਦੀ ਕਿਉਂਕਿ ਇਸ ਦੀ ਵਰਤੋਂ ਨਾਲ ਖ਼ੁਰਾਕੀ ਤੱਤ ਤਾਂ ਨਹੀਂ ਮਿਲਦੇ ਸਗੋਂ ਇਸ ਨਾਲ ਹੱਡੀਆਂ 'ਚ ਕੈਲਸ਼ੀਅਮ ਖ਼ਤਮ ਹੋ ਜਾਂਦਾ ਹੈ ਤੇ ਇਸ ਨਾਲ ਹੱਡੀਆਂ ਕਮਜ਼ੋਰ ਵੀ ਹੋ ਜਾਂਦੀਆਂ ਹਨ। ਇਸ ਤੋਂ ਇਲਾਵਾ ਕੋਲਡ ਡਰਿੰਕਸ ਪੀਣ ਨਾਲ ਪਾਚਨ ਰਾਹ ਕਾਰਬਨ ਡਾਈਆਕਸਾਈਡ ਦੀ ਜ਼ਿਆਦਾ ਮਾਤਰਾ ਹੋ ਜਾਂਦੀ ਹੈ ਜਿਸ ਕਰਕੇ ਸਰੀਰ 'ਚ ਤਰਲ ਪਦਾਰਥਾਂ ਦੀ ਲੋੜ ਘੱਟ ਜਾਂਦੀ ਹੈ। ਤਰਲ ਪਦਾਰਥਾਂ ਦੀ ਵਰਤੋਂ ਤਾਂ ਸਿਹਤ ਲਈ ਬਹੁਤ ਜ਼ਰੂਰੀ ਹੈ। ਕਲੇਜੇ ਵਿਚ ਪੀੜ ਹੋਣ ਦਾ ਵੀ ਕੋਲਡ ਡਰਿੰਕਸ ਨਾਲ ਸਬੰਧ ਹੈ। ਅਸਲ ਵਿਚ ਅਜਿਹਾ ਅੰਨ ਨਾਲੀ ਦੇ ਉਲਟ ਪ੍ਰਭਾਵ ਕਰ ਕੇ ਹੁੰਦਾ ਹੈ। ਇਹ ਸਮੱਸਿਆ ਭਾਵ ਕਲੇਜੇ 'ਚ ਪੀੜ ਉਦੋਂ ਹੁੰਦੀ ਹੈ ਜਦੋਂ ਮਿਹਦੇ 'ਚ ਮੌਜੂਦ ਤੇਜ਼ਾਬ ਉਲਟੇ ਪਾਸੇ ਪਾਸੇ ਵੱਲ ਵੱਗਣ ਲੱਗਦੇ ਹਨ। ਜੇ ਕੋਲਡ ਡਰਿੰਕਸ 'ਚ ਦੂਸ਼ਿਤ ਕਾਰਬਨ ਡਾਈਆਕਸਾਈਡ ਦੀ ਵਰਤੋਂ ਕੀਤੀ ਹੋਵੇ ਤਾਂ ਇਸ ਲਈ ਕੁੱਝ ਪੋਲੀਐਰੋਮੈਟਿਕ ਹਾਈਡਰੋਕਾਰਬਨਜ਼ ਵੀ ਆ ਜਾਂਦੇ ਹਨ। ਅਜਿਹੇ ਪਦਾਰਥਾਂ ਦੀ ਲੰਮੇ ਸਮੇਂ ਤਕ ਵਰਤੋਂ ਕਰਨ ਨਾਲ ਕੈਂਸਰ ਹੋ ਸਕਦਾ ਹੈ। ਆਮ ਤੌਰ 'ਤੇ ਕੋਲਡ ਡਰਿੰਕਸ 'ਚ ਕੈਫੀਨ ਪਾਈ ਹੁੰਦੀ ਹੈ। ਕੈਫੀਨ ਇਕ ਉਤੇਜਨਾ ਪੈਦਾ ਕਰਨ ਵਾਲਾ ਪਦਾਰਥ ਹੈ। ਇਹੋ ਕੈਫੀਨ ਚਾਹ ਅਤੇ ਕੌਫ਼ੀ ਵਿਚ ਵੀ ਹੁੰਦੀ ਹੈ ਅਤੇ ਇਸੇ ਦੀ ਮਿਹਰਬਾਨੀ ਸਦਕਾ ਬੰਦਾ ਇਨ੍ਹਾਂ ਚੀਜ਼ਾ ਦਾ ਗੁਲਾਮ ਬਣ ਜਾਂਦਾ ਹੈ। ਇਹ ਵੇਖਣ ਵਿਚ ਆਇਆ ਹੈ ਕਿ ਕੋਲਡ ਡਰਿੰਕਸ ਦੀ ਇਕ ਬੋਤਲ ਵਿਚ ਆਮ ਤੌਰ 'ਤੇ 30 ਤੋਂ 50 ਮਿਲੀਗ੍ਰਾਮ ਕੈਫੀਨ ਹੁੰਦੀ ਹੈ। ਕੈਫੀਨ ਦੀ ਜ਼ਿਆਦਾ ਵਰਤੋਂ ਨਾਲ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ। ਪੇਟ 'ਚ ਗੈਸ ਹੋਣ 'ਤੇ ਲੋਕੀ ਸੋਡਾ ਪੀਂਦੇ ਹਨ ਅਤੇ ਉਹ ਆਰਾਮ ਜਿਹਾ ਮਹਿਸੂਸ ਕਰਦੇ ਹਨ ਪਰ ਸ਼ਾਇਦ ਉਹ ਆਪਣੇ ਆਪ ਨੂੰ ਧੋਖਾ ਦੇ ਰਹੇ ਹਨ ਕਿਉਂਕਿ ਕੋਲਡ ਡਰਿੰਕਸ ਪੀਣ ਨਾਲ ਉਨ੍ਹਾਂ ਨੂੰ ਪੱਕੇ ਤੌਰ 'ਤੇ ਪੇਟ ਗੈਸ ਦੀ ਸ਼ਿਕਾਇਤ ਹੋ ਸਕਦੀ ਹੈ।

ਕੋਲਡ ਡਰਿੰਕਸ ਤੇਜ਼ਾਬੀ ਮਾਦੇ ਵਾਲੀਆਂ ਹੁੰਦੀਆ ਹਨ ਅਤੇ ਇਹ ਤੇਜ਼ਾਬੀ ਮਾਦਾ ਸਰੀਰ ਦੇ ਅੰਗਾਂ ਲਈ ਬਹੁਤ ਨੁਕਸਾਨ ਦੇਹ ਹੈ। ਇਸ ਨਾਲੋਂ ਤਾਂ ਚੰਗਾਂ ਹੋਵੇਗਾ ਕਿ ਜੇ ਤੁਸੀਂ ਜਲ-ਜ਼ੀਰਾ, ਸ਼ਕੰਜਵੀ, ਨਿੰਬੂ ਪਾਣੀ, ਨਾਰੀਅਲ ਪਾਣੀ ਦੀ ਵਰਤੋਂ ਕਰ ਲਵੋ। ਇਨ੍ਹਾਂ ਚੀਜ਼ਾਂ ਦੇ ਸੇਵਨ ਨਾਲ ਅਸੀਂ ਦੁੱਖਾਂ ਤੋਂ ਦੂਰ ਰਹਿ ਸਕਦੇ ਹਾਂ।



> ਕੋਲਡ ਡਰਿੰਕ ਨਾਲੋਂ ਤੁਸੀਂ ਜਲ-ਜ਼ੀਰਾ, ਸ਼ਕੰਜਵੀ, ਨਿੰਬੂ ਪਾਣੀ ਤੇ ਨਾਰੀਅਲ ਪਾਣੀ ਦੀ ਵਰਤੋਂ ਕਰੋ...



# ਆਰ.ਟੀ.ਓ. ਵੱਲੋਂ ਹੈਵੀ ਵਾਹਨਾਂ 'ਚ ਲੱਗੇ ਸਪੀਡ ਗਵਰਨਰਾਂ ਦੀ ਚੈਕਿੰਗ

## ਕੁਝ ਨਿਰਧਾਰਤ ਸ਼੍ਰੇਣੀ ਦੇ ਮੀਡੀਅਮ, ਹੈਵੀ, ਯਾਤਰੀ ਆਵਾਜਾਈ ਵਾਹਨਾਂ ਤੇ ਸਕੂਲੀ ਬੱਸਾਂ 'ਚ ਸਪੀਡ ਗਵਰਨਰ ਨਾ ਹੋਣ 'ਤੇ ਹੋਵੇਗੀ ਕਾਰਵਾਈ: ਆਰ.ਟੀ.ਓ. ਬਬਨਦੀਪ ਸਿੰਘ ਵਾਲੀਆ

ਪਟਿਆਲਾ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਆਰ.ਟੀ.ਓ ਬਬਨਦੀਪ ਸਿੰਘ ਵਾਲੀਆ ਨੇ ਅੱਜ ਨਿਰਧਾਰਤ ਨੇਮਾਂ ਮੁਤਾਬਕ ਵੱਖ-ਵੱਖ ਗੱਡੀਆਂ 'ਚ ਲੱਗੇ ਸਪੀਡ ਗਵਰਨਰਾਂ ਦੀ ਚੈਕਿੰਗ ਕੀਤੀ। ਉਨ੍ਹਾਂ ਕਿਹਾ ਕਿ ਕੁਝ ਨਿਰਧਾਰਤ ਸ਼੍ਰੇਣੀ ਦੇ ਮੀਡੀਅਮ, ਹੈਵੀ, ਯਾਤਰੀ ਆਵਾਜਾਈ ਵਾਹਨਾਂ ਤੇ ਸਕੂਲੀ ਬੱਸਾਂ 'ਚ ਸਪੀਡ ਗਵਰਨਰ ਲੱਗੇ ਹੋਣੇ ਲਾਜ਼ਮੀ ਹਨ, ਅਤੇ ਇਨ੍ਹਾਂ ਦੀ ਚੈਕਿੰਗ ਲਈ ਜਿੱਥੇ ਉਹ ਖ਼ੁਦ ਸੜਕਾਂ 'ਤੇ ਉਤਰਨਗੇ ਉਥੇ ਹੀ ਮੋਟਰ ਵਹੀਕਲ ਇੰਸਪੈਕਟਰ ਨੂੰ ਵੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਸਪੀਡ ਗਵਰਨਰ ਚੈਕ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।



ਆਰ.ਟੀ.ਓ. ਬਬਨਦੀਪ ਸਿੰਘ ਵਾਲੀਆ ਵਾਹਨਾਂ ਵਿੱਚ ਸਪੀਡ ਗਵਰਨਰਾਂ ਦੀ ਚੈਕਿੰਗ ਕਰਦੇ ਹੋਏ।

ਆਰ.ਟੀ.ਓ. ਬਬਨਦੀਪ ਸਿੰਘ ਵਾਲੀਆ ਨੇ ਰੂਲ 118 ਆਫ਼ ਸੈਂਟਰਲ ਮੋਟਰ ਵਹੀਕਲ ਰੂਲਜ਼ 1989 ਅਤੇ ਮਿਤੀ 21 ਅਗਸਤ 2012 ਦੇ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਕੁਝ ਨਿਰਧਾਰਤ ਸ਼੍ਰੇਣੀ ਦੇ ਮੀਡੀਅਮ, ਹੈਵੀ, ਯਾਤਰੀ ਆਵਾਜਾਈ ਵਾਹਨਾਂ ਤੇ ਸਕੂਲੀ ਬੱਸਾਂ 'ਚ ਸਪੀਡ ਗਵਰਨਰ ਲੱਗਿਆ ਹੋਣਾ ਲਾਜ਼ਮੀ ਹੈ ਅਤੇ ਇਸ ਦੀ ਉਲੰਘਣਾ ਕਰਨ ਵਾਲੇ ਵਾਹਨਾਂ ਤੇ ਡਰਾਇਵਰਾਂ ਤੇ ਮਾਲਕਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਆਰ.ਟੀ.ਓ ਨੇ ਕਿਹਾ ਕਿ ਖਾਸ ਤੌਰ 'ਤੇ ਸਕੂਲ ਬੱਸਾਂ ਵਿੱਚ ਏ.ਆਈ.ਐਸ.0018 ਮਿਆਰ ਦੇ ਸਪੀਡ ਗਵਰਨਰ ਲੱਗੇ ਹੋਣੇ ਲਾਜ਼ਮੀ ਹਨ।

ਉਨ੍ਹਾਂ ਦੱਸਿਆ ਕਿ ਚੈਕਿੰਗ ਸਮੇਂ ਇਹ ਧਿਆਨ ਰੱਖਿਆ ਜਾਂਦਾ ਹੈ ਕਿ ਵਹੀਕਲ 'ਤੇ ਲੱਗੇ ਸਪੀਡ ਗਵਰਨਰ ਦੀਆਂ ਸੀਲਾਂ ਬਰਕਰਾਰ ਹੋਣ ਤੇ ਕੋਈ ਛੇੜਖਾਨੀ ਨਾ ਕੀਤੀ ਹੋਵੇ। ਸਪੀਡ ਗਵਰਨਰ ਦੀ ਗਤੀ ਸੀਮਾ ਵਿਭਾਗ ਦੀਆਂ ਸ਼ਰਤਾਂ ਮੁਤਾਬਕ ਹੈ ਜਾਂ ਨਹੀਂ ਇਹ ਵੀ ਯਕੀਨੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੋਟਰ ਵਹੀਕਲ ਇੰਸਪੈਕਟਰ ਵੱਲੋਂ ਵੀ ਗੱਡੀਆਂ ਦੇ ਨਿਰੀਖਣ ਸਮੇਂ ਸਪੀਡ ਗਵਰਨਰ ਲਈ ਸਹੀ ਪ੍ਰਮਾਣ ਪੱਤਰ ਤੇ ਲੋੜੀਂਦੇ ਪੈਰਾਮੀਟਰ ਦੀ ਐਂਟਰੀ ਵਾਹਨ ਪੋਰਟਲ ਵਿੱਚ ਵੀ ਲਾਜ਼ਮੀ ਦਰਜ ਕੀਤੇ ਜਾਣ। ਬਬਨਦੀਪ ਸਿੰਘ ਵਾਲੀਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਨਿਰਦੇਸ਼ਾਂ ਮੁਤਾਬਕ ਟਰਾਂਸਪੋਰਟ ਵਿਭਾਗ ਵੱਲੋਂ ਸਕੂਲੀ ਬੱਚਿਆਂ ਦੀ ਆਵਾਜਾਈ ਸੁਰੱਖਿਅਤ ਬਣਾਉਣ ਲਈ 2 ਜੁਲਾਈ ਤੋਂ ਸਾਰੇ ਸਕੂਲ ਵਾਹਨਾਂ ਦੀ ਵਿਸ਼ੇਸ਼ ਚੈਕਿੰਗ ਅਰੰਭੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸੇ ਵੀ ਵਾਹਨ ਨੂੰ ਸੜਕ ਸੁਰੱਖਿਆ ਨੇਮਾਂ ਤੇ ਸਕੂਲ ਸੇਫ਼ ਵਾਹਨ ਨੀਤੀ ਦੀ ਉਲੰਘਣਾ ਨਹੀਂ ਕਰਨ ਦਿੱਤੀ ਜਾਵੇਗੀ ਅਤੇ ਉਲੰਘਣਾ ਸਾਹਮਣੇ ਆਉਣ 'ਤੇ ਸਕੂਲ ਮੁਖੀਆਂ ਵਿਰੁੱਧ ਵੀ ਕਾਰਵਾਈ ਅਰੰਭੀ ਜਾਵੇਗੀ।

ਆਰ.ਟੀ.ਓ. ਨੇ ਕਿਹਾ ਕਿ ਸੜਕ ਸੁਰੱਖਿਆ ਨੇਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਅਜਿਹੀ ਚੈਕਿੰਗ ਲਗਾਤਾਰ ਜਾਰੀ ਰਹੇਗੀ ਅਤੇ ਉਲੰਘਣਾ ਕਰਨ ਵਾਲਿਆਂ ਨਾਲ ਕੋਈ ਢਿੱਲ ਨਹੀਂ ਵਰਤੀ ਜਾਵੇਗੀ। ਇਸ ਦੇ ਨਾਲ ਹੀ ਸੜਕ ਸੁਰੱਖਿਆ ਵੀ ਯਕੀਨੀ ਬਣਾਉਣ ਲਈ ਆਵਾਜਾਈ ਨੇਮਾਂ ਦੀ ਪਾਲਣਾ ਕਰਵਾਉਣ ਬਾਬਤ ਚੈਕਿੰਗ ਜ਼ੋਰਾਂ 'ਤੇ ਕੀਤੀ ਜਾ ਰਹੀ ਹੈ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਹਰਾ ਭਰਾ ਪਟਿਆਲਾ ਬਣਾਉਣ ਦੀ ਕੋਸ਼ਿਸ਼

## 'ਹਰ ਕੋਈ, ਇਕ ਦਰਖ਼ਤ' ਮੁਹਿੰਮ, ਹਰੇ ਭਰੇ ਭਵਿੱਖ ਵੱਲ ਇਕ ਵਧੀਆ ਕਦਮ




ਪਟਿਆਲਾ, 20 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ 'ਚ ਹਰ ਕੋਈ ਇਕ ਦਰਖ਼ਤ ਮੁਹਿੰਮ ਤਹਿਤ ਵੱਖ-ਵੱਖ ਖਾਲੀ ਸਥਾਨਾਂ ' ਤੇ ਛਾਂਦਾਰ, ਫੁੱਲਦਾਰ ਅਤੇ ਫ਼ਲਦਾਰ ਬੂਟੇ ਲਗਾ ਕੇ ਵਾਤਾਵਰਨ ਨੂੰ ਹਰਾ ਭਰਾ ਬਣਾਉਣ ਦੀ ਕੋਸ਼ਿਸ਼ ਜਾਰੀ ਹੈ। ਇਹ ਮੁਹਿੰਮ ਨਿਰੰਤਰ ਤੌਰ ' ਤੇ ਲੋਕਾਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰਨ ਅਤੇ ਰੁੱਖਾਂ ਦੀ ਮਹੱਤਤਾ ਬਾਰੇ ਸੋਚਣ ... ਕੌਰ ਚਾਹਲ ਦੀ ਅਗਵਾਈ ਹੇਠ ਚੀਫ ਲੀਗਲ ਏਡ ਡਿਫੈਂਸ ਕਾਊਂਸਲ ਗਗਨਦੀਪ ਸਿੰਘ ਗੈਰੀ ਨੇ ਰੁੱਖ ਲਗਾਏ ਅਤੇ ਲੋਕਾਂ ਨੂੰ ਰੁੱਖ ਲਗਾਉਣ ਦੀ ਅਪੀਲ ਕੀਤੀ। ਉਹਨਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਮੁਹਿੰਮਾਂ ਸਿਰਫ਼ ਰੁੱਖ ਲਗਾਉਣ ਤੱਕ ਹੀ ਸੀਮਤ ਨਹੀ ਰਹਿਣੀਆਂ ਚਾਹੀਦੀਆਂ, ਸਗੋਂ ਇਹ ਮਨੁੱਖੀ ਜੀਵਨ ਵਿੱਚ ਰੁੱਖਾਂ ਦੀ ਭੂਮਿਕਾ ਬਾਰੇ ਲਗਾਤਾਰ ਜਾਗਰੁਕਤਾ ਫੈਲਾਉਣ ਵਾਲੀਆਂ ...

ਇਸ ਦੌਰਾਨ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਅਮਨਦੀਪ ਕੰਬੋਜ ਦੇ ਸਟਾਫ ਨੇ ਵੀ ਪੌਦੇ ਲਗਾ ਕੇ ਇਸ ਮੁਹਿੰਮ ਵਿੱਚ ਆਪਣਾ ਯੋਗਦਾਨ ਪਾਇਆ। ਉਹਨਾਂ ਕਿਹਾ ਕਿ ਅਸੀਂ ਸਾਰੇ ਜੇਕਰ ਇਕ ਇਕ ਦਰਖ਼ਤ ਲਗਾਈਏ ਅਤੇ ਉਸ ਦੀ ਪੂਰੀ ਦੇਖਭਾਲ ਕਰੀਏ ਤਾਂ ਇਹ ਮੁਹਿੰਮ ਇਕ ਵੱਡੀ ਇਨਕਲਾਬ ਬਣ ਸਕਦੀ ਹੈ। ਉਹਨਾਂ ਕਿਹਾ ਕਿ ਰੁੱਖ ਸਿਰਫ਼ ਆਕਸੀਜ਼ਨ ਹੀ ਨਹੀ ਦਿੰਦੇ, ਸਗੋਂ ਉਹ ਧਰਤੀ ਨੂੰ ਸੰਤੁਲਿਤ ਰੱਖਣ, ਤਾਪਮਾਨ ਘਟਾਉਣ, ਮਿੱਟੀ ਦੀ ਕਟਾਈ ਰੋਕਣ ਅਤੇ ਜਲ ਸਰੋਤਾਂ ਦੀ ਸੰਭਾਲ ਵਿੱਚ ਵੀ ਅਹਿਮ ਭੂਮਿਕਾ ਨਿਭਾਂਉਂਦੇ ਹਨ। ਉਹਨਾਂ ਇਹ ਵੀ ਕਿਹਾ ਕਿ ਇਹ ਉਪਰਾਲਾ ਨਿਰਮਲ ਵਾਤਾਵਰਣ ਵੱਲ ਇਕ ਵਧੀਆ ਕਦਮ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ ਸੁਥਰਾ ਅਤੇ ਤੰਦਰੁਸਤ ਵਾਤਾਵਰਣ ਪੈਦਾ ਕਰੇਗਾ। ਇਸ ਮਹਿੰਮ ਵਿੱਚ ਹੋਰ ਕਈ ...

## ਪਟਿਆਲਾ ਰੇਲਵੇ ਸਟੇਸ਼ਨ 'ਤੇ ਵੱਡਾ ਹਾਦਸਾ, ਦੇਖਣ ਵਾਲਿਆਂ ਦੀ ਕੰਬ ਗਈ ਰੂਹ

ਪਟਿਆਲਾ/ਸਨੌਰ 20 ਜੂਨ। ਪਟਿਆਲਾ ਦੇ ਰੇਲਵੇ ਸਟੇਸ਼ਨ 'ਤੇ ਅੱਜ ਇਕ ਲੜਕੀ ਦੇ ਟ?ਰੇਨ ਵਿਚ ਚੜ੍ਹਨ ਸਮੇਂ ਹਾਦਸਾ ਵਾਪਰ ਗਿਆ। ਰੇਲ ਚੜ੍ਹਦੇ ਸਮੇਂ ਕੁੜੀ ਦਾ ਪੈਰ ਸਲਿੱਪ ਹੋ ਗਿਆ ਅਤੇ ਕੁੜੀ ਪਲੇਟਫਾਰਮ ਤੋਂ ਟ?ਰੇਨ ਵਿਚਾਲੇ ਫਸ ਗਈ, ਜਿਸ ਕਾਰਣ ਕੁੜੀ ਦੀ ਇਕ ਲੱਤ ਕੱਟੀ ਗਈ। ਜਾਣਕਾਰੀ ਅਨੁਸਾਰ ਇਹ ਹਾਦਸਾ ਉਦੋਂ ਵਾਪਰਿਆਂ ਜਦੋਂ ਐੱਮਪੀ ਤੋਂ ਅੰਮ੍ਰਿਤਸਰ ਜਾ ਰਹੀ ਰੇਲ ਗੱਡੀ ਪਟਿਆਲਾ ਰੇਲਵੇ ਸਟੇਸ਼ਨ 'ਤੇ ਕੁਝ ਸਮੇਂ ਲਈ ਰੁਕੀ ਸੀ। ਇਸ ਦੌਰਾਨ ਗੱਡੀ 'ਚ ਸਵਾਰ ਇਕ ਪਰਿਵਾਰ ਦੀ 28 ਸਾਲ ਦੀ ਕੁੜੀ ਸਮਾਨ ਲੈਣ ਲਈ ਰੇਲਵੇ ਸਟੇਸ਼ਨ 'ਤੇ ਉਤਰ ਗਈ ਅਤੇ ਜਦੋਂ ਗੱਡੀ ਚੱਲਣ ਲੱਗੀ ਤਾਂ ਉਕਤ ਕੁੜੀ ਭੱਜ ਕੇ ਰੇਲ ਗੱਡੀ 'ਚ ਚੜ੍ਹਨ ਲੱਗੀ ਪਰ ਉਸਦਾ ਪੈਰ ਫਿਸਲ ਜਾਣ ਕਾਰਨ ਉਹ ਹੇਠਾਂ ਡਿੱਗ ਪਈ, ਜਿਸ ਦੌਰਾਨ ਉਸਦੀ ਲੱਟ ਰੇਲਵੇ ਪਟੜੀ 'ਤੇ ਆ ਜਾਣ ਕਾਰਨ ਲੱਤ ਕੱਟੀ ਗਈ ਅਤੇ ਇਕ ਪੈਰ ਦੀਆਂ ਉਂਗਲਾ ਅਤੇ ਹੱਥ ਦੀਆਂ ਉਂਗਲਾ ਵੀ ਕੱਟੀਆਂ ਗਈਆਂ । ਹਾਦਸਾ ਵਾਪਰਦਾ ਦੇਖ ਸਵਾਰੀਆਂ ਨੇ ਟ?ਰੇਨ ਦੀ ਚੈਨ ਖਿੱਚੀ, ਜਿਸ ਕਾਰਨ ਟ?ਰੇਨ ਰੁਕਣ 'ਤੇ ਉਕਤ ਲੜਕੀ ਨੂੰ ਬਾਹਰ ਕੱਢ ਕੇ ਸਰਕਾਰੀ ਰਾਜਿੰਦਰਾ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਇਹ ਪਰਿਵਾਰ ਐੱਮਪੀ ਦੇ ਦਤੀਆਂ ਸ਼ਹਿਰ ਤੋਂ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਮੱਥਾ ਟੇਕਣ ਜਾ ਰਿਹਾ ਸੀ।

## 'ਯੁੱਧ ਨਸ਼ਿਆਂ ਵਿਰੁੱਧ' ਤਹਿਤ 110ਵੇਂ ਦਿਨ 132 ਨਸ਼ਾ ਸਮੱਗਲਰ ਕਾਬੂ

ਚੰਡੀਗੜ੍ਹ/ਜਲੰਧਰ 20 ਜੂਨ। 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ 110ਵੇਂ ਦਿਨ ਪੰਜਾਬ ਪੁਲਸ ਨੇ ਵੀਰਵਾਰ ਨੂੰ 132 ਨਸ਼ਾ ਸਮੱਗਲਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ 1.08 ਕਿੱਲੋ ਹੈਰੋਇਨ ਤੇ 87,540 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਹੁਣ ਤੱਕ ਗ੍ਰਿਫ਼ਤਾਰ ਕੀਤੇ ਗਏ ਕੁੱਲ੍ਹ ਨਸ਼ਾ ਸਮੱਗਲਰਾਂ ਦੀ ਗਿਣਤੀ 18,236 ਹੋ ਗਈ ਹੈ। ਸਪੈਸ਼ਲ ਡੀ. ਜੀ. ਪੀ. ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 96 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1500 ਤੋਂ ਵੱਧ ਪੁਲਸ ਕਰਮਚਾਰੀਆਂ ਦੀ ਸ਼ਮੂਲੀਅਤ ਵਾਲੀਆਂ 220 ਤੋਂ ਵੱਧ ਟੀਮਾਂ ਨੇ ਸੂਬੇ ਭਰ 'ਚ 544 ਥਾਵਾਂ 'ਤੇ ਛਾਪੇਮਾਰੀ ਕਰਦਿਆਂ 100 ਐੱਫ਼. ਆਈ. ਆਰਜ਼ ਦਰਜ ਕੀਤੀਆਂ। ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਸ ਟੀਮਾਂ ਨੇ 571 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ। ਆਪ੍ਰੇਸ਼ਨ ਤਹਿਤ 67 ਵਿਅਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਗਿਆ ਹੈ।

## ਇਨਫਲੂਐਂਸਰ ਦੀਪਿਕਾ ਨੂੰ ਧਮਕੀ ਦੇਣ ਵਾਲੇ ਦੋਵੇਂ ਮੁਲਜ਼ਮ ਜੁਡੀਸ਼ੀਅਲ ਕਸਟਡੀ 'ਚ ਭੇਜੇ

ਅੰਮ੍ਰਿਤਸਰ 20 ਜੂਨ। ਸੋਸ਼ਲ ਮੀਡੀਆ ਇਨਫਲੂਐਂਸਰ ਦੀਪਿਕਾ ਲੂਥਰਾ ਨੂੰ ਈਮੇਲ ਰਾਹੀਂ ਧਮਕੀਆਂ ਦੇਣ ਵਾਲੇ ਮਾਮਲੇ ਵਿੱਚ ਅੱਜ ਦੋਵੇਂ ਮੁਲਜ਼ਮਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਦੋਵਾਂ ਨੂੰ ਜੁਡੀਸ਼ੀਅਲ ਕਸਟਡੀ ਵਿੱਚ ਭੇਜਣ ਦੇ ਆਦੇਸ਼ ਜਾਰੀ ਕੀਤੇ ਹਨ। ਪੁਲਸ ਅਨੁਸਾਰ ਰਮਨਦੀਪ ਸਿੰਘ ਨੂੰ ਪਟਿਆਲਾ ਤੋਂ ਤੇ ਜਸਪ੍ਰੀਤ ਸਿੰਘ ਨੂੰ ਲੁਧਿਆਣਾ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਦੋਵਾਂ ਨੂੰ ਅੱਜ ਅੰਮ੍ਰਿਤਸਰ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿੱਥੇ ਮਾਨਯੋਗ ਜੱਜ ਨੇ ਦੋਵਾਂ ਨੂੰ ਜੁਡੀਸ਼ਲ ਹਿਰਾਸਤ ਵਿੱਚ ਭੇਜ ਦਿੱਤਾ। ਐੱਸ. ਐੱਚ. ਓ. ਮੋਹਿਤ ਕੁਮਾਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਦੋਵਾਂ ਦੇ ਮੋਬਾਇਲ ਫੋਨਾਂ ਦੀ ਫੋਰੈਂਸਿਕ ਜਾਂਚ ਲਈ ਭੇਜਿਆ ਗਿਆ ਹੈ। ਪੁਲਸ ਵਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਹੋਰ ਪਹਿਲੂਆਂ ਦੀ ਜਾਂਚ ਵੀ ਜਾਰੀ ਹੈ।

## ਹਨੀ ਟਰੈਪ ਰੈਕੇਟ ਚਲਾਉਣ ਵਾਲੇ ਪੁਲਸ ਅਧਿਕਾਰੀ ਤੇ ਸਰਕਾਰੀ ਵਕੀਲ ਗ੍ਰਿਫ਼ਤਾਰ

ਗੁਰਦਾਸਪੁਰ/ਰਾਵਲਪਿੰਡੀ 20 ਜੂਨ। ਪਾਕਿਸਤਾਨ ਵਿੱਚ ਹਨੀ ਟ?ਰੈਪ ਰੈਕੇਟ ਚਲਾਉਣ ਦੇ ਦੋਸ਼ ਵਿੱਚ ਇੱਕ ਪੁਲਸ ਅਧਿਕਾਰੀ ਅਤੇ ਇੱਕ ਸਰਕਾਰੀ ਵਕੀਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਗਿਰੋਹ ਦੇ ਹੋਰ ਮੈਂਬਰਾਂ ਨੂੰ ਫੜਨ ਲਈ ਵੀ ਛਾਪੇਮਾਰੀ ਕਰ ਰਹੀ ਹੈ। ਸਰਹੱਦ ਪਾਰ ਸੂਤਰਾਂ ਅਨੁਸਾਰ ਏ.ਐੱਸ.ਆਈ ਅਹਿਸਾਨਉੱਲਾ ਦੀ ਸ਼ਿਕਾਇਤ 'ਤੇ ਰਾਵਲਪਿੰਡੀ ਏਅਰਪੋਰਟ ਪੁਲਸ ਵਿੱਚ ਇਸ ਗਿਰੋਹ ਵਿਰੁੱਧ ਕੇਸ ਦਰਜ ਕੀਤਾ ਗਿਆ ਸੀ ਜੋ ਨਾਗਰਿਕਾਂ ਨੂੰ ਹਨੀ ਟ?ਰੈਪ ਵਿੱਚ ਫਸਾ ਕੇ ਵੱਡੀ ਰਕਮ ਵਸੂਲਦਾ ਸੀ। ਪੁਲਸ ਬੁਲਾਰੇ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਇੱਕ ਏਐੱਸਆਈ ਅਤੇ ਇੱਕ ਸਰਕਾਰੀ ਵਕੀਲ ਸਮੇਤ ਅੱਠ ਲੋਕਾਂ ਨੂੰ ਨਾਮਜ਼ਦ ਕੀਤਾ ਗਿਆ ਹੈ, ਜਿਸ ਵਿੱਚ ਇੱਕ ਨਕਲੀ ਵਕੀਲ ਵੀ ਸ਼ਾਮਲ ਹੈ। ਇਹ ਗਿਰੋਹ ਰਾਵਲਪਿੰਡੀ, ਅਟਕ ਅਤੇ ਜਿਹਲਮ ਸਮੇਤ ਵੱਖ-ਵੱਖ ਜ਼ਿਲ੍ਹਿਆਂ ਵਿੱਚ ਝੂਠੇ ਕੇਸ ਦਰਜ ਕਰਨ ਅਤੇ ਔਰਤਾਂ ਦੇ ਜਾਅਲੀ ਪਛਾਣ ਪੱਤਰ ਬਣਾਉਣ ਵਿੱਚ ਵੀ ਸ਼ਾਮਲ ਸੀ। ਬੁਲਾਰੇ ਨੇ ਕਿਹਾ ਕਿ ਗਿਰੋਹ ਦੇ ਮੈਂਬਰ ਜਾਅਲਸਾਜ਼ੀ ਵਿੱਚ ਸ਼ਾਮਲ ਸਨ ਅਤੇ ਉਹ ਔਰਤਾਂ ਦੇ ਸੀਐਨਆਈਸੀ ਕਾਰਡਾਂ 'ਤੇ ਫੋਟੋਆਂ ਬਦਲ ਕੇ ਅਤੇ ਉਨ੍ਹਾਂ ਨੂੰ ਪੀੜਤ ਵਜੋਂ ਪੇਸ਼ ਕਰਕੇ ਕੇਸ ਦਰਜ ਕਰਦੇ ਸਨ।

## ਪੁਲਸ ਨੂੰ ਮੰਗਣੀ ਪਈ ਗ਼ਲਤੀ ਦੀ ਮੁਆਫ਼ੀ, ਹੈਰਾਨ ਕਰੇਗੀ ਵਜਹਾ

ਨਵੀਂ ਦਿੱਲੀ 20 ਜੂਨ। ਦਿੱਲੀ ਪੁਲਸ ਨੇ ਨੋਇਡਾ ਦੇ ਇਕ ਪੱਤਰਕਾਰ ਨੂੰ ਗਲਤੀ ਨਾਲ ਇਕ ਅਪਰਾਧਕ ਮਾਮਲੇ ਦਾ ਸ਼ੱਕੀ ਸਮਝ ਲਿਆ ਅਤੇ ਬਾਅਦ 'ਚ ਇਸ ਲਈ ਮੁਆਫ਼ੀ ਮੰਗੀ। ਇਕ ਅਧਿਕਾਰੀ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਬਾਹਰੀ ਦਿੱਲੀ ਦੇ ਪ੍ਰੇਮ ਨਗਰ ਪੁਲਸ ਥਾਣੇ ਦੇ ਸਬ ਇੰਸਪੈਕਟਰ, ਇਕ ਹੈੱਡ ਕਾਂਸਟੇਬਲ ਅਤੇ ਇਕ ਕਾਂਸਟੇਬਲ ਦੀ ਟੀਮ ਭਾਰਤੀ ਨਿਆਂ ਸੰਹਿਤਾ ਦੀਆਂ ਧਾਰਾਵਾਂ 318 (4) (ਕੀਮਤੀ ਸੁਰੱਖਿਆ ਨਾਲ ਜੁੜੀ ਧੋਖਾਧੜੀ) ਅਤੇ 61 (2) (ਅਪਰਾਧਕ ਸਾਜਿਸ਼) ਦੇ ਅਧੀਨ ਇਕ ਮਾਮਲੇ ਦੀ ਜਾਂਚ ਕਰ ਰਹੀ ਸੀ। ਪੁਲਸ ਡਿਪਟੀ ਕਮਿਸ਼ਨਰ ਪ੍ਰਸ਼ਾਂਤ ਗੌਤਮ ਨ ਕਿਹਾ,"ਟੀਮ ਬਹਾਦਰਗੜ੍ਹ ਵਾਸੀ ਰਾਹੁਲ ਵਜੋਂ ਪਛਾਣ ਗਏ ਮੁਲਜ਼ਮ ਦੇ ਮੋਬਾਇਲ ਫੋਨ ਦੇ ਮਾਧਿਅਮ ਨਾਲ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਸੀ ਕਿ ਉਹ ਕਿੱਥੇ ਹੈ।" ਉਨ੍ਹਾਂ ਕਿਹਾ ਕਿ ਇਸੇ ਪ੍ਰਕਿਰਿਆ ਦੌਰਾਨ ਟੀਮ ਨੋਇਡਾ ਦੇ ਸੈਕਟਰ 38 'ਚ ਇਕ ਪੈਟਰੋਲ ਪੰਪ 'ਤੇ ਪਹੁੰਚੀ, ਜਿੱਥੇ ਉਨ੍ਹਾਂ ਨੂੰ ਇਕ ਵਿਅਕਤੀ ਆਪਣੀ ਪਤਨੀ ਨਾਲ ਕਾਰ 'ਚ ਮਿਲਿਆ, ਜਿਸ ਦਾ ਵੇਰਵਾ ਸ਼ੱਕੀ ਨਾਲ ਮੇਲ ਖਾਂਦਾ ਸੀ। ਡੀਸੀਪੀ ਨੇ ਕਿਹਾ,"ਜਦੋਂ ਟੀਮ ਨੇ ਉਸ ਤੋਂ ਪਛਾਣ ਪੱਤਰ ਦਿਖਾਉਣ ਲਈ ਕਿਹਾ ਤਾਂ ਉਸ ਨੇ ਇਨਕਾਰ ਕਰ ਦਿੱਤਾ ਅਤੇ ਬਹਿਸ ਕਰਨ ਲੱਗਾ। ਬਾਅਦ 'ਚ ਉਸ ਵਿਅਕਤੀ ਨੇ ਦੱਸਿਆ ਕਿ ਉਸ ਦਾ ਨਾਂ ਰਾਹੁਲ ਸ਼ਾਹ ਹੈ ਅਤੇ ਉਹ ਨੋਇਡਾ 'ਚ ਪੱਤਰਕਾਰ ਹੈ।" ਉਨ੍ਹਾਂ ਦੱਸਿਆ ਕਿ ਗਲਤੀ ਦਾ ਅਹਿਸਾਸ ਹੋਣ 'ਤੇ ਪੁਲਸ ਦਲ ਨੇ ਮੁਆਫ਼ੀ ਮੰਗੀ ਅਤੇ ਥਾਣੇ ਵਾਪਸ ਪਰਤ ਗਈ। ਅਧਿਕਾਰੀ ਨੇ ਕਿਹਾ,"ਕੋਈ ਗਲਤ ਰਵੱਈਆ ਨਹੀਂ ਕੀਤ ਗਿਆ ਅਤੇ ਨਾ ਹੀ ਕੋਈ ਤਾਕਤ ਦੀ ਵਰਤੋਂ ਕੀਤੀ ਗਈ।" ਡੀਸੀਪੀ ਨੇ ਕਿਹਾ ਕਿ ਨੈਨ-ਨਕਸ਼ ਅਤੇ ਨਾਂ 'ਚ ਸਮਾਨਤਾ ਕਾਰਨ ਭਰਮ ਦੀ ਸਥਿਤੀ ਪੈਦਾ ਹੋਈ। ਘਟਨਾ ਬਾਰੇ ਇਕ ਅੰਦਰੂਨੀ ਨੋਟ ਤਿਆਰ ਕੀਤਾ ਗਿਆ ਹੈ ਅਤੇ ਅੱਗੇ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।



## ਗਰਮੀਆਂ ਦੀਆਂ ਵਿਸ਼ੇਸ਼ ਰੇਲਗੱਡੀਆਂ-2025

ਰੇਲਯਾਤਰੀਆਂ ਦੀ ਸਹੂਲਤ ਦੇ ਲਈ ਰੇਲਵੇ ਦੁਆਰਾ ਹੇਠਾਂ ਲਿਖਤ ਗਰਮੀਆਂ ਦੀਆਂ ਸਪੈਸ਼ਲ ਐਕਸਪ੍ਰੈਸ ਰੇਲਗੱਡੀਆਂ ਦਾ ਸੰਚਾਲਨ ਕੀਤਾ ਜਾਵੇਗਾ, ਜਿਨ੍ਹਾਂ ਦਾ ਵਿਸਤ੍ਰਿਤ ਵੇਰਵਾ ਹੇਠਾਂ ਅਨੁਸਾਰ ਹੈ:-

| ਗੱਡੀ ਨੰਬਰ | ਸਟੇਸ਼ਨ ਤੋਂ | ਜਾਣ ਦਾ ਸਮਾਂ | ਸਟੇਸ਼ਨ ਤਕ | ਆਉਣ ਦਾ ਸਮਾਂ | ਆਵ੍ਰਿਤੀ | ਚੱਲਣ ਦੇ ਦਿਨ | ਚੱਲਣ ਦਾ ਸਮਾਂ |
|---|---|---|---|---|---|---|---|
| 04088 | ਨਵੀਂ ਦਿੱਲੀ | 15:50 | ਪਟਨਾ ਜੰਕਸ਼ਨ | 08:40 | ਰੋਜਾਨਾ | | 10.07.2025 ਤਕ |
| 04087 | ਪਟਨਾ ਜੰਕਸ਼ਨ | 10:00 | ਨਵੀਂ ਦਿੱਲੀ | 03:20 | | | 11.07.2025 ਤਕ |
| 04064 | ਨਵੀਂ ਦਿੱਲੀ | 09:30 | ਸ਼ੇਖਪੁਰਾ | 04:30 | ਦ੍ਵਿ-ਸਪਤਾਹਿਕ | ਸੋਮ, ਵੀਰ | 10.07.2025 ਤਕ |
| 04063 | ਸ਼ੇਖਪੁਰਾ | 06:00 | ਨਵੀਂ ਦਿੱਲੀ | 01:10 | | ਮੰਗਲ, ਸ਼ੁਕਰ | 11.07.2025 ਤਕ |
| 04066 | ਨਵੀਂ ਦਿੱਲੀ | 21:35 | ਸਹਰਸਾ ਜੰਕਸ਼ਨ | 22:00 | ਦ੍ਵਿ-ਸਪਤਾਹਿਕ | ਸੋਮ, ਵੀਰ | 10.07.2025 ਤਕ |
| 04065 | ਸਹਰਸਾ ਜੰਕਸ਼ਨ | 23:55 | ਨਵੀਂ ਦਿੱਲੀ | 23:30 | | ਮੰਗਲ, ਸ਼ੁਕਰ | 11.07.2025 ਤਕ |
| 04022 | ਨਵੀਂ ਦਿੱਲੀ | 14:00 | ਗੋਰਖਪੁਰ | 05:00 | ਸਪਤਾਹਿਕ | ਸ਼ੁਕਰਵਾਰ | 11.07.2025 ਤਕ |
| 04021 | ਗੋਰਖਪੁਰ | 07:00 | ਨਵੀਂ ਦਿੱਲੀ | 23:10 | | ਸ਼ਨੀਵਾਰ | 12.07.2025 ਤਕ |
| 04081 | ਨਵੀਂ ਦਿੱਲੀ | 23:45 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 11:40 | ਤ੍ਰੀ-ਸਪਤਾਹਿਕ | ਸੋਮਵਾਰ, ਬੁਧ, ਸ਼ਨੀ | 12.07.2025 ਤਕ |
| 04082 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 21:20 | ਨਵੀਂ ਦਿੱਲੀ | 09:30 | | ਮੰਗਲ, ਵੀਰ ਐਤਵਾਰ | 13.07.2025 ਤਕ |
| 04012 | ਦਿੱਲੀ ਜੰਕਸ਼ਨ | 19:30 | ਦਰਭੰਗਾ ਜੰਕਸ਼ਨ | 20:30 | ਦ੍ਵਿ-ਸਪਤਾਹਿਕ | ਮੰਗਲ, ਸ਼ੁਕਰ, | 11.07.2025 ਤਕ |
| 04011 | ਦਰਭੰਗਾ ਜੰਕਸ਼ਨ | 22:00 | ਦਿੱਲੀ ਜੰਕਸ਼ਨ | 22:40 | | ਬੁਧ, ਸ਼ਨੀ | 12.07.2025 ਤਕ |
| 04024 | ਦਿੱਲੀ ਜੰਕਸ਼ਨ | 19:30 | ਵਾਰਾਨਸੀ ਜੰਕਸ਼ਨ | 09:45 | ਤ੍ਰੀ-ਸਪਤਾਹਿਕ | ਸੋਮ, ਵੀਰ, ਸ਼ਨੀ | 10.07.2025 ਤਕ |
| 04023 | ਵਾਰਾਨਸੀ ਜੰਕਸ਼ਨ | 18:35 | ਦਿੱਲੀ ਜੰਕਸ਼ਨ | 08:50 | | ਮੰਗਲ, ਸ਼ੁਕਰ, ਐਤ | 11.07.2025 ਤਕ |
| 04026 | ਦਿੱਲੀ ਜੰਕਸ਼ਨ | 23:05 | ਰਕਸੌਲ ਜੰਕਸ਼ਨ | 19:00 | ਸਪਤਾਹਿਕ | ਵੀਰਵਾਰ | 10.07.2025 ਤਕ |
| 04025 | ਰਕਸੌਲ ਜੰਕਸ਼ਨ | 22:00 | ਦਿੱਲੀ ਜੰਕਸ਼ਨ | 17:45 | | ਸ਼ੁਕਰਵਾਰ | 11.07.2025 ਤਕ |
| 04018 | ਆਨੰਦ ਵਿਹਾਰ (ਟ.) | 09:00 | ਮੁਜਫਰਪੁਰ ਜੰ. | 04:30 | ਸਪਤਾਹਿਕ | ਵੀਰਵਾਰ | 10.07.2025 ਤਕ |
| 04017 | ਮੁਜਫਰਪੁਰ ਜੰ. | 06:15 | ਆਨੰਦ ਵਿਹਾਰ (ਟ) | 03:10 | | ਸ਼ੁਕਰਵਾਰ | 11.07.2025 ਤਕ |
| 04020 | ਆਨੰਦ ਵਿਹਾਰ (ਟ) | 19:30 | ਬਰੌਨੀ ਜੰਕਸ਼ਨ | 18:00 | ਸਪਤਾਹਿਕ | ਐਤਵਾਰ | 06.07.2025 ਤਕ |
| 04019 | ਬਰੌਨੀ ਜੰਕਸ਼ਨ | 20:00 | ਆਨੰਦ ਵਿਹਾਰ (ਟ) | 19:00 | | ਸੋਮਵਾਰ | 07.07.2025 ਤਕ |
| 04096 | ਆਨੰਦ ਵਿਹਾਰ (ਟ) | 04:59 | ਜਯਨਗਰ | 05:20 | ਦ੍ਵਿ-ਸਪਤਾਹਿਕ | ਸੋਮ, ਵੀਰ, | 10.07.2025 ਤਕ |
| 04095 | ਜਯਨਗਰ | 07:30 | ਆਨੰਦ ਵਿਹਾਰ (ਟ) | 08:10 | | ਮੰਗਲ, ਸ਼ੁਕਰ | 11.07.2025 ਤਕ |
| 04098 | ਆਨੰਦ ਵਿਹਾਰ (ਟ) | 05:00 | ਸੀਤਾਮੜ੍ਹੀ | 02:30 | ਦ੍ਵਿ-ਸਪਤਾਹਿਕ | ਮੰਗਲ, ਸ਼ੁਕਰ | 11.07.2025 ਤਕ |
| 04097 | ਸੀਤਾਮੜ੍ਹੀ | 03:45 | ਆਨੰਦ ਵਿਹਾਰ (ਟ) | 01:30 | | ਬੁਧ, ਸ਼ਨੀ | 12.07.2025 ਤਕ |
| 04094 | ਆਨੰਦ ਵਿਹਾਰ (ਟ) | 23:55 | ਜੋਗਬਨੀ | 07:30 | ਸਪਤਾਹਿਕ | ਵੀਰਵਾਰ | 10.07.2025 ਤਕ |
| 04093 | ਜੋਗਬਨੀ | 09:30 | ਆਨੰਦ ਵਿਹਾਰ (ਟ) | 16:00 | | ਸ਼ਨੀਵਾਰ | 12.07.2025 ਤਕ |
| 04207 | ਲਖਨਊ ਜੰ. | 08:05 | ਨਵੀਂ ਦਿੱਲੀ | 18:30 | ਸਪਤਾਹਿਕ | ਸੋਮਵਾਰ | 07.07.2025 ਤਕ |
| 04208 | ਨਵੀਂ ਦਿੱਲੀ | 20:20 | ਲਖਨਊ ਜੰਕਸ਼ਨ | 06:35 | | ਸੋਮਵਾਰ | 07.07.2025 ਤਕ |
| 04217 | ਵਾਰਾਨਸੀ ਜੰ. | 06:25 | ਲਖਨਊ ਜੰਕਸ਼ਨ | 11:45 | ਰੋਜਾਨਾ | | 30.06.2025 ਤਕ |
| 04218 | ਲਖਨਊ ਜੰ. | 16:30 | ਵਾਰਾਨਸੀ ਜੰਕਸ਼ਨ | 21:50 | | | 30.06.2025 ਤਕ |
| 04219 | ਸ਼ਾਹਗੰਜ ਜੰ. | 22:35 | ਅਯੁਧਿਆ ਧਾਮ ਜੰਕਸ਼ਨ | 01:40 | ਰੋਜਾਨਾ | | 10.07.2025 ਤਕ |
| 04220 | ਅਯੁਧਿਆ ਧਾਮ ਜੰ. | 02:10 | ਸ਼ਾਹਗੰਜ ਜੰਕਸ਼ਨ | 04:40 | | | 10.07.2025 ਤਕ |
| 02270 | ਲਖਨਊ ਜੰ. (ਵੰਦੇ ਭਾਰਤ ਐਕਸਪ੍ਰੈਸ) | 14:15 | ਛਪਰਾ | 21:30 | ਸਪਤਾਹ ਵਿਚ 6 ਦਿਨ | ਮੰਗਲਵਾਰ ਨੂੰ ਛੱਡ ਕੇ | 11.07.2025 ਤਕ |
| 02269 | ਛਪਰਾ | 23:00 | ਲਖਨਊ ਜੰਕਸ਼ਨ | 06:30 | | | 11.07.2025 ਤਕ |
| 04604 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 18:15 | ਵਾਰਾਨਸੀ ਜੰਕਸ਼ਨ | 19:00 | ਸਪਤਾਹਿਕ | ਐਤਵਾਰ | 06.07.2025 ਤਕ |
| 04603 | ਵਾਰਾਨਸੀ ਜੰ. | 05:00 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 06:00 | | ਮੰਗਲਵਾਰ | 08.07.2025 ਤਕ |
| 04206 | ਵਾਰਾਨਸੀ ਜੰ. | 14:50 | ਚੰਡੀਗੜ੍ਹ | 07:45 | ਸਪਤਾਹਿਕ | ਸ਼ਨੀਵਾਰ | 05.07.2025 ਤਕ |
| 04205 | ਚੰਡੀਗੜ੍ਹ | 09:30 | ਵਾਰਾਨਸੀ ਜੰਕਸ਼ਨ | 01:20 | | ਐਤਵਾਰ | 06.07.2025 ਤਕ |
| 04518 | ਬਠਿੰਡਾ ਜੰ. | 20:50 | ਵਾਰਾਨਸੀ ਜੰਕਸ਼ਨ | 17:30 | ਦ੍ਵਿ-ਸਪਤਾਹਿਕ | ਸੋਮ, ਸ਼ੁਕਰ, | 11.07.2025 ਤਕ |
| 04517 | ਵਾਰਾਨਸੀ ਜੰ. | 20:40 | ਬਠਿੰਡਾ ਜੰਕਸ਼ਨ | 17:00 | | ਮੰਗਲ, ਸ਼ਨੀ | 12.07.2025 ਤਕ |
| 04302 | ਯੋਗ ਨਗਰੀ ਰਿਸ਼ੀਕੇਸ਼ | 15:20 | ਮੁਜੱਫਰਪੁਰ ਜੰਕਸ਼ਨ | 13:00 | ਸਪਤਾਹਿਕ | ਮੰਗਲਵਾਰ | 15.07.2025 ਤਕ |
| 04301 | ਮੁਜੱਫਰਪੁਰ ਜੰ. | 15:00 | ਯੋਗ ਨਗਰੀ ਰਿਸ਼ੀਕੇਸ਼ | 14:20 | | ਬੁਧਵਾਰ | 16.07.2025 ਤਕ |
| 04610 | ਜੰਮੂ ਤਵੀ | 06:20 | ਵਾਰਾਨਸੀ ਜੰਕਸ਼ਨ | 05:10 | ਸਪਤਾਹਿਕ | ਵੀਰਵਾਰ | 09.07.2025 ਤਕ |
| 04609 | ਵਾਰਾਨਸੀ ਜੰ. | 09:00 | ਜੰਮੂ ਤਵੀ | 07:45 | | ਸ਼ੁਕਰਵਾਰ | 10.07.2025 ਤਕ |
| 04304 | ਯੋਗ ਨਗਰੀ ਰਿਸ਼ੀਕੇਸ਼ | 15:20 | ਗੋਰਖਪੁਰ | 06:20 | ਸਪਤਾਹਿਕ | ਸ਼ਨੀਵਾਰ | 12.07.2025 ਤਕ |
| 04303 | ਗੋਰਖਪੁਰ | 09:00 | ਯੋਗ ਨਗਰੀ ਰਿਸ਼ੀਕੇਸ਼ | 00:55 | | ਐਤਵਾਰ | 13.07.2025 ਤਕ |
| 04602 | ਫਿਰੋਜਪੁਰ ਕੈਂਟ ਜੰ. | 15:10 | ਪਟਨਾ ਜੰਕਸ਼ਨ | 18:00 | ਦ੍ਵਿ-ਸਪਤਾਹਿਕ | ਬੁਧ, ਸ਼ਨੀਵਾਰ | 12.07.2025 ਤਕ |
| 04601 | ਪਟਨਾ ਜੰਕਸ਼ਨ | 20:50 | ਫਿਰੋਜਪੁਰ ਕੈਂਟ ਜੰਕਸ਼ਨ | 23:55 | | ਵੀਰ, ਐਤਵਾਰ | 13.07.2025 ਤਕ |
| 04608 | ਅੰਮ੍ਰਿਤਸਰ ਜੰ. | 20:10 | ਦਰਭੰਗਾ ਜੰਕਸ਼ਨ | 02:30 | ਸਪਤਾਹਿਕ | ਸ਼ੁਕਰਵਾਰ | 11.07.2025 ਤਕ |
| 04607 | ਦਰਭੰਗਾ ਜੰ. | 04:00 | ਅੰਮ੍ਰਿਤਸਰ ਜੰਕਸ਼ਨ | 10:30 | | ਐਤਵਾਰ | 13.07.2025 ਤਕ |
| 04212 | ਸੁਲਤਾਨਪੁਰ ਜੰ. | 04:00 | ਲੋਕਮਾਨਯ ਤਿਲਕ (ਟ.) | 14:00 | ਸਪਤਾਹਿਕ | ਸੋਮਵਾਰ | 23.06.2025 ਤਕ |
| 04211 | ਲੋਕਮਾਨਯ ਤਿਲਕ (ਟ.) | 16:35 | ਸੁਲਤਾਨਪੁਰ ਜੰ. | 23:00 | | ਮੰਗਲਵਾਰ | 24.06.2025 ਤਕ |
| 05559 | ਰਕਸੌਲ ਜੰਕਸ਼ਨ | 05:30 | ਉਧਨਾ ਜੰਕਸ਼ਨ | 12:35 | ਸਪਤਾਹਿਕ | ਸ਼ਨੀਵਾਰ | 26.07.2025 ਤਕ |
| 05560 | ਉਧਨਾ ਜੰਕਸ਼ਨ | 15:35 | ਰਕਸੌਲ ਜੰਕਸ਼ਨ | 00:15 | | ਐਤਵਾਰ | 27.07.2025 ਤਕ |
| 04058 | ਨਵੀਂ ਦਿੱਲੀ | 19:30 | ਸਹਰਸਾ ਜੰਕਸ਼ਨ | 19:50 | ਦ੍ਵਿ-ਸਪਤਾਹਿਕ | ਮੰਗਲ, ਸ਼ੁਕਰ | 11.07.2025 ਤਕ |
| 04057 | ਸਹਰਸਾ ਜੰਕਸ਼ਨ | 21:40 | ਨਵੀਂ ਦਿੱਲੀ | 23:30 | | ਬੁਧ, ਸ਼ਨੀ | 12.07.2025 ਤਕ |
| 04072 | ਦਿੱਲੀ ਜੰਕਸ਼ਨ | 11:00 | ਦਰਭੰਗਾ ਜੰਕਸ਼ਨ | 13:30 | ਦ੍ਵਿ-ਸਪਤਾਹਿਕ | ਸੋਮ, ਵੀਰ | 10.07.2025 ਤਕ |
| 04071 | ਦਰਭੰਗਾ ਜੰਕਸ਼ਨ | 15:00 | ਦਿੱਲੀ ਜੰਕਸ਼ਨ | 18:50 | | ਮੰਗਲ, ਸ਼ੁਕਰ | 11.07.2025 ਤਕ |
| 04074 | ਆਨੰਦ ਵਿਹਾਰ (ਟ.) | 23:55 | ਜੋਗਬਨੀ | 07:30 | ਸਪਤਾਹਿਕ | ਸ਼ੁਕਰਵਾਰ | 11.07.2025 ਤਕ |
| 04073 | ਜੋਗਬਨੀ | 09:30 | ਆਨੰਦ ਵਿਹਾਰ (ਟ.) | 16:00 | | ਐਤਵਾਰ | 13.07.2025 ਤਕ |
| 03255 | ਪਟਨਾ ਜੰਕਸ਼ਨ | 22:20 | ਆਨੰਦ ਵਿਹਾਰ (ਟ.) | 18:35 | ਦ੍ਵਿ-ਸਪਤਾਹਿਕ | ਐਤ, ਵੀਰ | 02.01.2025 ਤੋਂ ਅਗਲੇ ਆਦੇਸ਼ ਤਕ |
| 03256 | ਆਨੰਦ ਵਿਹਾਰ (ਟ.) | 23:30 | ਪਟਨਾ ਜੰਕਸ਼ਨ | 18:35 | | ਸੋਮ, ਸ਼ੁਕਰ | 03.01.2025 ਤੋਂ ਅਗਲੇ ਆਦੇਸ਼ ਤਕ |
| 05049 | ਛਪਰਾ | 10:15 | ਅੰਮ੍ਰਿਤਸਰ ਜੰਕਸ਼ਨ | 13:50 | ਸਪਤਾਹਿਕ | ਸ਼ੁਕਰਵਾਰ | 07.02.2025 ਤੋਂ ਅਗਲੇ ਆਦੇਸ਼ ਤਕ |
| 05050 | ਅੰਮ੍ਰਿਤਸਰ ਜੰ. | 17:45 | ਛਪਰਾ | 23:55 | | ਸ਼ਨੀਵਾਰ | 08.02.2025 ਤੋਂ ਅਗਲੇ ਆਦੇਸ਼ ਤਕ |
| 04092 | ਨਵੀਂ ਦਿੱਲੀ | 19:30 | ਹਾਵੜਾ ਜੰਕਸ਼ਨ | 21:40 | ਦ੍ਵਿ-ਸਪਤਾਹਿਕ | ਬੁਧ, ਸ਼ਨੀ | 19.07.2025 ਤਕ |
| 04091 | ਹਾਵੜਾ ਜੰਕਸ਼ਨ | 23:50 | ਨਵੀਂ ਦਿੱਲੀ | 01:00 | | ਵੀਰ, ਐਤ | 20.07.2025 ਤਕ |
| 04216 | ਸੁਲਤਾਨਪੁਰ ਜੰਕਸ਼ਨ | 04:00 | ਸਾਬਰਮਤੀ | 07:30 | ਸਪਤਾਹਿਕ | ਸ਼ੁਕਰਵਾਰ | 27.06.2025 ਤਕ |
| 04215 | ਸਾਬਰਮਤੀ | 08:50 | ਸੁਲਤਾਨਪੁਰ ਜੰਕਸ਼ਨ | 11:00 | | ਸ਼ਨੀਵਾਰ | 28.06.2025 ਤਕ |
| 09639 | ਮਦਾਰ ਜੰਕਸ਼ਨ | 04:30 | ਰੋਹਤਕ ਜੰਕਸ਼ਨ | 12:50 | ਰੋਜਾਨਾ | | 30.06.2025 ਤਕ |
| 09640 | ਰੋਹਤਕ ਜੰਕਸ਼ਨ | 13:20 | ਮਦਾਰ ਜੰਕਸ਼ਨ | 22:35 | | | 30.06.2025 ਤਕ |
| 04504 | ਚੰਡੀਗੜ੍ਹ | 23:35 | ਪਟਨਾ ਜੰਕਸ਼ਨ | 22:10 | ਸਪਤਾਹਿਕ | ਵੀਰਵਾਰ | 10.07.2025 ਤਕ |
| 04503 | ਪਟਨਾ ਜੰਕਸ਼ਨ | 22:45 | ਚੰਡੀਗੜ੍ਹ | 23:10 | | ਸ਼ੁਕਰਵਾਰ | 11.07.2025 ਤਕ |
| 03435 | ਮਾਲਦਾ ਟਾਊਨ | 09:30 | ਆਨੰਦ ਵਿਹਾਰ (ਟ.) | 13:40 | ਸਪਤਾਹਿਕ | ਸੋਮਵਾਰ | 30.06.2025 ਤਕ |
| 03436 | ਆਨੰਦ ਵਿਹਾਰ (ਟ.) | 15:45 | ਮਾਲਦਾ ਟਾਊਨ | 23:30 | | ਮੰਗਲਵਾਰ | 01.07.2025 ਤਕ |
| 06597 | ਯਸ਼ਵੰਤਪੁਰ ਜੰਕਸ਼ਨ | 07:00 | ਯੋਗ ਨਗਰੀ ਰਿਸ਼ੀਕੇਸ਼ | 10:20 | ਸਪਤਾਹਿਕ | ਵੀਰਵਾਰ | 03.07.2025 ਤੋਂ |
| 06598 | ਯੋਗ ਨਗਰੀ ਰਿਸ਼ੀਕੇਸ਼ | 17:55 | ਯਸ਼ਵੰਤਪੁਰ ਜੰਕਸ਼ਨ | 19:45 | | ਸ਼ਨੀਵਾਰ | 21.06.25 ਤੋਂ 05.07.25 |
| 05305 | ਛਪਰਾ | 22:00 | ਆਨੰਦ ਵਿਹਾਰ (ਟ.) | 22:10 | ਦ੍ਵਿ-ਸਪਤਾਹਿਕ | ਸੋਮ, ਵੀਰ | 17.02.2025 ਤੋਂ ਅਗਲੇ ਆਦੇਸ਼ ਤਕ |
| 05306 | ਆਨੰਦ ਵਿਹਾਰ (ਟ.) | 00:20 | ਛਪਰਾ | 22:50 | | ਬੁਧ, ਸ਼ਨੀ | 19.02.2025 ਤੋਂ ਅਗਲੇ ਆਦੇਸ਼ ਤਕ |
| 05057 | ਗੋਰਖਪੁਰ ਜੰਕਸ਼ਨ | 22:45 | ਦਿੱਲੀ ਜੰਕਸ਼ਨ | 12:50 | ਸਪਤਾਹਿਕ | ਵੀਰਵਾਰ | 06.02.2025 ਤੋਂ ਅਗਲੇ ਆਦੇਸ਼ ਤਕ |
| 05058 | ਦਿੱਲੀ ਜੰਕਸ਼ਨ | 14:00 | ਗੋਰਖਪੁਰ ਜੰਕਸ਼ਨ | 06:25 | | ਸ਼ੁਕਰਵਾਰ | 07.02.2025 ਤੋਂ ਅਗਲੇ ਆਦੇਸ਼ ਤਕ |
| 01701 | ਜਬਲਪੁਰ | 19:40 | ਅਯੁਧਿਆ ਕੈਂਟ | 11:00 | ਸਪਤਾਹਿਕ | ਬੁਧਵਾਰ | 25.06.2025 ਤਕ |
| 01702 | ਅਯੁਧਿਆ ਕੈਂਟ | 13:30 | ਜਬਲਪੁਰ | 04:15 | | ਵੀਰਵਾਰ | 26.06.2025 ਤਕ |
| 03309 | ਧਨਬਾਦ ਜੰਕਸ਼ਨ | 10:10 | ਜੰਮੂ ਤਵੀ | 22:40 | ਦ੍ਵਿ-ਸਪਤਾਹਿਕ | ਮੰਗਲ, ਸ਼ਨੀ | 28.06.2025 ਤਕ |
| 03310 | ਜੰਮੂ ਤਵੀ | 23:30 | ਧਨਬਾਦ ਜੰ. | 13:00 | | ਬੁਧ, ਐਤ | 29.06.2025 ਤਕ |
| 02397 | ਗਯਾ | 14:15 | ਆਨੰਦ ਵਿਹਾਰ (ਟ.) | 07:10 | ਸਪਤਾਹਿਕ | ਐਤਵਾਰ | 29.06.2025 ਤਕ |
| 02398 | ਆਨੰਦ ਵਿਹਾਰ (ਟ.) | 08:20 | ਗਯਾ | 00:30 | | ਸੋਮਵਾਰ | 30.06.2025 ਤਕ |
| 03257 | ਦਾਨਾਪੁਰ | 07:30 | ਆਨੰਦ ਵਿਹਾਰ (ਟ.) | 00:30 | ਸਪਤਾਹਿਕ | ਐਤਵਾਰ | 27.07.2025 ਤਕ |
| 03258 | ਆਨੰਦ ਵਿਹਾਰ (ਟ.) | 05:00 | ਦਾਨਾਪੁਰ | 20:45 | | ਸੋਮਵਾਰ | 28.07.2025 ਤਕ |
| 03697 | ਗਯਾ | 14:15 | ਦਿੱਲੀ ਜੰ. | 07:45 | ਸਪਤਾਹ ਵਿਚ 6 ਦਿਨ | ਐਤ ਨੂੰ ਛੱਡ ਕੇ | 30.06.2025 ਤਕ |
| 03698 | ਦਿੱਲੀ ਜੰਕਸ਼ਨ | 08:55 | ਗਯਾ | 00:30 | | ਸੋਮ ਨੂੰ ਛੱਡੇ ਕੇ | 01.07.2025 ਤਕ |
| 05577 | ਸਹਰਸਾ ਜੰਕਸ਼ਨ | 20:00 | ਆਨੰਦ ਵਿਹਾਰ (ਟ.) | 00:30 | ਸਪਤਾਹ ਵਿਚ 5 ਦਿਨ | ਵੀਰ, ਸ਼ਨੀ ਨੂੰ ਛੱਡ ਕੇ | 30.06.2025 ਤਕ |
| 05578 | ਆਨੰਦ ਵਿਹਾਰ (ਟ.) | 05:15 | ਸਹਰਸਾ ਜੰ. | 10:30 | | ਸ਼ਨੀ, ਸੋਮ ਨੂੰ ਛੱਡ ਕੇ | 02.07.2025 ਤਕ |
| 02393 | ਰਾਜੇਂਦਰ ਨਗਰ (ਟ.) | 19:45 | ਨਵੀਂ ਦਿੱਲੀ | 12:10 | ਸਪਤਾਹ ਵਿਚ 6 ਦਿਨ | ਵੀਰਵਾਰ ਨੂੰ ਛੱਡ ਕੇ | 30.06.2025 ਤਕ |
| 02394 | ਨਵੀਂ ਦਿੱਲੀ | 18:30 | ਰਾਜੇਂਦਰ ਨਗਰ ਟ. | 10:00 | | ਸ਼ੁਕਰ ਨੂੰ ਛੱਡ ਕੇ | 01.07.2025 ਤਕ |
| 02877 | ਰਾਂਚੀ | 23:55 | ਨਵੀਂ ਦਿੱਲੀ | 03:00 | ਸਪਤਾਹਿਕ | ਸ਼ੁਕਰਵਾਰ | 27.06.2025 ਤਕ |
| 02878 | ਨਵੀਂ ਦਿੱਲੀ | 04:00 | ਰਾਂਚੀ | 05:00 | | ਐਤਵਾਰ | 29.06.2025 ਤਕ |
| 05736 | ਕਟਿਹਾਰ ਜੰਕਸ਼ਨ | 21:00 | ਅੰਮ੍ਰਿਤਸਰ ਜੰ. | 09:45 | ਸਪਤਾਹਿਕ | ਬੁਧਵਾਰ | 25.06.2025 ਤਕ |
| 05735 | ਅੰਮ੍ਰਿਤਸਰ ਜੰਕਸ਼ਨ | 13:25 | ਕਟਿਹਾਰ ਜੰ. | 23:45 | | ਸ਼ੁਕਰਵਾਰ | 27.06.2025 ਤਕ |
| 09183 | ਮੁੰਬਈ ਸੈਂਟਰਲ | 22:50 | ਵਾਰਾਨਸੀ ਜੰ. | 10:30 | ਸਪਤਾਹਿਕ | ਬੁਧਵਾਰ | 25.06.2025 ਤਕ |
| 09184 | ਵਾਰਾਨਸੀ ਜੰਕਸ਼ਨ | 14:30 | ਮੁੰਬਈ ਸੈਂਟਰਲ | 04:20 | | ਸ਼ੁਕਰਵਾਰ | 27.06.2025 ਤਕ |
| 03223 | ਰਾਜਗੀਰ | 06:05 | ਹਰਿਦੁਆਰ ਜੰ. | 06:05 | ਸਪਤਾਹਿਕ | ਸ਼ੁਕਰਵਾਰ | 27.06.2025 ਤਕ |
| 03224 | ਹਰਿਦੁਆਰ ਜੰਕਸ਼ਨ | 07:20 | ਰਾਜਗੀਰ | 07:15 | | ਸ਼ਨੀਵਾਰ | 28.06.2025 ਤਕ |
| 03221 | ਰਾਜਗੀਰ | 14:00 | ਸ਼ਹੀਦ ਕਪਤਾਨ ਤੁਸ਼ਾਰ ਮਹਾਜਨ | 23:05 | ਸਪਤਾਹਿਕ | ਸੋਮਵਾਰ | 30.06.2025 ਤਕ |
| 03222 | ਸ਼ਹੀਦ ਕਪਤਾਨ ਤੁਸ਼ਾਰ ਮਹਾਜਨ | 03:15 | ਰਾਜਗੀਰ | 15:00 | | ਬੁਧਵਾਰ | 02.07.2025 ਤਕ |
| 05742 | ਨਿਊ ਜਲਪਾਈਗੁੜੀ | 13:40 | ਅਯੁਧਿਆ ਕੈਂਟ | 09:30 | ਸਪਤਾਹਿਕ | ਐਤਵਾਰ | 29.06.2025 ਤਕ |
| 05741 | ਅਯੁਧਿਆ ਕੈਂਟ | 11:40 | ਨਿਊ ਜਲਪਾਈਗੁੜੀ | 09:30 | | ਸੋਮਵਾਰ | 30.06.2025 ਤਕ |
| 03311 | ਧਨਬਾਦ ਜੰਕਸ਼ਨ | 23:50 | ਚੰਡੀਗੜ੍ਹ | 04:30 | ਦ੍ਵਿ-ਸਪਤਾਹਿਕ | ਮੰਗਲ, ਸ਼ੁਕਰ | 27.06.2025 ਤਕ |
| 03312 | ਚੰਡੀਗੜ੍ਹ | 06:00 | ਧਨਬਾਦ ਜੰਕਸ਼ਨ | 09:00 | | ਵੀਰ, ਐਤ | 29.06.2025 ਤਕ |
| 05113 | ਛਪਰਾ | 15:45 | ਆਨੰਦ ਵਿਹਾਰ (ਟ.) | 14:25 | ਸਪਤਾਹਿਕ | ਬੁਧਵਾਰ | 16.07.2025 ਤਕ |
| 05114 | ਆਨੰਦ ਵਿਹਾਰ (ਟ.) | 16:00 | ਛਪਰਾ | 14:00 | | ਵੀਰਵਾਰ | 17.07.2025 ਤਕ |
| 05301 | ਮਊ ਜੰਕਸ਼ਨ | 04:00 | ਅੰਬਾਲਾ ਕੈਂਟ | 00:30 | ਸਪਤਾਹਿਕ | ਵੀਰਵਾਰ | 17.07.2025 ਤਕ |
| 05302 | ਅੰਬਾਲਾ ਕੈਂਟ | 01:40 | ਮਊ ਜੰ. | 22:00 | | ਸ਼ੁਕਰਵਾਰ | 18.07.2025 ਤਕ |
| 05193 | ਛਪਰਾ | 14:00 | ਸ਼ਹੀਦ ਕਪਤਾਨ ਤੁਸ਼ਾਰ ਮਹਾਜਨ | 23:05 | ਸਪਤਾਹਿਕ | ਸੋਮਵਾਰ | 14.07.2025 ਤਕ |
| 05194 | ਸ਼ਹੀਦ ਕਪਤਾਨ ਤੁਸ਼ਾਰ ਮਹਾਜਨ | 00:10 | ਛਪਰਾ | 08:00 | | ਬੁਧਵਾਰ | 16.07.2025 ਤਕ |
| 07363 | ਹੁਬਲਲੀ ਜੰਕਸ਼ਨ | 20:30 | ਯੋਗ ਨਗਰੀ ਰਿਸ਼ੀਕੇਸ਼ | 23:30 | ਸਪਤਾਹਿਕ | ਸੋਮਵਾਰ | 24.02.2025 ਤੋਂ ਅਗਲੇ ਆਦੇਸ਼ ਤਕ |
| 07364 | ਯੋਗ ਨਗਰੀ ਰਿਸ਼ੀਕੇਸ਼ | 06:15 | ਹੁਬਲਲੀ ਜੰਕਸ਼ਨ | 06:30 | | ਵੀਰਵਾਰ | 27.02.2025 ਤੋਂ ਅਗਲੇ ਆਦੇਸ਼ ਤਕ |
| 01491 | ਪੁਣੇ | 17:30 | ਹਜਰਤ ਨਿਜਾਮੂਦੀਨ | 18:10 | ਸਪਤਾਹਿਕ | ਸ਼ੁਕਰਵਾਰ | 27.06.2025 ਤਕ |
| 01492 | ਹਜਰਤ ਨਿਜਾਮੂਦੀਨ | 22:10 | ਪੁਣੇ | 23:55 | | ਸ਼ਨੀਵਾਰ | 28.06.2025 ਤਕ |
| 09101 | ਵਡੋਦਰਾ ਜੰਕਸ਼ਨ | 16:45 | ਹਰਿਦੁਆਰ ਜੰਕਸ਼ਨ | 14:30 | ਸਪਤਾਹਿਕ | ਸ਼ਨੀਵਾਰ | 28.06.2025 ਤਕ |
| 09102 | ਹਰਿਦੁਆਰ ਜੰਕਸ਼ਨ | 16:45 | ਵਡੋਦਰਾ ਜੰਕਸ਼ਨ | 12:00 | | ਐਤਵਾਰ | 29.06.2025 ਤਕ |
| 07023 | ਚਰਲਪੱਲਲੀ | 20:45 | ਹਜਰਤ ਨਿਜਾਮੂਦੀਨ | 02:00 | ਸਪਤਾਹਿਕ | ਐਤਵਾਰ | 29.06.2025 ਤਕ |
| 07024 | ਹਜਰਤ ਨਿਜਾਮੂਦੀਨ | 04:00 | ਚਰਲਪੱਲਲੀ | 06:30 | | ਮੰਗਲਵਾਰ | 01.07.2025 ਤਕ |
| 07621 | ਹਜ਼ੂਰ ਸਾਹਿਬ ਨਾਂਦੇੜ | 08:45 | ਹਜਰਤ ਨਿਜਾਮੂਦੀਨ | 14:00 | ਸਪਤਾਹਿਕ | ਸ਼ਨੀਵਾਰ | 28.06.2025 ਤਕ |
| 07622 | ਹਜਰਤ ਨਿਜਾਮੂਦੀਨ | 21:40 | ਹਜ਼ੂਰ ਸਾਹਿਬ ਨਾਂਦੇੜ | 00:35 | | ਐਤਵਾਰ | 29.06.2025 ਤਕ |
| 09309 | ਇੰਦੌਰ ਜੰਕਸ਼ਨ | 17:00 | ਹਜਰਤ ਨਿਜਾਮੂਦੀਨ | 05:00 | ਦ੍ਵਿ-ਸਪਤਾਹਿਕ | ਸ਼ੁਕਰ, ਐਤ | 29.06.2025 ਤਕ |
| 09310 | ਹਜਰਤ ਨਿਜਾਮੂਦੀਨ | 08:20 | ਇੰਦੌਰ ਜੰਕਸ਼ਨ | 21:00 | | ਸ਼ਨੀ, ਸੋਮ | 30.06.2025 ਤਕ |
| 09003 | ਮੁੰਬਈ ਸੈਂਟਰਲ | 10:30 | ਦਿੱਲੀ ਜੰ. | 10:00 | ਦ੍ਵਿ-ਸਪਤਾਹਿਕ | ਮੰਗਲ, ਸ਼ੁਕਰ | 27.06.2025 ਤਕ |
| 09004 | ਦਿਲੀ ਜੰਕਸ਼ਨ | 13:05 | ਮੁੰਬਈ ਸੈਂਟਰਲ | 13:30 | | ਬੁਧ, ਸ਼ਨੀ | 28.06.2025 ਤਕ |
| 09425 | ਸਾਬਰਮਤੀ | 17:20 | ਹਰਿਦੁਆਰ ਜੰਕਸ਼ਨ | 17:00 | ਦ੍ਵਿ-ਸਪਤਾਹਿਕ | ਵੀਰ, ਐਤ | 29.06.2025 ਤਕ |
| 09426 | ਹਰਿਦੁਆਰ ਜੰਕਸ਼ਨ | 21:00 | ਸਾਬਰਮਤੀ | 22:30 | | ਸ਼ੁਕਰ, ਸੋਮ | 30.06.2025 ਤਕ |
| 09603 | ਉਦੈਪੁਰ ਸਿਟੀ | 01:50 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 06:35 | ਸਪਤਾਹਿਕ | ਬੁਧਵਾਰ | 25.06.2025 ਤਕ |
| 09604 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜੀ | 10:50 | ਉਦੈਪੁਰ ਸਿਟੀ | 13:55 | | ਵੀਰਵਾਰ | 26.06.2025 ਤਕ |
| 01705 | ਜਬਲਪੁਰ | 15:45 | ਹਰਿਦੁਆਰ ਜੰਕਸ਼ਨ | 13:50 | ਸਪਤਾਹਿਕ | ਬੁਧਵਾਰ | 25.06.2025 ਤਕ |
| 01706 | ਹਰਿਦੁਆਰ ਜੰਕਸ਼ਨ | 17:40 | ਜਬਲਪੁਰ | 17:50 | | ਵੀਰਵਾਰ | 26.06.2025 ਤਕ |
| 04050 | ਨਵੀਂ ਦਿੱਲੀ | 21:35 | ਏਸ਼ਬਾਗ | 12:35 | ਦ੍ਵਿ-ਸਪਤਾਹਿਕ | ਸ਼ੁਕਰ, ਐਤ | 13.07.2025 ਤਕ |
| 04049 | ਏਸ਼ਬਾਗ | 18:45 | ਨਵੀਂ ਦਿੱਲੀ | 11:00 | | ਸ਼ਨੀ, ਸੋਮ | 14.07.2025 ਤਕ |
| 04525 | ਸਹਾਰਨਪੁਰ ਜੰ. | 04:40 | ਅੰਬਾਲਾ ਕੈਂਟ | 06:45 | ਰੋਜਾਨਾ | | 15.07.2025 ਤਕ |
| 04526 | ਅੰਬਾਲਾ ਕੈਂਟ | 20:20 | ਸਹਾਰਨਪੁਰ ਜੰ. | 22:30 | | | 15.07.2025 ਤਕ |
| 04068 | ਨਵੀਂ ਦਿਲੀ | 14:00 | ਭਾਗਲਪੁਰ | 13:30 | ਦ੍ਵਿ-ਸਪਤਾਹਿਕ | ਐਤ, ਬੁਧ | 09.07.2025 ਤਕ |
| 04067 | ਭਾਗਲਪੁਰ | 14:30 | ਨਵੀਂ ਦਿਲੀ | 14:30 | | ਸੋਮ, ਵੀਰ | 10.07.2025 ਤਕ |
| 04030 | ਆਨੰਦ ਵਿਹਾਰ (ਟ.) | 09:00 | ਮੁਜੱਫਰਪੁਰ ਜੰ. | 04:30 | ਦ੍ਵਿ-ਸਪਤਾਹਿਕ | ਮੰਗਲ, ਸ਼ਨੀ | 08.07.2025 ਤਕ |
| 04029 | ਮੁਜਫਰਪੁਰ ਜੰ. | 06:15 | ਆਨੰਦ ਵਿਹਾਰ (ਟ.) | 03:10 | | ਬੁਧ, ਐਤ | 09.07.2025 ਤਕ |
| 04618 | ਅੰਮ੍ਰਿਤਸਰ | 20:10 | ਸਹਰਸਾ ਜੰ. | 02:30 | ਦ੍ਵਿ-ਸਪਤਾਹਿਕ | ਸੋਮ, ਮੰਗਲ | 08.07.2025 ਤਕ |
| 04617 | ਸਹਰਸਾ ਜੰ. | 04:40 | ਅੰਮ੍ਰਿਤਸਰ | 14:00 | | ਬੁਧ, ਵੀਰ | 10.07.2025 ਤਕ |
| 05219 | ਮੁਜੱਫਰਪੁਰ ਜੰਕਸ਼ਨ | 13:30 | ਆਨੰਦ ਵਿਹਾਰ (ਟ.) | 10:00 | ਸਪਤਾਹਿਕ | ਸ਼ਨੀ | 19.07.2025 ਤਕ |
| 05220 | ਆਨੰਦ ਵਿਹਾਰ (ਟ.) | 12:00 | ਮੁਜੱਫਰਪੁਰ (ਟ.) | 09:45 | | ਐਤ | 20.07.2025 ਤਕ |
| 05447 | ਪੀਲੀਭੀਤ ਜੰ. | 12:10 | ਸ਼ਾਹਜਹਾਂਪੁਰ | 13:50 | ਰੋਜਾਨਾ | | 30.06.2025 ਤਕ |
| 05448 | ਸ਼ਾਹਜਹਾਂਪੁਰ | 14:35 | ਪੀਲੀਭੀਤ ਜੰ. | 16:30 | | | 30.06.2025 ਤਕ |
| 05283 | ਮੁਜਫਰਪੁਰ ਜੰ. | 06:30 | ਆਨੰਦ ਵਿਹਾਰ (ਟ.) | 05:00 | ਸਪਤਾਹਿਕ | ਸ਼ੁਕਰ | 27.06.2025 ਤਕ |
| 05284 | ਆਨੰਦ ਵਿਹਾਰ (ਟ.) | 07:00 | ਮੁਜਫਰਪੁਰ ਜੰ. | 04:50 | | ਸ਼ਨੀ | 28.06.2025 ਤਕ |
| 04687 | ਬਨਿਹਾਲ | 18:40 | ਬਡਗਾਮ | 20:20 | ਸਪਤਾਹ ਵਿਚ 6 ਦਿਨ | ਸ਼ੁਕਰ ਨੂੰ ਛੱਡ ਕੇ | 03.08.2025 ਤਕ |
| 04688 | ਬਡਗਾਮ | 08:35 | ਬਨਿਹਾਲ | 10:40 | | | 03.08.2025 ਤਕ |
| 04606 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 21:30 | ਗੁਹਾਟੀ | 19:10 | ਸਪਤਾਹਿਕ | ਸ਼ੁਕਰਵਾਰ | 11.07.2025 ਤਕ |
| 04605 | ਗੁਹਾਟੀ | 23:20 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 20:45 | | ਸੋਮ | 14.07.2025 ਤਕ |
| 07077 | ਚਰਲਪੱਲਲੀ | 05:00 | ਦੇਹਰਾਦੂਨ | 19:20 | ਸਪਤਾਹਿਕ | ਮੰਗਲਵਾਰ | 24.06.2025 ਤਕ |
| 07078 | ਦੇਹਰਾਦੂਨ | 07:00 | ਚਰਲਪੱਲਲੀ | 22:30 | | ਵੀਰਵਾਰ | 26.06.2025 ਤਕ |

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੇ ਵੀ ਹੋਰ ਜਾਣਕਾਰੀ ਜਿਵੇਂ ਰਸਤੇ ਵਿਚ ਪੈਣ ਵਾਲੇ ਸਟੇਸ਼ਨ ਅਤੇ ਉਨ੍ਹਾਂ ਦੇ ਵਿਸਤ੍ਰਿਤ ਟਾਈਮ-ਟੇਬਲ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ. 139 'ਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES App ਵੇਖੋ।

ਉੱਤਰ ਰੇਲਵੇ

ਸਾਨੂੰ www.nr.indianrailways.gov.in 'ਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

'ਤੇ ਸਾਨੂੰ ਫਾਲੋ ਕਰੋ

## ਸੰਪਾਦਕੀ

# ਹਵਾਈ ਹਾਦਸੇ ਤੋਂ ਬਾਅਦ

ਅਹਿਮਦਾਬਾਦ ਵਿੱਚ ਏਅਰ ਇੰਡੀਆ ਦੀ ਫਲਾਈਟ ਏਆਈ 171 ਦੇ ਦੁਖਦਾਈ ਹਾਦਸੇ ਨੇ ਬੋਇੰਗ 787 ਡ ?ਰੀਮਲਾਈਨਰ ਨੂੰ ਸੁਰਖੀਆਂ ਵਿੱਚ ਲੈ ਆਂਦਾ ਹੈ ਜੋ ਪਹਿਲਾਂ ਤੋਂ ਹੀ ਤਕਨੀਕੀ ਅਤੇ ਸੁਰੱਖਿਆ ਸਰੋਕਾਰਾਂ ਨਾਲ ਘਿਰਿਆ ਹੋਇਆ ਸੀ। ਡਾਇਰੈਕਟਰ ਜਨਰਲ ਆਫ ਸਿਵਲ ਏਵੀਏਸ਼ਨ (ਡੀਜੀਸੀਏ) ਨੇ ਏਅਰ ਇੰਡੀਆ ਦੇ ਬੋਇੰਗ 787-8 ਅਤੇ 787-9 ਹਵਾਈ ਜਹਾਜ਼ਾਂ ਦੇ ਪੂਰੇ ਫਲੀਟ ਦੀ ਵਧੇਰੇ ਸੁਰੱਖਿਆ ਜਾਂਚ ਦਾ ਹੁਕਮ ਦੇ ਦਿੱਤਾ ਹੈ। ਇਹ ਭਾਵੇਂ ਜ਼ਰੂਰੀ ਕਦਮ ਹੈ ਪਰ ਇਹ ਪ੍ਰਤੀਕਿਰਿਆਵਾਦੀ ਕਾਰਵਾਈ ਵੀ ਹੈ। ਹਵਾਬਾਜ਼ੀ ਨਿਗਰਾਨਾਂ ਅਤੇ ਨਿਰਮਾਣਕਾਰਾਂ ਨੂੰ ਇਸ ਪੈਟਰਨ ਤੋਂ ਪਰ੍ਹੇ ਤੱਕ ਜਾਣ ਦੀ ਲੋੜ ਹੈ। ਕਿਸੇ ਸਮੇਂ ਡ ?ਰੀਮਲਾਈਨਰ ਨੂੰ ਇਸ ਦੇ ਈਂਧਣ ਦੀ ਖ਼ਪਤ ਵਿੱਚ ਕੁਸ਼ਲਤਾ ਅਤੇ ਅਤਿ-ਆਧੁਨਿਕ ਕੰਪੋਜ਼ਿਟਸ ਕਰ ਕੇ ਕਮਰਸ਼ੀਅਲ ਹਵਾਬਾਜ਼ੀ ਵਿੱਚ ਗੇਮਚੇਂਜਰ ਦੇ ਤੌਰ ’ਤੇ ਦੇਖਿਆ ਗਿਆ ਸੀ। ਬਹਰਹਾਲ, ਕੁਝ ਸਾਲਾਂ ਤੋਂ ਬੋਇੰਗ ਦੇ ਸਾਊਥ ਕੈਰੋਲਾਈਨਾ ਪਲਾਂਟ ਵਿੱਚ ਢਾਂਚਾਗਤ ਕਮਜ਼ੋਰੀਆਂ, ਕੁਆਲਿਟੀ ਕੰਟਰੋਲ ਦੇ ਮੁੱਦਿਆਂ ਅਤੇ ਨਿਰਮਾਣ ਵਿੱਚ ਦੇਰੀ ਦੀਆਂ ਰਿਪੋਰਟਾਂ ਆਉਣ ਤੋਂ ਬਾਅਦ ਵਾਰ-ਵਾਰ ਸਰੋਕਾਰ ਜਤਾਏ ਜਾ ਰਹੇ ਸਨ। 11 ਸਾਲ ਪੁਰਾਣੇ ਹਵਾਈ ਜਹਾਜ਼ ਨਾਲ ਹੋਏ ਹਾਲੀਆ ਹਾਦਸੇ ਨੇ ਇਸ ਮਾਡਲ ਅਤੇ ਬੋਇੰਗ ਦੇ ਉਤਪਾਦਨ ਮਿਆਰਾਂ, ਦੋਵਾਂ ਦੀ ਆਲਮੀ ਨਿਰਖ-ਪਰਖ ਨੂੰ ਦ੍ਰਿੜ੍ਹਾਇਆ ਹੈ।

ਭਾਰਤ ਦਾ ਹਵਾਬਾਜ਼ੀ ਖੇਤਰ ਤੇਜ਼ੀ ਨਾਲ ਵਧ ਰਿਹਾ ਹੈ। 2024-25 ਵਿੱਚ ਮੁਸਾਫ਼ਿਰ ਆਵਾਜਾਈ ਰਿਕਾਰਡ ਉਚਾਈ ’ਤੇ ਪਹੁੰਚ ਗਈ ਹੈ ਅਤੇ 2028-29 ਤੱਕ ਫਲੀਟ ਦਾ ਆਕਾਰ ਦੁੱਗਣੇ ਤੋਂ ਵੱਧ ਹੋਣ ਦੀ ਆਸ ਹੈ। ਬੁਨਿਆਦੀ ਢਾਂਚੇ ਵਿੱਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਸ ਸਮੇਂ ਦੇਸ਼ ਵਿੱਚ 157 ਹਵਾਈ ਅੱਡੇ ਹਨ ਅਤੇ 2047 ਤੱਕ ਹਵਾਈ ਅੱਡਿਆਂ ਦੀ ਗਿਣਤੀ 350 ਹੋਣ ਦੀ ਆਸ ਹੈ ਤਾਂ ਕਿ ਘਰੋਗੀ ਕੁਨੈਕਟੀਵਿਟੀ ਅਤੇ ਸੈਰ-ਸਪਾਟੇ ਨੂੰ ਹੁਲਾਰਾ ਦਿੱਤਾ ਜਾ ਸਕੇ। ਖੇਤਰੀ ਰਨਵੇਅ ਪ੍ਰਾਜੈਕਟ ਚੱਲ ਰਹੇ ਹਨ ਜਿਵੇਂ ਨਾਸਿਕ ਵਿੱਚ, ਪਰ ਸੁਰੱਖਿਆ ਬੁਨਿਆਦੀ ਢਾਂਚੇ ਅਤੇ ਨੇਮਾਂ ਦੇ ਪਾਲਣ ਵਿੱਚ ਹਾਣ ਦਾ ਵਿਕਾਸ ਨਹੀਂ ਹੋ ਰਿਹਾ। ਡੀਜੀਸੀਏ ਦੇ ਨਿਰਦੇਸ਼ ਇੱਕ ਸ਼ੁਰੂਆਤ ਹੈ ਪਰ ਭਾਰਤ ਨੂੰ ਸਥਾਈ, ਸਰਗਰਮ ਸੁਰੱਖਿਆ ਲੇਖੇ-ਜੋਖੇ ਦੀ ਲੋੜ ਹੈ, ਖ਼ਾਸਕਰ ਆਲਮੀ ਹਵਾਈ ਜਹਾਜ਼ ਮਾਡਲਾਂ ਦੇ ਸਬੰਧ ਵਿੱਚ। ਕੋਈ ਹਾਦਸਾ ਹੋਣ ਤੋਂ ਬਾਅਦ ਰਸਮੀ ਤੌਰ ’ਤੇ ਕੀਤੀ ਜਾਣ ਵਾਲੀ ਕਾਰਵਾਈ ਨਾਲ ਮੁਸਾਫ਼ਿਰਾਂ ਵਿੱਚ ਭਰੋਸਾ ਪੈਦਾ ਨਹੀਂ ਹੋ ਸਕੇਗਾ ਜਾਂ ਸਿਸਟਮ ਵਿੱਚ ਸੁਧਾਰ ਯਕੀਨੀ ਨਹੀਂ ਬਣ ਸਕੇਗਾ।

ਬੋਇੰਗ ਨੂੰ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ। ਜੇ ਨਿਰਮਾਣ ਨਾਲ ਜੁੜੀਆਂ ਖ਼ਾਮੀਆਂ ’ਚੋਂ ਸੁਰੱਖਿਆ ਦਾ ਮੁੱਦਾ ਲੱਭਿਆ ਜਾਂਦਾ ਹੈ ਤਾਂ ਕੰਪਨੀ ਨੂੰ ਵਿੱਤੀ ਜੁਰਮਾਨੇ ਅਤੇ ਅਪਰੇਸ਼ਨਲ ਰੋਕਾਂ ਦਾ ਸਾਹਮਣਾ ਕਰਨਾ ਪੈਣਾ ਹੈ। ਕਾਰੋਬਾਰੀ ਸੌਖ ਦੀ ਖਾਤਿਰ ਮੁਸਾਫ਼ਿਰਾਂ ਦੀ ਸੁਰੱਖਿਆ ਨਾਲ ਕਿਸੇ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ ਜਾ ਸਕਦਾ। ਨਿਰਮਾਣਕਾਰਾਂ ਅਤੇ ਨਿਗਰਾਨਾਂ, ਦੋਵਾਂ ਨੂੰ ਦੂਰਅੰਦੇਸ਼ੀ, ਮੁਸ਼ੱਕਤ ਅਤੇ ਪਾਰਦਰਸ਼ਤਾ ਨਾਲ ਕੰਮ ਕਰਨਾ ਪੈਣਾ ਹੈ।

# ਸੋਸ਼ਲ ਮੀਡੀਆ ਇਨਫਲੂਐਂਸਰ ਕੰਚਨ ਕੁਮਾਰੀ ਦੀ ਟ੍ਰੋਲਿੰਗ ਤੋਂ ਹੱਤਿਆ ਤਕ

ਸੋਸ਼ਲ ਮੀਡੀਆ ਇਨਫਲੂਐਂਸਰ ਕੰਚਨ ਕੁਮਾਰੀ ਉਰਫ਼ ਕਮਲ ਕੌਰ ਭਾਬੀ ਦੀ ਬਠਿੰਡਾ ਵਿੱਚ ਕੀਤੀ ਗਈ ਹੱਤਿਆ ਇਸ ਗੱਲ ਦਾ ਚੇਤਾ ਕਰਾਉਂਦੀ ਹੈ ਕਿ ਕਿਵੇਂ ਕਥਿਤ ਨੈਤਿਕ ਨਿਗਰਾਨ (ਮੌਰਲ ਵਿਜੀਲਾਂਟੇ) ਜੋ ਕਿਸੇ ਸਮੇਂ ਆਨਲਾਈਨ ਟ੍ਰੋਲਿੰਗ ਤੱਕ ਸੀਮਤ ਸਨ, ਹੁਣ ਹਿੰਸਾ ਤੇ ਅਪਰਾਧ ਤੱਕ ਪੁੱਜ ਗਏ ਹਨ। ਰਿਪੋਰਟਾਂ ਵਿੱਚ ਦੱਸਿਆ ਗਿਆ ਹੈ ਕਿ ਹੱਤਿਆ ਦਾ ਕਥਿਤ ਮਾਸਟਰਮਾਈਂਡ ਅੰਮ੍ਰਿਤਪਾਲ ਸਿੰਘ ਮਹਿਰੋਂ ‘ਕੌਮ ਦੇ ਰਾਖੇ’ ਨਾਮੀ ਕੱਟੜਪੰਥੀ ਗਰੁੱਪ ਦੀ ਅਗਵਾਈ ਕਰਦਾ ਹੈ ਅਤੇ ਉਸ ਵੱਲੋਂ ਪੀੜਤ ਵੱਲੋਂ ਸੋਸ਼ਲ ਮੀਡੀਆ ’ਤੇ ਪਾਈ ਗਈ ਸਮੱਗਰੀ ਨੂੰ ‘ਅਸ਼ਲੀਲ’ ਕਰਾਰ ਦੇ ਕੇ ਹੱਤਿਆ ਨੂੰ ਜਾਇਜ਼ ਕਰਾਰ ਦਿੱਤਾ ਗਿਆ ਹੈ। ਉਹ ਬਚ ਕੇ ਸੰਯੁਕਤ ਅਰਬ ਅਮੀਰਾਤ (ਯੂਏਈ) ਦੌੜਨ ਵਿੱਚ ਕਾਮਯਾਬ ਹੋ ਗਿਆ ਹੈ ਤੇ ਉਸ ਵੱਲੋਂ ਕੰਚਨ ਕੁਮਾਰੀ ਦੀ ਹੱਤਿਆ ਨੂੰ ਜਾਇਜ਼ ਠਹਿਰਾਉਂਦੀ ਵੀਡੀਓ ਪੋਸਟ ਕਰਨ ਤੋਂ ਪਤਾ ਲੱਗਦਾ ਹੈ ਕਿ ਉਸ ਨੇ ਕਿੰਨੇ ਸੋਚੇ ਸਮਝੇ ਢੰਗ ਨਾਲ ਇਸ ਕਾਰਵਾਈ ਨੂੰ ਅੰਜਾਮ ਦਿੱਤਾ ਸੀ। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਕਾਨੂੰਨ ਨੂੰ ਆਪਣੇ ਹੱਥਾਂ ਵਿੱਚ ਲੈ ਕੇ ਅਮਲ ਕਰਨ ਦਾ ਇਹ ਰੁਝਾਨ ਕਿਵੇਂ ਔਰਤਾਂ ਦੇ ਸਵੈ-ਪ੍ਰਗਟਾਵੇ ਨੂੰ ਹਿੰਸਾ ਅਤੇ ਧਮਕੀਆਂ ਰਾਹੀਂ ਸੁਧਾਰਨ ਦਾ ਨਿਸ਼ਾਨਾ ਰੱਖਦਾ ਹੈ।

ਹਾਲ ਹੀ ਵਿੱਚ ਬੰਗਲੂਰੂ ਵਿੱਚ ਇੱਕ ਔਰਤ ਇਨਫਲੂਐਂਸਰ ਨੂੰ ਉਸ ਦੇ ਪਹਿਰਾਵੇ ਕਰ ਕੇ ਤੇਜ਼ਾਬੀ ਹਮਲੇ ਦੀਆਂ ਧਮਕੀਆਂ ਮਿਲੀਆਂ ਸਨ। ਧਮਕੀ ਦੇਣ ਵਾਲੇ ਸ਼ਖ਼ਸ ਦਾ ਸੰਦੇਸ਼ ਵਾਇਰਲ ਹੋਣ ਅਤੇ ਉਸ ਨੂੰ ਲੈ ਕੇ ਰੋਸ ਪੈਦਾ ਹੋਣ ਤੋਂ ਬਾਅਦ ਉਸ ਦੇ ਮਾਲਕ ਨੇ ਉਸ ਨੂੰ ਕੰਮ ਤੋਂ ਹਟਾ ਦਿੱਤਾ ਸੀ। ਇੱਕ ਹੋਰ ਚਿੰਤਾਜਨਕ ਘਟਨਾ ਵਿੱਚ ਅਪੂਰਵਾ ਮੁਖੀਜਾ ਜੋ ਡਿਜੀਟਲ ਕ੍ਰਿਏਟਰ ਹੈ ਅਤੇ ਯੂਟਿਊਬ ਦੇ ਲੋਕਪ੍ਰਿਆ ਸ਼ੋਅ ਵਿੱਚ ਸ਼ਾਮਿਲ ਹੁੰਦੀ ਹੈ, ਨੂੰ ਵੀ ਬਲਾਤਾਕਾਰ ਅਤੇ ਮੌਤ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ। ਕੌਮੀ ਮਹਿਲਾ ਕਮਿਸ਼ਨ ਨੇ ਦਖ਼ਲ ਦਿੰਦੇ ਹੋਏ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਇਹ ਵਰਤਾਰਾ ਸਪੱਸ਼ਟ ਹੈ। ਸੋਸ਼ਲ ਮੀਡੀਆ ਇਨਫਲੂਐਂਸਰਾਂ, ਖ਼ਾਸਕਰ ਔਰਤਾਂ ਨੂੰ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਉੱਚਾ ਰੱਖਣ ਦੇ ਨਾਂ ’ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਪਰ ਇਨ੍ਹਾਂ ਕਦਰਾਂ-ਕੀਮਤਾਂ ਦੀ ਪਰਿਭਾਸ਼ਾ ਕੌਣ ਦਿੰਦਾ ਹੈ ? ਤੇ ਕੌਣ ਇਨ੍ਹਾਂ ਅਖੌਤੀ ਨੈਤਿਕ ਨਿਗਰਾਨਾਂ ਨੂੰ ਇਹ ਕਦਰਾਂ-ਕੀਮਤਾਂ ਲਾਗੂ ਕਰਨ ਦਾ ਅਖ਼ਤਿਆਰ ਦਿੰਦਾ ਹੈ ? ਪੰਜਾਬ ਮਹਿਲਾ ਕਮਿਸ਼ਨ ਨੇ ਇਸ ਤਰ੍ਹਾਂ ਦੀਆਂ ਕਾਰਵਾਈਆਂ ਦੀ ਨਿੰਦਾ ਕਰ ਕੇ ਸਹੀ ਕੀਤਾ ਹੈ ਪਰ ਅਧਿਕਾਰਤ ਨਿੰਦਾ ਹੀ ਕਾਫ਼ੀ ਨਹੀਂ ਹੈ।

ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਇਸ ਤਰ੍ਹਾਂ ਦੇ ਕੇਸਾਂ ਨੂੰ ਵਿਚਾਰਧਾਰਕ ਤੌਰ ’ਤੇ ਪ੍ਰੇਰਿਤ ਕੇਸਾਂ ਵਜੋਂ ਲੈਣਾ ਚਾਹੀਦਾ ਹੈ ਜਿਨ੍ਹਾਂ ਕਰ ਕੇ ਸਮਾਜਿਕ ਤਾਣੇ-ਬਾਣੇ ਲਈ ਖ਼ਤਰਾ ਪੈਦਾ ਹੁੰਦਾ ਹੈ। ਸੋਸ਼ਲ ਮੀਡੀਆ ਪਲੈਟਫਾਰਮਾਂ ਦੀ ਜ਼ਿੰਮੇਵਾਰੀ ਬਣਦੀ ਹੈ; ਉਨ੍ਹਾਂ ਨੂੰ ਨਫ਼ਰਤ ਫੈਲਾਉਣ ਵਾਲੀ ਸਮੱਗਰੀ ਨੂੰ ਹਟਾਉਣ ਅਤੇ ਤਾਲਮੇਲ ਕਰ ਕੇ ਨਿਸ਼ਾਨਾ ਬਣਾਉਣ ਦੀਆਂ ਮੁਹਿੰਮਾਂ ਦਾ ਖ਼ੁਰਾ ਨੱਪਣ ਲਈ ਤੇਜ਼ੀ ਨਾਲ ਕਾਰਵਾਈ ਕਰਨ ਦੀ ਲੋੜ ਹੈ।

ਸਵੈ-ਪ੍ਰਗਟਾਵੇ ਦੀ ਆਜ਼ਾਦੀ ਦਾ ਮਤਲਬ ਇਹ ਨਹੀਂ ਹੁੰਦਾ ਕਿ ਕਿਸੇ ਨੂੰ ਵੀ ਆਲੋਚਨਾ ਤੋਂ ਛੋਟ ਮਿਲੀ ਹੋਈ ਹੈ ਪਰ ਆਲੋਚਨਾ ਨੂੰ ਖਿੱਚ ਕੇ ਧਮਕੀਆਂ ਜਾਂ ਹੱਤਿਆ ਤੱਕ ਹਰਗਿਜ਼ ਨਹੀਂ ਲਿਜਾਇਆ ਜਾ ਸਕਦਾ। ਸਰਕਾਰ ਨੂੰ ਸਖ਼ਤ ਸੰਦੇਸ਼ ਦੇਣ ਦੀ ਲੋੜ ਹੈ: ਅਖੌਤੀ ਡਿਜੀਟਲ ਨੈਤਿਕ ਨਿਗਰਾਨੀ, ਖ਼ਾਸਕਰ ਜਦੋਂ ਇਹ ਸਰੀਰਕ ਹਿੰਸਾ ਦਾ ਰੂਪ ਅਖ਼ਤਿਆਰ ਕਰ ਜਾਂਦੀ ਹੈ, ਨੂੰ ਸਹਿਣ ਨਹੀਂ ਕੀਤਾ ਜਾਵੇਗਾ।

# ਪੰਜਾਬ ਦੇ ਸਰਕਾਰੀ ਸਕੂਲਾਂ ਵੱਲੋਂ ਨਵਾਂ ਮੀਲ ਪੱਥਰ ਕਾਇਮ; 474 ਵਿਦਿਆਰਥੀਆਂ ਨੀਟ ਪ੍ਰੀਖਿਆ ਵਿੱਚ ਕੁਆਲੀਫਾਈ

## ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ ਮਾਨ ਸਰਕਾਰ ਦੀ ਮਿਆਰੀ ਸਿੱਖਿਆ ਪ੍ਰਤੀ ਵਚਨਬੱਧਤਾ ਦੀ ਮਿਸਾਲ: ਬੈਂਸ



**ਚੰਡੀਗੜ੍ਹ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸੂਬੇ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਆਪਣੀ ਅਕਾਦਮਿਕ ਮੁਹਾਰਤ ਦਾ ਲੋਹਾ ਮੰਨਵਾਇਆ ਹੈ ਅਤੇ 474 ਵਿਦਿਆਰਥੀਆਂ ਨੇ ਸਖ਼ਤ ਮੁਕਾਬਲੇ ਵਾਲੀ ਰਾਸ਼ਟਰੀ ਯੋਗਤਾ ਕਮ ਦਾਖ਼ਲਾ ਪ੍ਰੀਖਿਆ (ਨੀਟ) ਵਿੱਚ ਕੁਆਲੀਫਾਈ ਕਰਕੇ ਸ਼ਾਨਦਾਰ ਸਫ਼ਲਤਾ ਹਾਸਲ ਕੀਤੀ ਹੈ।

ਨੀਟ ਪ੍ਰੀਖਿਆ ਕੁਆਲੀਫਾਈ ਕਰਨ ਵਾਲੇ ਵਿਦਿਆਰਥੀਆਂ ਨੂੰ ਹਾਰਦਿਕ ਵਧਾਈ ਦਿੰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਸਾਰੇ ਵਿਦਿਆਰਥੀਆਂ ਨੂੰ ਮੈਡੀਕਲ ਖੇਤਰ ਵਿੱਚ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਨੂੰ ਉਜਾਗਰ ਕਰਦਿਆਂ ਸਿੱਖਿਆ ਮੰਤਰੀ ਨੇ ਦੱਸਿਆ ਕਿ ਇਸ ਵਰ੍ਹੇ ਸਰਕਾਰੀ ਸਕੂਲਾਂ ਦੇ 265 ਵਿਦਿਆਰਥੀਆਂ ਨੇ ਜੇ.ਈ.ਈ. (ਮੇਨਜ਼) ਵਿੱਚ ਕੁਆਲੀਫਾਈ ਕੀਤਾ ਅਤੇ 44 ਵਿਦਿਆਰਥੀਆਂ ਨੇ ਜੇ.ਈ.ਈ. (ਐਡਵਾਂਸਡ) ਦੀ ਪ੍ਰੀਖਿਆ ਪਾਸ ਕੀਤੀ ਸੀ। ਇਨ੍ਹਾਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦਾ ਪ੍ਰਭਾਵਸ਼ਾਲੀ ਪ੍ਰਦਰਸ਼ਨ ਸਾਡੀ ਸਰਕਾਰ ਦੇ ਮਿਆਰੀ ਸਿੱਖਿਆ ’ਤੇ ਧਿਆਨ ਕੇਂਦਰਿਤ ਕਰਨ ਦੀ ਅਹਿਮ ਉਦਾਹਰਣ ਹੈ। ਇਹ ਸ਼ਾਨਦਾਰ ਪ੍ਰਾਪਤੀ ਸਾਡੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਅਤੇ ਉਨ੍ਹਾਂ ਦੇ ਅਧਿਆਪਕਾਂ ਦੇ ਸਮਰਪਣ ਨੂੰ ਉਜਾਗਰ ਕਰਦੀ ਹੈ।

ਸਿੱਖਿਆ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਿਦਿਆਰਥੀਆਂ ਨੂੰ ਉੱਤਮਤਾ ਪ੍ਰਾਪਤ ਕਰਨ ਲਈ ਸਾਜ਼ਗਾਰ ਮਾਹੌਲ ਪ੍ਰਦਾਨ ਕਰਨ ਲਈ ਦ੍ਰਿੜ੍ਹ ਵਚਨਬੱਧ ਹੈ ਤਾਂ ਜੋ ਸੂਬੇ ਦੇ ਵਿਦਿਆਰਥੀ ਹੋਰ ਉੱਚੇ ਮੁਕਾਮ ਹਾਸਲ ਕਰ ਸਕਣ। ਉਹਨਾਂ ਕਿਹਾ ਕਿ ਸੂਬਾ ਸਰਕਾਰ ਇੱਕ ਅਜਿਹੇ ਈਕੋਸਿਸਟਮ ਲਈ ਅਣਥੱਕ ਮਿਹਨਤ ਕਰਦੀ ਰਹੇਗੀ, ਜੋ ਵਿਦਿਆਰਥੀਆਂ ਦੀ ਪ੍ਰਤਿਭਾ ਦੀ ਪਛਾਣ ਕਰੇ ਅਤੇ ਉਹਨਾਂ ਦਾ ਸਮਰਥਣ ਕੀਤਾ ਜਾਵੇ ਅਤੇ ਉਹਨਾਂ ਨੂੰ ਵਿਸ਼ਵ ਪੱਧਰੀ ਮਿਆਰੀ ਸਿੱਖਿਆ ਅਤੇ ਸਰੋਤਾਂ ਤੱਕ ਪਹੁੰਚ ਪ੍ਰਦਾਨ ਕੀਤੀ ਜਾਵੇ ਜੋ ਉਨ੍ਹਾਂ ਨੂੰ ਹੋਰ ਅੱਗੇ ਵਧਣ ਅਤੇ ਉਨ੍ਹਾਂ ਨੂੰ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਯੋਗ ਬਣਾਇਆ ਜਾ ਸਕੇ।

# ਪੰਜਾਬ ਨੂੰ ਦੇਸ਼ ਦੇ ਉਦਯੋਗਿਕ ਹੱਬ ਵਜੋਂ ਉਭਾਰਨ ਵਾਸਤੇ ਉਦਯੋਗਪਤੀਆਂ ਨੂੰ ‘ਫਾਸਟਟਰੈਕ ਪੰਜਾਬ ਪੋਰਟਲ’ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ : ਸ਼ੈਰੀ ਕਲਸੀ



**ਬਟਾਲਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਸੂਬੇ ਨੂੰ ਦੇਸ਼ ਦੇ ਉਦਯੋਗਿਕ ਹੱਬ ਵਜੋਂ ਉਭਾਰਨ ਵਾਸਤੇ ਉਦਯੋਗਪਤੀਆਂ ਨੂੰ ਫਾਸਟਟ ?ਰੈਕ ਪੋਰਟਲ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਗੱਲਬਾਤ ਕਰਦਿਆਂ ਦੱਸਿਆ ਕਿ ‘ਫਾਸਟਟਰੈਕ ਪੰਜਾਬ ਪੋਰਟਲ’ ਨਿਵੇਸ਼ਕਾਂ ਨੂੰ ਅਰਜੀ ਦੇਣ ਦੇ 45 ਦਿਨਾਂ ਦੇ ਅੰਦਰ-ਅੰਦਰ ਸਾਰੀਆਂ ਪ੍ਰਵਾਨਗੀਆਂ ਦੇਣਾ ਯਕੀਨੀ ਬਣਾਏਗਾ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿੱਚ ਸੂਬਾ ਸਰਕਾਰ ਨੇ ਸਮਾਜ ਦੇ ਹਰ ਵਰਗ ਨੂੰ ਲਾਭ ਪਹੁੰਚਾਉਣ ਲਈ ਕਈ ਪਹਿਲਕਦਮੀਆਂ ਕੀਤੀਆਂ ਹਨ।

ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵਲੋਂ ਸੱਤਾ ਸੰਭਾਲਣ ਤੋਂ ਬਾਅਦ ਉਦਯੋਗਪਤੀਆਂ ਦੀ ਸਹੂਲਤ ਲਈ ਕਈ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ ਹਨ। ਪੰਜਾਬ ਦੇਸ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿਸ ਨੇ ਵਿਲੱਖਣ ਕਲਰ ਕੋਡ ਵਾਲੇ ਸਟੈਂਪ ਪੇਪਰ ਸੁਰੂ ਕੀਤੇ ਹਨ ਤਾਂ ਜੋ ਸੂਬੇ ਵਿੱਚ ਆਪਣੇ ਯੂਨਿਟ ਸਥਾਪਤ ਕਰਨ ਲਈ ਉੱਦਮੀਆਂ ਨੂੰ ਵਿਸ਼ੇਸ਼ ਸਹੂਲਤ ਦਿੱਤੀ ਜਾ ਸਕੇ, ਜਿਸ ਨਾਲ ਉਦਯੋਗਿਕ ਵਿਕਾਸ ਨੂੰ ਹੁਲਾਰਾ ਮਿਲੇਗਾ।

ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਕੋਈ ਵੀ ਉਦਯੋਗਪਤੀ ਜੋ ਸੂਬੇ ਵਿੱਚ ਆਪਣੀ ਉਦਯੋਗਿਕ ਇਕਾਈ ਸਥਾਪਤ ਕਰਨ ਦਾ ਇੱਛੁਕ ਹੈ, ਉਹ ‘ਇਨਵੈਸਟ ਪੰਜਾਬ’ ਪੋਰਟਲ ਤੋਂ ਇਹ ਵਿਲੱਖਣ ਕਲਰ ਕੋਡ ਵਾਲਾ ਸਟੈਂਪ ਪੇਪਰ ਪ੍ਰਾਪਤ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਉਦਯੋਗਪਤੀ ਆਪਣੀ ਇਕਾਈ ਸਥਾਪਤ ਕਰਨ ਲਈ ਸੀ.ਐਲ.ਯੂ., ਜੰਗਲਾਤ, ਪ੍ਰਦੂਸ਼ਣ, ਫਾਇਰ ਬਿ ?ਰਗੇਡ ਅਤੇ ਹੋਰ ਪ੍ਰਵਾਨਗੀਆਂ ਪ੍ਰਾਪਤ ਕਰਨ ਵਾਸਤੇ ਸਿਰਫ ਇਹ ਸਿੰਗਲ ਸਟੈਂਪ ਪੇਪਰ ਖਰੀਦ ਕੇ ਲੋੜੀਂਦੀਆਂ ਵੱਖ-ਵੱਖ ਫ਼ੀਸਾਂ ਦਾ ਭੁਗਤਾਨ ਕਰ ਸਕਣਗੇ। ਸਟੈਂਪ ਪੇਪਰ ਖਰੀਦਣ ਤੋਂ ਬਾਅਦ ਉਦਯੋਗਪਤੀ ਨੂੰ ਆਪਣੀ ਇਕਾਈ ਸਥਾਪਤ ਕਰਨ ਲਈ 15 ਦਿਨਾਂ ਦੇ ਅੰਦਰ-ਅੰਦਰ ਸਾਰੇ ਵਿਭਾਗਾਂ ਤੋਂ ਸਾਰੀਆਂ ਲੋੜੀਂਦੀਆਂ ਪ੍ਰਵਾਨਗੀਆਂ ਮਿਲ ਜਾਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਇਸ ਦੇ ਨਾਲ ਹੀ ਦੇਸ਼ ਦੇ ਕਈ ਹੋਰ ਸੂਬੇ ਵੀ ਇਸੇ ਰਣਨੀਤੀ ਨੂੰ ਅਪਣਾਉਣ ਵਿੱਚ ਦਿਲਚਸਪੀ ਦਿਖਾ ਰਹੇ ਹਨ।


ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਨੌਜਵਾਨਾਂ ਨੂੰ ਰੋਜ਼ਗਾਰ ਦੇ ਕੇ ਉਨ੍ਹਾਂ ਦੇ ਹੱਥਾਂ ਵਿੱਚ ਟਿਫਿਨ ਸੌਂਪਣਾ ਚਾਹੁੰਦੇ ਹਨ, ਤਾਂ ਜੋ ਉਹ ਨਸ਼ਿਆਂ ਦੇ ਖਤਰੇ ਤੋਂ ਬਚ ਸਕਣ।

# ਜ਼ਿਲ੍ਹੇ ਦੀਆਂ ਵੱਖ-ਵੱਖ ਥਾਵਾਂ ਵਿਖੇ ਮਨਾਇਆ ਜਾਵੇਗਾ ਅੰਤਰਰਾਸ਼ਟਰੀ ਯੋਗ ਦਿਵਸ : ਵਧੀਕ ਡਿਪਟੀ ਕਮਿਸ਼ਨਰ

**ਫਾਜ਼ਿਲਕਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਵਧੀਕ ਡਿਪਟੀ ਕਮਿਸ਼ਨਰ (ਜ) ਡਾ ਮਨਦੀਪ ਕੌਰ ਨੇ ਦੱਸਿਆ ਕਿ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਜ਼ਿਲ੍ਹਾ ਫਾਜ਼ਿਲਕਾ ਵਿਖੇ ਯੋਗਾ ਦਿਵਸ ਪਟੇਲ ਪਾਰਕ ਅਬੋਹਰ, ਪਾਵਰਹਾਉਸ ਪਾਰਕ ਅਰਨੀਵਾਲਾ ਸ਼ੇਖ ਸੁਭਾਨ, ਬਹੁਮੰਤਵੀ ਖੇਡ ਸਟੇਡੀਅਮ ਫਾਜ਼ਿਲਕਾ ਤੇ ਬਹੁਮੰਤਵੀ ਖੇਡ ਸਟੇਡੀਅਮ ਜਲਾਲਾਬਾਦ ਅਤੇ ਡੇਰਾ ਬਾਬਾ ਭੂਮਣ ਸ਼ਾਹ ਖੂਈਆ ਸਰਵਰ ਵਿਖੇ ਮਨਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਯੋਗਾ ਦਿਵਸ ਸਵੇਰੇ 6 ਵਜੇ ਜ਼ਿਲ੍ਹੇ ਦੀਆਂ ਵੱਖ-ਵੱਖ ਦਰਸ਼ਾਈਆਂ ਥਾਵਾਂ *ਤੇ ਮਨਾਇਆ ਜਾਵੇਗਾ। ਉਨ੍ਹਾਂ ਅਧਿਕਾਰੀਆਂ ਅਤੇ ਕਰਮਚਾਰੀਆਂ ਸਮੇਤ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਿਹਤਯਾਬ ਜ਼ਿੰਦਗੀ ਜੀਊਣ ਦੇ ਗੁਰ ਸਿੱਖਣ ਲਈ ਇਸ ਸਮਾਗਮ ਵਿੱਚ ਸ਼ਿਰਕਤ ਜ਼ਰੂਰ ਕਰਨ ਅਤੇ ਯੋਗਾ ਨੂੰ ਆਪਣੇ ਜੀਵਨ ਵਿੱਚ ਅਪਨਾਉਣ ।ਇਹ ਪ੍ਰੋਗਰਾਮ ਮੁੱਖ ਮੰਤਰੀ ਯੋਗਸ਼ਾਲਾ ਜ਼ਿਲ੍ਹਾ ਕੋਆਰਡੀਨੇਟਰ ਰਾਧੇਸ਼ਿਆਮ ਦੀ ਨਿਗਰਾਨੀ ਹੇਠ ਆਯੋਜਿਤ ਕੀਤਾ ਜਾਵੇਗਾ, ਜਿਸ ਵਿੱਚ ਮੁੱਖ ਮੰਤਰੀ ਯੋਗਸ਼ਾਲਾਵਾਂ ਦੇ ਟ ?ਰੇਨਰ ਅਤੇ ਸਿਖਿਆਰਥੀ ਵਿਸ਼ੇਸ਼ ਤੌਰ ’ਤੇ ਹਿੱਸਾ ਲੈਣਗੇ।

# ਜੇ ਭਾਰਤ ਨੇ ਸੰਸਾਰ ਉੱਤੇ ਇੰਗਲੈਂਡ ਦੀ ਤਰ੍ਹਾਂ ਸਾਮਰਾਜ ਸਥਾਪਿਤ ਕੀਤਾ ਹੁੰਦਾ !


ਠਾਕੁਰ ਦਲੀਪ ਸਿੰਘ

ਤੁਸੀਂ ਕਲਪਨਾ ਵੀ ਨਹੀਂ ਕਰ ਸਕਦੇ ਕਿ ਜੇਕਰ ਭਾਰਤ ਨੇ ਸੰਸਾਰ ਉੱਤੇ ਇੰਗਲੈਂਡ ਦੀ ਤਰ੍ਹਾਂ ਸਾਮਰਾਜ ਸਥਾਪਿਤ ਕੀਤਾ ਹੁੰਦਾ ਤਾਂ ਭਾਰਤੀ ਭਾਸ਼ਾਵਾਂ ਕਿੰਨੀਆਂ ਸਮਰਿੱਧ ਹੁੰਦੀਆਂ ! ਜਿਸ ਤਰ੍ਹਾਂ ਅੱਜ ‘ਇੰਗਲਿਸ਼’ ਸੰਸਾਰ ਉੱਤੇ ਰਾਜ ਕਰ ਰਹੀ ਹੈ ਉਸੇ ਤਰ੍ਹਾਂ ਹੀ ਭਾਰਤੀ ਭਾਸ਼ਾਵਾਂ ਵੀ ਸੰਸਾਰ ਉੱਤੇ ਰਾਜ ਕਰਦੀਆਂ। ਅੱਜ ਸੰਸਾਰ ਵਿੱਚ ਅੰਗਰੇਜ਼ੀ ਦੀ ਥਾਂ ‘ਭਾਰਤੀ’ ਭਾਸ਼ਾ ਦਾ ਹੀ ਪ੍ਰਯੋਗ ਹੁੰਦਾ ਅਤੇ ਕੋਈ ਵੀ ਇੱਕ ਭਾਰਤੀ ਭਾਸ਼ਾ ਹੀ ‘ਅੰਤਰ-ਰਾਸ਼ਟਰੀ ਭਾਸ਼ਾ’ ਹੁੰਦੀ। ਜਿਸ ਤਰ੍ਹਾਂ ਅੰਗਰੇਜ਼ੀ ਤੋਂ ਬਿਨਾਂ ਅੱਜ ਲੋਕਾਂ ਦਾ ਜਿਉਂਦੇ ਰਹਿਣਾ ਵੀ ਅਸੰਭਵ ਵਰਗਾ ਹੈ। ਜੇ ਭਾਰਤ ਨੇ ਵਿਸ਼ਵ ਉੱਤੇ ਸਾਮਰਾਜ ਸਥਾਪਿਤ ਕੀਤਾ ਹੁੰਦਾ ਤਾਂ ਭਾਰਤੀ ਭਾਸ਼ਾ ਤੋਂ ਬਿਨ੍ਹਾਂ ਵੀ ਲੋਕਾਂ ਦਾ ਜਿਉਂਦੇ ਰਹਿਣਾ ਅਸੰਭਵ ਵਰਗਾ ਹੋ ਜਾਂਦਾ। ਅੰਗਰੇਜ਼ੀ ਦੀ ਤਰ੍ਹਾਂ ਹੀ ਲੋਕ ਚਾਅ ਨਾਲ ਭਾਰਤੀ ਭਾਸ਼ਾ ਪੜ੍ਹਦੇ। ਕਿਉਂਕਿ ਭਾਰਤ ਦੇ ਅਧੀਨ ਹੋਣ ਕਾਰਣ ਭਾਰਤੀ ਭਾਸ਼ਾ ਪੜ੍ਹਨਾ ਉਹਨਾਂ ਦੀ ਮਜਬੂਰੀ ਬਣ ਜਾਣੀ ਸੀ। ਪ੍ਰੰਤੂ ਸੰਸਾਰ ਉੱਤੇ ਸਾਮਰਾਜ ਸਥਾਪਿਤ ਕਰਨ ਲਈ ਅਤੇ ਉਸ ਸਾਮਰਾਜ ਨੂੰ ਲੰਬੇ ਸਮੇਂ ਤੱਕ ਚਲਾਉਣ ਲਈ ਕਰੂਰਤਾ ਅਤੇ ਕੁਟਿਲਤਾ ਵਰਗੇ ਅਨੈਤਿਕ, ਅਧਰਮ-ਕਰਮ ਕਰਨੇ ਰਾਜਨੀਤਕ ਮਜਬੂਰੀ ਹੈ ਜੋ ਇੰਗਲੈਂਡ ਦੀ ਤਰ੍ਹਾਂ ਭਾਰਤ ਨੇ ਨਹੀਂ ਕੀਤੇ। ਅਨੈਤਿਕ, ਅਧਰਮ, ਬੁਰੇ ਕਰਮ ਕਰਨ ਦਾ ਫਲ ਇੰਗਲੈਂਡ ਪ੍ਰਫੁੱਲਿਤ ਹੋ ਕੇ ਭੋਗ ਰਿਹਾ ਹੈ। ਪ੍ਰੰਤੂ ਇੰਗਲੈਂਡ ਦੇ ਅਨੈਤਿਕ ਕਰਮਾਂ ਦੇ ਕਾਰਕੇ ਪੂਰਾ ਸੰਸਾਰ ਆਪਣੀ ਸੰਸਕ੍ਰਿਤੀ, ਭਾਸ਼ਾਵਾਂ, ਮਜ਼ਹਬ ਆਦਿ ਗਵਾ ਕੇ ਨੈਤਿਕਤਾ ਕਾਰਣ ਗੁਲਾਮੀ ਦਾ ਫਲ ਭੋਗ ਰਿਹਾ ਹੈ। ਇਸੇ ਤਰ੍ਹਾਂ ਨੈਤਿਕ ਕਰਮ ਕਰਨ ਦਾ ਫਲ ਭਾਰਤ ਆਪਣੀ ਸੁਤੰਤਰਤਾ, ਭਾਸ਼ਾਵਾਂ, ਸੰਸਕ੍ਰਿਤੀ, ਮਜ਼ਹਬ ਅਤੇ ਭਾਰਤ-ਭੂਮੀ ਦਾ ਇੱਕ ਵੱਡਾ ਭਾਗ ਗਵਾ ਕੇ ਭੋਗ ਰਿਹਾ ਹੈ।

ਵਿਸ਼ੇਸ਼: ਪਾਠਕ ਜਨ ਇਸ ਲੇਖ ਉੱਤੇ ਆਪੱਤੀ ਕਰਨ ਤੋਂ ਪਹਿਲਾਂ ਇਸ ਦਾ ਤੱਤ ਸਮਝਣ। ਜਿਸ ਦਾ ਸਾਮਰਾਜ ਹੁੰਦਾ ਹੈ ਉਸੇ ਦੀ ਭਾਸ਼ਾ ਹੀ ਸਰਕਾਰੀ ਕੰਮਾਂ ਵਿੱਚ ਚੱਲਦੀ ਹੈ ਅਤੇ ਪ੍ਰਫੁੱਲਿਤ ਹੋ ਕੇ ਲੋਕਾਂ ਵਿੱਚ ਪ੍ਰਚੱਲਿਤ ਹੁੰਦੀ ਹੈ। ਕਿਉਂਕਿ ਉਹ ਭਾਸ਼ਾ ਪੜ੍ਹਨਾ ਅਤੇ ਉਸ ਭਾਸ਼ਾ ਨੂੰ ਵਰਤਣਾ ਲੋਕਾਂ ਦੀ ਮਜਬੂਰੀ ਬਣ ਜਾਂਦੀ ਹੈ। ਜੇ ਉਸ ਦੇਸ਼ ਦਾ ਸਾਮਰਾਜ ਹਟ ਵੀ ਜਾਵੇ ਤਾਂ ਵੀ ਉਸੇ ਸਾਮਰਾਜ ਦੀ ਭਾਸ਼ਾ ਲੰਬੇ ਸਮੇਂ ਤੱਕ ਆਪਣਾ ਪ੍ਰਭਾਵ ਰੱਖਦੀ ਹੈ। ਅੰਗਰੇਜ਼ੀ ਦਾ ‘ਅੰਤਰ-ਰਾਸ਼ਟਰੀ ਭਾਸ਼ਾ’ ਬਣ ਕੇ ਅੱਜ ਪੂਰੇ ਸੰਸਾਰ ਦੇ ਲੋਕਾਂ ਦੀ ਲੋੜ ਬਣਨ ਦਾ ਇੱਕ ਹੀ ਵਿਸ਼ੇਸ਼ ਕਾਰਨ ਹੈ। ਇੰਗਲੈਂਡ ਦਾ ਸੰਸਾਰ ਦੇ ਬਹੁਤ ਵੱਡੇ ਭਾਗ ਉੱਤੇ ਸਾਮਰਾਜ ਸਥਾਪਿਤ ਕਰਨਾ। ਜੇ ਤੁਸੀਂ ਲੇਖ ਦੇ ਇਸ ਤੱਤ ਨੂੰ ਸਮਝ ਕੇ, ਜੀਵਨ ਦੀ ਸੱਚਾਈ ਨੂੰ ਸਵੀਕਾਰ ਕਰੋਗੇ ਤਾਂ ਮੇਰੇ ਵਿਚਾਰਾਂ ਨਾਲ ਜਰੂਰ ਹੀ ਸਹਿਮਤ ਹੋ ਜਾਓ ਗੇ। ਜੇ ਮੇਰੀ ਗੱਲ ਤੁਹਾਡੀ ਸਮਝ ਵਿੱਚ ਨਹੀਂ ਆ ਰਹੀ, ਤੁਹਾਡੇ ਮੰਨਣ ਵਿੱਚ ਵੀ ਨਹੀਂ ਆ ਰਹੀ ਤਾਂ ਅੰਗਰੇਜੀ ਦਾ ਪੂਰਨ ਰੂਪ ਵਿੱਚ ਬਾਈਕਾਟ ਕਰ ਕੇ, ਕੇਵਲ ਇੱਕ ਦਿਨ ਦੇ ਲਈ ਹੀ ਜਿਉਂਦੇ ਰਹਿ ਕੇ ਦੇਖੋ। ਤੁਹਾਨੂੰ ਆਪਣੇ ਆਪ ਹੀ ਪਤਾ ਲੱਗ ਜਾਵੇਗਾ ਕਿ ਤੁਸੀਂ ਅੰਗਰੇਜੀ ਤੋਂ ਬਿਨਾਂ ਜਿਉਂਦੇ ਰਹਿ ਹੀ ਨਹੀਂ ਸਕਦੇ। ਸੰਸਾਰ ਦੇ ਸਾਰੇ ਵੱਡੇ ਸਾਮਰਾਜ: ਕਰੂਰਤਾ, ਹਿੰਸਾ, ਕਪਟ, ਅਨੈਤਿਕ, ਅਧਰਮ ਕਰਮ ਕਰਕੇ ਹੀ ਸਥਾਪਿਤ ਹੋਏ ਹਨ ਅਤੇ ਉਪਰੋਕਤ ਕੁਕਰਮਾਂ ਨੂੰ ਕਰਦਿਆਂ ਹੀ ਸਥਾਪਿਤ ਰਹੇ ਹਨ। ਕੇਵਲ ਸੇਵਾ, ਪਰ-ਉਪਕਾਰ ਵਰਗੇ ਨੈਤਿਕ ਅਤੇ ਧਰਮ ਕਰਮ ਕਰ ਕੇ; ਕੋਈ ਵੀ ਸਾਮਰਾਜ ਕਦੇ ਵੀ ਸਥਾਪਿਤ ਨਹੀਂ ਹੋਇਆ, ਨਾ ਹੀ ਹੋ ਸਕਦਾ ਹੈ। ਇਹ ਸਭ ਨੂੰ ਪਤਾ ਹੈ ਕਿ ਯੂਰਪ ਦੇ ਕੁਝ ਦੇਸ਼ਾਂ ਇੰਗਲੈਂਡ, ਫਰਾਂਸ, ਹਾਲੈਂਡ, ਸਪੇਨ ਆਦਿ ਵਿਸ਼ੇਸ਼ ਰੂਪ ਵਿੱਚ ਇੰਗਲੈਂਡ ਨੇ ਸੰਸਾਰ ਦੇ ਜਿਆਦਾਤਰ ਦੇਸ਼ਾਂ ਨੂੰ ਗੁਲਾਮ ਬਣਾ ਕੇ ਆਪਣਾ ਸਾਮਰਾਜ ਸਥਾਪਿਤ ਕੀਤਾ ਸੀ। ਜਿਸ ਦੇ ਇੱਕ ਬਹੁਤ ਵੱਡੇ ਭਾਗ ਉੱਤੇ ਹਾਲੇ ਤੱਕ ਵੀ ਉਹਨਾਂ ਦਾ ਹੀ ਰਾਜ ਹੈ।

ਅਜਿਹਾ ਮੰਨਿਆ ਜਾਂਦਾ ਹੈ ਕਿ ਕਿਸੇ ਵੀ ਦੇਸ਼ ਦੇ ਮੂਲ ਨਿਵਾਸੀਆਂ ਉੱਤੇ ਅੱਤਿਆਚਾਰ ਕਰ ਕੇ ਅਤੇ ਗੁਲਾਮ ਬਣਾ ਕੇ ਉਹਨਾਂ ਦਾ ਸ਼ੋਸ਼ਣ ਕਰਨਾ ਅਤੇ ਉਹਨਾਂ ਉੱਤੇ ਰਾਜ ਕਰਨਾ ਬਹੁਤ ਵੱਡੀ ਅਨੈਤਿਕਤਾ ਅਤੇ ਅਧਰਮ ਹੈ। ਜਿਸ ਦਾ ਬਹੁਤ ਵੱਡਾ ਦੰਡ,ਪਾਪ ਸ਼ੋਸ਼ਣ ਕਰਨ ਵਾਲੇ ਲੋਕਾਂ ਨੂੰ ਲੱਗਦਾ ਹੈ। ਇਹਨਾਂ ਯੂਰਪੀ ਦੇਸ਼ਾਂ ਨੂੰ ਉਸ ਅਨੈਤਿਕ ਕੁਕਰਮ ਕਰਨ ਦਾ ਪਾਪ ਲੱਗਣਾ ਚਾਹੀਦਾ ਸੀ। ਪ੍ਰੰਤੂ, ਇਸ ਦੇ ਉਲਟ ਇਹਨਾਂ ਯੂਰਪੀ ਦੇਸ਼ਾਂ ਨੂੰ ਇੰਨੇ ਵੱਡੇ ਅਨੈਤਿਕ ਪਾਪ ਕਰਮ ਕਰਨ ਦਾ ਦੰਡ ਮਿਲਣ ਦੀ ਥਾਂ ਉੱਪਰ ਇਹ ਫਲ ਮਿਲਿਆ ਹੈ ਕਿ ਜਿੱਥੇ ਵੀ ਉਹਨਾਂ ਨੇ ਆਪਣਾ ਸਾਮਰਾਜ ਸਥਾਪਿਤ ਕੀਤਾ ਉਥੇ ਹੀ ਉਹਨਾਂ ਦੀ ਜਨਸੰਖਿਆ, ਭਾਸ਼ਾ, ਮਜ਼ਹਬ ਅਤੇ ਸੰਸਕ੍ਰਿਤੀ ਫੈਲ ਕੇ ਸਥਾਪਿਤ ਹੋ ਗਏ। ਗੁਲਾਮ ਦੇਸ਼ਾਂ ਦੇ ਮੂਲ ਨਿਵਾਸੀਆਂ ਦੀ ਜਨਸੰਖਿਆ, ਭਾਸ਼ਾ, ਮਜ਼ਹਬ ਅਤੇ ਸੰਸਕ੍ਰਿਤੀ; ਇਹਨਾਂ ਵਿਦੇਸ਼ੀ ਅੱਤਿਆਚਾਰੀਆਂ ਦੇ ਰਾਜ ਅਤੇ ਗੁਲਾਮੀ ਦੇ ਕਾਰਣ ਲੁਪਤ ਹੋਣ ਦੇ ਕੰਢੇ ਉੱਤੇ ਹਨ। ਇਸ ਦਾ ਪ੍ਰਤੱਖ ਉਦਾਹਰਣ ਯੂਰਪੀਨਾਂ ਦੀ ਆਪਣੀ ਲਿਖਤ ਵਿੱਚ ਹੀ ਮਿਲਦਾ ਹੈ: ਉੱਤਰੀ ਅਮਰੀਕਾ ਅਤੇ ਦੱਖਣੀ ਅਮਰੀਕਾ ਉੱਤੇ ਆਪਣਾ ਸਾਮਰਾਜ ਸਥਾਪਿਤ ਕਰਨ ਲਈ, ਯੂਰਪੀਅਨ ਦੇਸ਼ਾਂ ਨੇ ਉਥੋਂ ਦੇ 56 ਲੱਖ ਲੋਕਾਂ ਨੂੰ ਮਾਰਿਆ ਹੈ।

ਇਸ ਤੋਂ ਪ੍ਰਤੱਖ ਹੁੰਦਾ ਹੈ ਕਿ ਆਪਣੀ ਭਾਸ਼ਾ ਅਤੇ ਸੰਸਕ੍ਰਿਤੀ ਨੂੰ ਪ੍ਰਫੁੱਲਿਤ ਕਰਨ ਲਈ ਸੰਸਾਰ ਦੇ ਵੱਡੇ ਭਾਗ ਉੱਤੇ ਸਾਮਰਾਜ ਸਥਾਪਿਤ ਕਰਨਾ ਬਹੁਤ ਜਰੂਰੀ ਹੈ। ਉਹ ਸਾਮਰਾਜ ਕੇਵਲ ਨੈਤਿਕਤਾ ਜਾਂ ਧਰਮ ਕਾਰਜਾਂ ਨਾਲ ਸਥਾਪਿਤ ਕਰਨਾ ਸੰਭਵ ਨਹੀਂ। ਇਹ ਵੀ ਕੌੜੀ ਸੱਚਾਈ ਹੈ ਕਿ ਘੱਟ ਤੋਂ ਘੱਟ 50 ਪ੍ਰਤੀਸ਼ਤ ਅਨੈਤਿਕ ਅਤੇ ਕਰੂਰਤਾ ਨਾਲ ਹੀ ਸਾਮਰਾਜ ਸਥਾਪਿਤ ਹੁੰਦਾ ਹੈ ਅਤੇ ਚੱਲਦਾ ਹੈ। ਭਾਵੇਂ ਸਮਾਜ ਇਸ ਢੰਗ ਨੂੰ ਕਿੰਨਾ ਵੀ ਅਨੈਤਿਕ ਅਤੇ ਅਪਰਾਧਿਕ ਮੰਨਦਾ ਹੋਵੇ। ਪਰ ਸਾਮਰਾਜ ਸਥਾਪਿਤ ਕਰ ਕੇ ਕੇਵਲ ਲੋਕਾਂ ਦਾ ਸ਼ੋਸ਼ਣ ਅਤੇ ਉਹਨਾਂ ਉੱਤੇ ਅੱਤਿਆਚਾਰ ਕਰਨ ਨਾਲ ਹੀ ਕੋਈ ਭਾਸ਼ਾ, ਮਜ਼ਹਬ ਅਤੇ ਸੰਸਕ੍ਰਿਤੀ; ਗੁਲਾਮ ਦੇਸ਼ ਦੇ ਲੋਕਾਂ ਦੇ ਜੀਵਨ ਦਾ ਪੂਰੀ ਤਰ੍ਹਾਂ ਅੰਗ ਨਹੀਂ ਬਣ ਜਾਂਦੀ। ਜਦ ਲੰਬੇ ਸਮੇਂ ਤਕ ਸਾਮਰਾਜ ਦੇ ਮੰਤਰੀ, ਅਧਿਕਾਰੀ ਅਤੇ ਉਹਨਾਂ ਦੇ ਲੋਕ ਗੁਲਾਮ ਹੋਏ ਦੇਸ਼ ਵਿੱਚ ਰਹਿੰਦੇ ਹਨ, ਅਤੇ ਜੋ ਭਾਸ਼ਾ ਉਹ ਵਰਤਦੇ ਹਨ ?। ਜੋ ਕੰਮ ਉਹ ਕਰਦੇ ਹਨ ਗੁਲਾਮ ਦੇਸ਼ ਦੀ ਜਨਤਾ, ਉਹਨਾਂ ਦੇ ਸਾਰੇ ਕੰਮਾਂ ਦੀ ਆਪਣੇ-ਆਪ ਨਕਲ ਕਰਨ ਲੱਗ ਪੈਂਦੀ ਹੈ। ਕਿਉਂਕਿ ਮਾਨਵੀ ਸੁਭਾਅ ਹੈ ਕਿ ਧਨਹੀਣ ਪਰਜਾ, ਧਨੀ ਅਤੇ ਸੱਤਾਰੂੜ ਵਿਅਕਤੀ ਦੀ ਨਕਲ ਕਰਦੀ ਹੈ। ਸਭ ਤੋਂ ਧਨਵਾਨ ਅਤੇ ਸ਼ਕਤੀਸ਼ਾਲੀ ਤਾਂ ਸਾਮਰਾਜ ਦਾ ਸੁਆਮੀ ਅਤੇ ਉਸ ਦੇ ਮੰਤਰੀ, ਅਧਿਕਾਰੀ ਹੁੰਦੇ ਹਨ। ਇਸ ਤਰ੍ਹਾਂ ਸਾਮਰਾਜ ਸਥਾਪਿਤ ਕਰਨ ਵਾਲੇ ਦੇਸ਼ਾਂ ਦੀ ਭਾਸ਼ਾ, ਮਜ਼ਹਬ, ਸੰਸਕ੍ਰਿਤੀ ਵੀ, ਬਿਨ੍ਹਾਂ ਜਿਆਦਾ ਅੱਤਿਆਚਾਰ ਕੀਤੇ, ਬਿਨਾਂ ਜਿਆਦਾ ਮਿਹਨਤ ਕੀਤੇ ਆਪਣੇ ਆਪ ਹੀ ਗੁਲਾਮ ਦੇਸ਼ ਵਿੱਚ ਪ੍ਰਫੁੱਲਿਤ ਹੋਣ ਲੱਗਦੇ ਹਨ। ਨਕਲ ਕਰਨ ਦਾ ਮਾਨਵੀ ਸੁਭਾਅ ਹੋਣ ਕਾਰਣ ਅੱਜ ਪੂਰੇ ਵਿਸ਼ਵ ਵਿਚ ਇੰਗਲੈਂਡ ਅਤੇ ਯੂਰਪੀ ਦੇਸ਼ਾਂ ਦੀ ਭਾਸ਼ਾ, ਮਜ਼ਹਬ ਅਤੇ ਸੰਸਕ੍ਰਿਤੀ ਪ੍ਰਫੁੱਲਿਤ ਹੋ ਕੇ ਫੈਲ ਗਏ ਹਨ।

ਇਸ ਲਈ ਜਿਸ ਨੇ ਵੀ ਆਪਣੀ ਭਾਸ਼ਾ, ਮਜ਼ਹਬ ਜਾਂ ਸੰਸਕ੍ਰਿਤੀ ਨੂੰ ਸੁਰੱਖਿਅਤ ਕਰ ਕੇ ਪ੍ਰਫੁੱਲਿਤ ਕਰਨਾ ਹੋਵੇ ਉਸ ਦੇ ਲਈ ਵੱਡਾ ਸਾਮਰਾਜ ਸਥਾਪਿਤ ਕਰਨਾ ਬਹੁਤ ਜਰੂਰੀ ਹੈ। ਵੱਡਾ ਸਾਮਰਾਜ ਸਥਾਪਿਤ ਕਰਨ ਲਈ ਇਹਨਾਂ ਯੂਰਪੀਨਾਂ ਵਰਗੇ ਅਨੈਤਿਕ ਕਰਮ ਵੀ ਕਰਨੇ ਪੈਣਗੇ। ਤਾਂ ਹੀ ਸਾਮਰਾਜ ਸਥਾਪਿਤ ਹੋਵੇਗਾ ਅਤੇ ਤਾਂ ਹੀ ਸਾਮਰਾਜ ਸਥਾਪਿਤ ਰਹੇਗਾ। ਇਸ ਦਾ ਪ੍ਰਤੱਖ ਉਦਾਹਰਣ ਹੈ ਮਾਨਵ ਜਾਤੀ ਦਾ ਪ੍ਰਿਥਵੀ ਉੱਤੇ ਸਾਮਰਾਜ ਸਥਾਪਿਤ ਕਰ ਕੇ ਉਸ ਉੱਤੇ ਰਹਿੰਦੇ ਸਾਰੇ ਜੀਵ, ਜੰਤੂਆਂ ਅਤੇ ਬਨਸਪਤੀ ਉੱਤੇ ਰਾਜ ਕਰਨਾ ਅਤੇ ਉਹਨਾਂ ਦਾ ਸ਼ੋਸ਼ਣ ਕਰਨਾ। ਮਾਨਵ ਜਾਤੀ ਨੇ ਹਰ ਤਰ੍ਹਾਂ ਦੇ ਅਨੈਤਿਕ, ਅਧਰਮ ਕਰਮ (ਕਰੂਰਤਾ, ਕਪਟ ਆਦਿ) ਕਰ ਕੇ ਹੀ, ਪ੍ਰਿਥਵੀ ਉੱਤੇ ਸਾਮਰਾਜ ਸਥਾਪਿਤ ਕੀਤਾ ਹੈ। ਕਿਉਂਕਿ, ਮਾਨਵ ਸਾਰੇ ਜੀਵਾਂ ਵਿੱਚੋਂ ਸਭ ਤੋਂ ਵੱਧ ਸ਼ੈਤਾਨ, ਕਰੂਰ ਅਤੇ ਕਪਟੀ, ਲਾਲਚੀ (ਅਧਰਮੀ) ਹੈ।

# ਕੋਵਿਡ ਦੇ ਨਵੇਂ ਵੇਰੀਐਂਟ ਤੋਂ ਘਬਰਾਉਣ ਦੀ ਲੋੜ ਨਹੀਂ : ਸਿਵਲ ਸਰਜਨ ਡਾ. ਕਿਰਨਦੀਪ ਕੌਰ



**ਅੰਮ੍ਰਿਤਸਰ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਭਾਵੇਂ ਕੋਵਿਡ ਦੇ ਨਵੇਂ ਵੇਰੀਐਂਟ ਦੇ ਤਿੰਨ ਨਵੇਂ ਮਾਮਲੇ ਸਾਹਮਣੇ ਆਏ ਹਨ, ਪਰ ਫਿਰ ਵੀ ਇਹਨਾਂ ਤੋਂ ਘਬਰਾਉਣ ਦੀ ਕੋਈ ਲੋੜ ਨਹੀਂ, ਇਹ ਵਿਚਾਰ ਸਿਵਲ ਸਰਜਨ ਅੰਮ੍ਰਿਤਸਰ ਡਾ ਕਿਰਨਦੀਪ ਕੌਰ ਵੱਲੋਂ ਕੋਵਿਡ ਦੇ 3 ਕੇਸਾਂ ਦੀ ਪੁਸ਼ਟੀ ਕਰਨ ਸਮੇਂ ਕਹੇ ਗਏ। ਉਹਨਾਂ ਆਖਿਆ ਕਿ ਇਹ ਤਿੰਨੋ ਕੇਸ ਮੈਡੀਕਲ ਕਾਲਜ ਦੇ ਜੂਨੀਅਰ ਡਾਕਟਰ ਹਨ, ਜੋਕਿ ਇਸ ਸਮੇਂ ਹੋਮ ਆਈਸੋਲੇਟ ਹਨ ਅਤੇ ਬਿਲਕੁਲ ਠੀਕ ਹਨ। ਨਵੇਂ ਵੇਰੀਐਂਟ ਦੇ ਮਰੀਜ਼ ਬਹੁਤ ਜਲਦੀ ਆਪਣੇ ਆਪ ਹੀ ਦੋ ਤਿੰਨ ਦਿਨਾਂ ਦੇ ਵਿੱਚ ਰਿਕਵਰ ਹੋ ਜਾਂਦੇ ਹਨ, ਇਸ ਲਈ ਕੋਵਿਡ ਦੇ ਨਵੇਂ ਵੇਰੀਐਂਟ ਤੋਂ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਉਹਨਾ ਆਮ ਜਨਤਾ ਨੂੰ ਅਪੀਲ ਕੀਤੀ ਕਿ ਕੋਵਿਡ ਦੇ ਹਲਕੇ ਲੱਛਣਾਂ ਜਿਵੇਂ ਖਾਂਸੀ, ਜੁਕਾਮ, ਬੁਖਾਰ, ਸਾਹ ਵਿੱਚ ਤਕਲੀਫ ਆਦੀ ਨੂੰ ਨਜ਼ਰ ਅੰਦਾਜ਼ ਨਾ ਕੀਤਾ ਜਾਵੇ। ਭੀੜ ਭਾੜ ਵਾਲੇ ਇਲਾਕਿਆਂ ਵਿੱਚ ਜਾਣ ਤੋਂ ਪਰਹੇਜ਼ ਕੀਤਾ ਜਾਵੇ। ਬਜ਼ੁਰਗਾਂ, ਗਰਭਵਤੀ ਮਾਵਾਂ, ਛੋਟੇ ਬੱਚੇ, ਸ਼ੂਗਰ, ਹਾਈਪਰਟੈਂਸ਼ਨ ਤੇ ਕਿਡਨੀ ਦੇ ਮਰੀਜ਼ ਆਦਿ ਨੂੰ ਆਪਣਾ ਖਾਸ ਧਿਆਨ ਰੱਖਣ ਦੀ ਜਰੂਰਤ ਹੈ। ਉਹਨਾਂ ਆਖਿਆ ਕਿ ਸਮੇਂ ਸਮੇਂ ਤੇ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਧੋਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਲੋੜ ਅਨੁਸਾਰ ਮਾਸਕ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਕੋਈ ਵੀ ਗੰਭੀਰ ਲੱਛਣ ਸਾਹਮਣੇ ਆਉਂਦੇ ਤੁਰੰਤ ਸਰਕਾਰੀ ਸਿਹਤ ਸੰਸਥਾ ਵਿਖੇ ਆਪਣੀ ਜਾਂਚ ਅਤੇ ਇਲਾਜ ਕਰਾਉਣਾ ਚਾਹੀਦਾ। ਇਸ ਤੋਂ ਇਲਾਵਾ ਅਫਵਾਵਾਂ ਅਤੇ ਸੋਸ਼ਲ ਮੀਡੀਆ ਤੇ ਗਲਤ ਜਾਣਕਾਰੀ ਤੋਂ ਬਚਣਾ ਚਾਹੀਦਾ ਹੈ।

# ਸਵੱਛ ਸਰਵੇਖਣ ਗ੍ਰਾਮੀਣ ਦੇ ਸਬੰਧ ਵਿੱਚ ਡਿਪਟੀ ਕਮਿਸ਼ਨਰ ਤਰਨ ਤਾਰਨ ਦੀ ਪ੍ਰਧਾਨਗੀ ਹੇਠ ਹੋਈ ਵਿਸ਼ੇਸ਼ ਮੀਟਿੰਗ



**ਤਰਨ ਤਾਰਨ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਸਵੱਛ ਸਰਵੇਖਣ ਗ੍ਰਾਮੀਣ 2025 ਦੇ ਸਬੰਧ ਵਿੱਚ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਦੀ ਪ੍ਰਧਾਨਗੀ ਹੇਠ ਅੱਜ ਜ਼ਿਲਾ ਪ੍ਰਬੰਧਕੀ ਕੰਪਲੈਕਸ ਤਰਨ ਤਰਨ ਵਿਖੇ ਵਿਸ਼ੇਸ਼ ਮੀਟਿੰਗ ਹੋਈ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਸਰਕਾਰ ਦੇ ਜਲ ਸ਼ਕਤੀ ਮੰਤਰਾਲੇ ਵੱਲੋ ਸਵੱਛ ਸਰਵੇਖਣ ਗ੍ਰਾਮੀਣ 2025 ਜੋ ਕਿ 19 ਜੂਨ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ ਅਤੇ 19 ਜੁਲਾਈ, 2025 ਤੱਕ ਮੁਕੰਮਲ ਕੀਤਾ ਜਾਵੇਗਾ।

ਉਹਨਾਂ ਦੱਸਿਆ ਕਿ ਇੱਕ ਦੇਸ਼ ਵਿਆਪੀ ਪੇਂਡੂ ਸਵੱਛਤਾ ਸਰਵੇਖਣ ਜੋ ਕਿ ਸਾਰੇ ਰਾਜਾਂ, ਕੇਂਦਰ ਸ਼ਾਸਤ ਪ੍ਰਦੇਸ਼ਾਂ ਅਤੇ ਭਾਰਤ ਭਰ ਦੇ ਜ਼ਿਲ੍ਹਿਆਂ ਦੇ ਪ੍ਰਦਰਸ਼ਨ ਦਾ ਮੁਲਾਂਕਣ ਅਤੇ ਦਰਜਾਬੰਦੀ ਕਰਨ ਲਈ ਹੈ। ਪਿੰਡਾਂ ਵਿੱਚ ਠੋਸ ਅਤੇ ਤਰਲ ਰਹਿੰਦ-ਖੂੰਹਦ ਪ੍ਰਬੰਧਨ ਵਰਗੇ ਮੁੱਖ ਸਵੱਛਤਾ ਮਾਪਦੰਡਾਂ ਤੇ ਹਰੇਕ ਪਿੰਡ ਵਿੱਚ, ਸਕੂਲ, ਆਂਗਣਵਾੜੀ ਕੇਂਦਰ, ਸਿਹਤ ਸਹੂਲਤਾਂ, ਪੰਚਾਇਤ ਘਰ, ਹੱਟ ਬਾਜ਼ਾਰ ਆਦਿ ਸਮੇਤ 5 ਜਨਤਕ ਸਥਾਨਾਂ ਦਾ ਸਵੱਛਤਾ ਸਥਿਤੀ ਲਈ ਮੁਲਾਂਕਣ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਗੋਬਰਧਨ ਪਲਾਂਟਾਂ, ਪਲਾਸਟਿਕ ਵੇਸਟ ਮੈਨੇਜਮੈਂਟ ਯੂਨਿਟਾਂ, ਐਫ.ਐਸ.ਟੀ.ਪੀ/ ਐਸ.ਟੀ.ਪੀ ਦੀ ਕਾਰਜਸ਼ੀਲਤਾ ਦਾ ਵੀ ਮੁਲਾਂਕਣ ਕੀਤਾ ਜਾਵੇਗਾ।ਜਿਲ੍ਹੇ ਅਨੁਸਾਰ ਰੈਂਕਿੰਗ ਲਈ ਸਕੋਰਿੰਗ ਮੁਲਾਂਕਣ ਕੁੱਲ ਅੰਕ 1000 ਨਿਰਧਾਰਿਤ ਕੀਤਾ ਗਿਆ ਹੈ, ਜਿਸ ਤਹਿਤ ਪ੍ਰੋਜੈਕਟਾਂ ਦੇ ਨਿਰੀਖਣ ਲਈ ਕੁੱਲ ਮੁਲਾਂਕਣ ਅੰਕ 120 ਹੋਣਗੇ, ਨਾਗਰਿਕ ਫੀਡਬੈਕ ਮੁਲਾਂਕਣ ਕੁੱਲ ਅੰਕ 100 ਹੋਣਗੇ, ਸੇਵਾ ਪੱਧਰ ਦੀ ਪ੍ਰਗਤੀ ਲਈ ਕੁੱਲ ਮੁਲਾਂਕਣ ਅੰਕ 240 ਹੋਣਗੇ ਅਤੇ ਘਰੇਲੂ ਪੱਧਰ ਅਤੇ ਪਿੰਡ ਪੱਧਰ ਦੇ ਸਿੱਧੇ ਨਿਰੀਖਣ ਲਈ ਕੁੱਲ ਮੁਲਾਂਕਣ ਅੰਕ 540 ਨਿਰਧਾਰਿਤ ਕੀਤੇ ਗਏ ਹਨ। ਡਿਪਟੀ ਕਮਿਸ਼ਨਰ ਤਰਨ ਤਾਰਨ ਵੱਲੋਂ ਸਵੱਛ ਸਰਵੇਖਣ ਗ੍ਰਾਮੀਣ 2025 ਤਹਿਤ ਜਿਲ੍ਹਾ ਤਰਨ ਤਾਰਨ ਦੇ ਸਾਰੇ ਪਿੰਡਾਂ ਵਿੱਚ ਪ੍ਰੀ-ਗਤੀਵਿਧੀਆ ਨੂੰ ਤੁਰੰਤ ਸ਼ੁਰੂ ਕਰਵਾਉਣ ਸਬੰਧੀ ਹਦਾਇਤ ਕੀਤੀ ਗਈ ਅਤੇ ਪਿੰਡਾ ਵਿੱਚ ਘਰੇਲੂ ਪੱਧਰ ਅਤੇ ਪਿੰਡ ਪੱਧਰ ਤੇ ਸਾਫ ਸਫਾਈ ਗਤੀਵਿਧੀਆਂ ਕਰਕੇ ਸਵੱਛਤਾ ਨੂੰ ਕਾਇਮ ਕਰਨ ਲਈ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਦਿਸ਼ਾ- ਨਿਰਦੇਸ਼ ਜਾਰੀ ਕੀਤੇ ਗਏ।

ਉਨ੍ਹਾਂ ਵੱਲੋਂ ਅਪੀਲ ਕੀਤੀ ਗਈ ਕਿ ਜਿਲਾ ਤਰਨ ਤਾਰਨ ਨੂੰ ਸਵੱਛ ਸਰਵੇਖਣ ਗ੍ਰਾਮੀਣ 2025 ਮੁਲਾਂਕਣ ਤਹਿਤ ਸਬੰਧਿਤ ਵਿਭਾਗਾਂ ਵੱਲੋਂ ਆਪਣਾ ਬਣਦਾ ਯੋਗਦਾਨ ਪਾਇਆ ਜਾਵੇ ਤਾਂ ਜੋ ਜਿਲ੍ਹੇ ਨੂੰ ਰਾਜ ਅਤੇ ਨੈਸ਼ਨਲ ਰੈਂਕਿੰਗ ਵਿੱਚ ਪਹਿਲੇ ਸਥਾਨ ’ਤੇ ਲਿਆਂਦਾ ਜਾ ਸਕੇ ।ਇਸ ਮੌਕੇ ’ਤੇ ਮੀਟਿੰਗ ਵਿੱਚ ਸ਼ ?ਰੀ ਸੰਜੀਵ ਕੁਮਾਰ ਵਧੀਕ ਡਿਪਟੀ ਕਮਿਸ਼ਨਰ ਵਿਕਾਸ, ਸ਼ ?ਰੀ ਸਿਮਰਨਜੀਤ ਸਿੰਘ, ਜ਼ਿਲ੍ਹਾ ਸੈਨੀਟੇਸ਼ਨ ਅਫਸਰ, ਤਰਨ ਤਾਰਨ, ਅਭਿਨਵ ਗੋਇਲ ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਸੁਰਿੰਦਰ ਕੁਮਾਰ ਡੀ. ਈ. ਓ ਐਲੀਮੈਂਟਰੀ , ਪਰਮਜੀਤ ਸਿੰਘ ਡੀ. ਈ. ਓ ਸੈਕੰਡਰੀ , ਦਵਿੰਦਰ ਕੁਮਾਰ ਆਰ. ਓ, ਹਰਜੀਤ ਸਿੰਘ, ਬਲਜਿੰਦਰ ਸਿੰਘ ਬੀ. ਡੀ. ਪੀ. ਓ, ਮੁਨੀਸ਼ ਗੁਪਤਾ ਡਿਪਟੀ ਡਾਇਰੈਕਟਰ ਐਨੀਮਲ ਹਸਬੈਂਡਰੀ, ਗਗਨਦੀਪ ਸਿੰਘ ਡੀ. ਐਸ. ਐਸ. ਓ, ਅਨਿਲ ਚੋਪੜਾ, ਹਰਵਿੰਦਰ ਸਿੰਘ ਈ. ਓ, ਮਨਿੰਦਰ ਸਿੰਘ ਕਾਰਜਕਾਰੀ ਇੰਜੀਨੀਅਰ, ਸੁਖਰਾਜ ਸਿੰਘ, ਧਰਵਿੰਦਰ ਸਿੰਘ, ਅਮਨਦੀਪ ਸਿੰਘ, ਹਰਪ੍ਰੀਤ ਸਿੰਘ ਉਪ ਮੰਡਲ ਇੰਜੀਨੀਅਰ, ਗੁਰਪ੍ਰੀਤ ਕੌਰ ਡੀ. ਪੀ. ਐਮ, ਸੁਰਿੰਦਰਜੀਤ ਸਿੰਘ, ਅਰੋਮਾ, ਪਰਮਜੀਤ ਸਿੰਘ, ਕੁਵੰਰਪ੍ਰੀਤ ਸਿੰਘ ਬੀ.ਪੀ.ਐਮ, ਦਲਜੀਤ ਸਿੰਘ ਡੀ.ਐਮ. ਐਮ, ਧਰਵਿੰਦਰ ਸਿੰਘ ਸੀ. ਸੀ, ਡਾ.ਰਣਦੀਪ ਸਿੰਘ ਸਿਵਲ ਸਰਜਨ, ਜਗੀਰ ਸਿੰਘ ਟੀ. ਸੀ, ਸਮੂਹ ਸੀ. ਡੀ. ਪੀ. ਓ , ਜਲ ਸਪਲਾਈ ਸੈਨੀਟੇਸ਼ਨ ਵਿਭਾਗ ਤੋਂ ਰਾਜੀਵ ਖੰਡਵਾਲ ਉਪ ਮੰਡਲ ਇੰਜੀਨੀਅਰ, ਸੰਜੀਵ ਰਾਏ, ਮਨੋਹਰ ਸਿੰਘ, ਹਰਜੀਤ ਸਿੰਘ, ਵਿਕਰਮ ਸਿੰਘ, ਹਰਪ੍ਰਤਾਪ ਸਿੰਘ, ਓਂਕਾਰ ਸਿੰਘ, ਰਵੀ ਕੁਮਾਰ, ਨੰਦਿਨੀ ਮਹਿਤਾ ਜੇ. ਈਜ਼ ਕਸ਼ਮੀਰ ਸਿੰਘ ਏ. ਈ, ਮੱਖਣ ਸਿੰਘ, ਜਸਵਿੰਦਰ ਸਿੰਘ ਡਾਟਾ ਐਂਟਰੀ ਓਰੇਟਰ, ਜਿਲ੍ਹਾ ਪੱਧਰੀ ਅਤੇ ਬਲਾਕ ਪੱਧਰੀ ਸਮਾਜਿਕ ਸਟਾਫ ਹਾਜ਼ਰ ਸੀ।

# ਨਗਰ ਨਿਗਮ 7 ਦੁਕਾਨਦਾਰਾਂ ਦੇ ਚਲਾਨ ਕੱਟੇ ਗਏ



**ਬਟਾਲਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਸ੍ਰੀ ਵਿਕਰਮਜੀਤ ਸਿੰਘ ਪਾਂਥੇ, ਐਸ.ਡੀ.ਐਮ-ਕਮ-ਕਮਿਸ਼ਨਰ, ਨਗਰ ਨਿਗਮ ਬਟਾਲਾ ਦੀ ਅਗਵਾਈ ਹੇਠ ਬਟਾਲਾ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਲਈ ਨਗਰ ਨਿਗਮ, ਬਟਾਲਾ ਵੱਲੋਂ ਨਿਰੰਤਰ ਸਖ਼ਤ ਕਾਰਵਾਈ ਕਰਦਿਆਂ ਅੱਜ ਗੁਰਦਾਸਪੁਰ ਰੋਡ ’ਤੇ ਆਪਣੀਆਂ ਦੁਕਾਨਾਂ ਦੇ ਅੱਗੇ ਕੂੜੇ ਦੇ ਢੇਰ ਲਗਾਉਣ ਅਤੇ ਡਸਟਬੀਨ ਨਾ ਰੱਖਣ ਵਾਲੇ 07 ਦੁਕਾਨਦਾਰਾਂ ਦੇ ਚਲਾਨ ਕੱਟੇ ਗਏ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀਮਤੀ ਪ੍ਰਭਜੋਤ ਕੌਰ, ਇੰਨਫਰਮੇਸ਼ਨ ਐਜੂਕੇਸ਼ਨ ਕਮਿਓਨਿਕੇਸ਼ਨ ਅਤੇ ਕੇਪੈਸੀਟੀ ਬਿਲਡਿੰਗ ਐਕਸਪਰਟ ਨੇ ਦੱਸਿਆ ਕਿ ਅੱਜ ਟੀਮ ਵੱਲੋ ਕੀਤੀ ਚੈਕਿੰਗ ਦੌਰਾਨ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 323 ਤਹਿਤ 07 ਚਲਾਨ ਕੱਟੇ ਗਏ ਹਨ।

ਉਨਾਂ ਦੱਸਿਆ ਕਿ ਨਗਰ ਨਿਗਮ ਬਟਾਲਾ ਵਲੋਂ ਵਿਸ਼ੇਸ਼ ਟੀਮ ਗਠਿਤ ਕੀਤੀ ਗਈ ਹੈ, ਜਿਸ ਵਿੱਚ ਉਨਾਂ ਸਮੇਤ ਅਮਰੀਕ ਸਿੰਘ ਸੁਪਰਵਾਈਜਰ (ਮੋਨੀਟਰਿੰਗ), ਕੁਲਦੀਪ ਸਿੰਘ ਕਮਿਊਨਟੀ ਫੈਸੀਲੇਟਰ, ਸ੍ਰੀਮਤੀ ਜਸਵਿੰਦਰ ਕੋਰ ਮੋਟੀਵੇਟਰ, ਸਵਰੂਪ ਸਿੰਘ ਮੋਟੀਵੇਟਰ ਅਤੇ ਰੋਹਿਤ ਮੋਟੀਵੇਟਰ ਸ਼ਾਮਲ ਹਨ, ਜਿਨਾਂ ਵਲੋਂ ਲਗਾਤਾਰ ਸ਼ਹਿਰ ਵਿੱਚ ਸਾਫ਼ ਸਫਾਈ ਸਬੰਧੀ ਚੈਕਿੰਗ ਕੀਤੀ ਜਾਂਦੀ ਹੈ ਉਨ੍ਹਾਂ ਦੱਸਿਆ ਕਿ ਇਸ ਟੀਮ ਵਲੋਂ ਸ਼ਹਿਰ ਵਾਸੀਆਂ ਨੂੰ ਆਪਣੇ ਘਰਾਂ/ਦੁਕਾਨਾਂ ਦੇ ਬਾਹਰ ਕੂੜਾ ਨਾ ਸੁਟਣ ਅਤੇ ਡਸਟਬੀਨ ਰੱਖਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਦੁਕਾਨਾਂ ਦੇ ਬਾਹਰ ਕੂੜਾ ਨਾ ਸੁੱਟਣ, ਡਸਟਬੀਨ ਰੱਖੇ ਜਾਣ ਅਤੇ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਵਿੱਚ ਟੀਮ ਦਾ ਸਹਿਯੋਗ ਕੀਤਾ ਜਾਵੇ।

# ਜ਼ਿਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਦਾ ਆਯੋਜਨ

**ਫਾਜ਼ਿਲਕਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਜ਼ਿਲ੍ਹਾ ਰੋਜ਼ਗਾਰ ਅਫਸਰ ਸ੍ਰੀਮਤੀ ਵੈਸ਼ਾਲੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 19 ਜੂਨ 2025 ਨੂੰ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿਚ ਚੈਕਮੇਟ ਸਿਕਿਓਰਟੀ ਪ੍ਰਾਈਵੇਟ ਲਿਮਟਿਡ ਕੰਪਨੀ ਸ਼ਮੂਲੀਅਤ ਕਰ ਰਹੀ ਹੈ।

ਉਨ੍ਹਾਂ ਦੱਸਿਆ ਕਿ ਚੈਕਮੇਟ ਸਿਕਿਓਰਟੀ ਪ੍ਰਾਈਵੇਟ ਲਿਮਟਿਡ ਵਿੱਚ ਸਿਕਿਓਰਟੀ ਗਾਰਡ, ਸਹਾਇਕ ਸਿਕਿਓਰਟੀ ਅਫਸਰ ਦੀਆਂ 40 ਅਸਾਮੀਆਂ (ਲੜਕੇ ) ਲਈ ਯੋਗਤਾ ਮੈਟ੍ਰਿਕ, ਬਾਰਵ ?ਹੀ, ਗ੍ਰੇਜੂਏਸ਼ਨ ਹੋਣੀ ਚਾਹੀਦੀ ਹੈ ਅਤੇ ਉਮਰ 20 ਤੋਂ 35 ਸਾਲ ਦੀ ਹੋਣੀ ਲਾਜਮੀ ਹੈ

ਪਲੇਸਮੈਂਟ ਅਫਸਰ ਸ੍ਰੀ ਰਾਜ ਸਿੰਘ ਦੱਸਿਆ ਕਿ ਪਲੇਸਮੈਂਟ ਕੈਂਪ ਸਵੇਰੇ 10 ਵਜੇ ਤੋਂ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਫਾਜ਼ਿਲਕਾ ਦਫਤਰ ਦੇ ਕਮਰਾ ਨੰ: 502, ਬਲਾਕ—ਏ, ਚੌਥੀ ਮੰਜਿਲ, ਡੀਸੀ ਦਫ਼ਤਰ, ਵਿਖੇ ਲਗਾਇਆ ਜਾ ਰਿਹਾ ਹੈ।

ਉਨ੍ਹਾਂ ਨੌਜਵਾਨਾ ਨੂੰ ਅਪੀਲ ਕਰਦਿਆਂ ਕਿਹਾ ਕਿ ਪਲੇਸਮੈਂਟ ਕੈਂਪ ਵਿਚ ਵੱਧ ਤੋਂ ਵੱਧ ਸ਼ਮੂਲੀਅਤ ਕੀਤੀ ਜਾਵੇ ਤੇ ਰੋਜ਼ਗਾਰ ਪ੍ਰਾਪਤ ਕੀਤਾ ਜਾਵੇ।

# ਲੁਧਿਆਣਾ ਪੱਛਮੀ ਜ਼ਿਮਨੀ ਚੋਣ ਲਈ ਵੋਟਿੰਗ ਖ਼ਤਮ, ਸ਼ਾਮ 5 ਵਜੇ ਤੱਕ 49.07% ਫੀਸਦ ਪੋਲਿੰਗ

## 'ਆਪ', ਕਾਂਗਰਸ, ਭਾਜਪਾ ਤੇ ਅਕਾਲੀ ਦਲ ਦੇ ਉਮੀਦਵਾਰ ਪਰਿਵਾਰਾਂ ਸਣੇ ਵੋਟ ਪਾਉਣ ਪੁੱਜੇ

**ਲੁਧਿਆਣਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਪੱਛਮੀ ਹਲਕੇ ਦੀ ਜ਼ਿਮਨੀ ਚੋਣ ਲਈ ਸਵੇਰੇ 7 ਵਜੇ ਸ਼ੁਰੂ ਹੋਇਆ ਵੋਟਿੰਗ ਦਾ ਅਮਲ ਸ਼ਾਮੀਂ 6 ਵਜੇ ਸਮਾਪਤ ਹੋ ਗਿਆ। ਸ਼ਾਮ ਪੰਜ ਵਜੇ ਤੱਕ 49.07 ਫੀਸਦੀ ਪੋਲਿੰਗ ਦਰਜ ਕੀਤੀ ਗਈ ਹੈ। ਸ਼ਾਮ 6 ਵਜੇ ਤੋਂ ਬਾਅਦ ਹੁਣ ਪੋਲਿੰਗ ਬੂਥ ਅੰਦਰ ਮੌਜੂਦ ਵੋਟਰਾਂ ਨੂੰ ਹੀ ਵੋਟ ਪਾਉਣ ਦੀ ਇਜਾਜ਼ਤ ਦਿੱਤੀ ਜਾਵੇਗੀ। ਪੁਲੀਸ ਤੇ ਪ੍ਰਸ਼ਾਸਨ ਨੇ ਇੱਥੇ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਸਨ। ਲੁਧਿਆਣਾ ਪੱਛਮੀ ਹਲਕੇ ਦੀ ਜ਼ਿਮਨੀ ਚੋਣ ਲਈ ਅੱਜ 1.74 ਲੱਖ ਵੋਟਰ ਆਪਣੇ ਸੰਵਿਧਾਨਕ ਹੱਕ ਦੀ ਵਰਤੋਂ ਕਰਨਗੇ। ਪੋਲਿੰਗ ਸਟਾਫ਼ ਦੇ 776 ਮੁਲਾਜ਼ਮਾਂ 'ਤੇ ਅਧਾਰਿਤ 194 ਪਾਰਟੀਆਂ ਅੱਜ ਪੋਲਿੰਗ ਸਟੇਸ਼ਨਾਂ 'ਤੇ ਹਨ। ਜ਼ਿਮਨੀ ਚੋਣ ਲਈ ਭਖੇ ਹੋਏ ਮਾਹੌਲ ਦੇ ਮੱਦੇਨਜ਼ਰ ਕੇਂਦਰੀ ਬਲਾਂ ਦੀਆਂ ਪੰਜ ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਸਨ ਅਤੇ ਹਲਕੇ ਵਿੱਚ 1404 ਪੁਲੀਸ ਮੁਲਾਜ਼ਮ ਚੋਣ ਡਿਊਟੀ 'ਤੇ ਸਨ। ਜ਼ਿਮਨੀ ਚੋਣ ਨੂੰ ਦੇਖਦਿਆਂ 60 ਪੁਲੀਸ ਨਾਕੇ ਲਾਏ ਗਏ ਸਨ ਅਤੇ 19 ਗਸ਼ਤੀ ਪਾਰਟੀਆਂ ਤਾਇਨਾਤ ਕੀਤੀਆਂ ਗਈਆਂ ਸਨ।



'ਆਪ' ਉਮੀਦਵਾਰ ਸੰਜੀਵ ਅਰੋੜਾ ਤੇ ਉਨ੍ਹਾਂ ਦਾ ਪਰਿਵਾਰ ਵੋਟ ਪਾਉਣ ਮਗਰੋਂ ਉਂਗਲੀ 'ਤੇ ਲੱਗੀ ਸਿਆਹੀ ਦਿਖਾਉਂਦਾ ਹੋਇਆ। ਫੋਟੋ: ਹਿਮਾਂਸ਼ੂ ਮਹਾਜਨ

ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਲਈ ਮੈਦਾਨ ਵਿੱਚ ਇੱਕ ਮਹਿਲਾ ਸਮੇਤ ਕੁੱਲ 14 ਉਮੀਦਵਾਰ ਸਨ। ਵੋਟਾਂ ਪੈਣ ਤੋਂ ਪਹਿਲਾਂ ਬੁੱਧਵਾਰ ਨੂੰ ਹੀ ਹਲਕੇ ਵਿੱਚ ਮਾਹੌਲ ਤਣਾਅਪੂਰਨ ਹੋ ਗਿਆ ਸੀ। ਜਵਾਹਰ ਨਗਰ ਇਲਾਕੇ ਵਿੱਚ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਅਤੇ ਪੁਲੀਸ ਦਰਮਿਆਨ ਆਪਸੀ ਖਿੱਚੋਤਾਣ ਦੀ ਘਟਨਾ ਸਾਹਮਣੇ ਆਈ। ਆਸ਼ੂ ਨੇ ਕਿਹਾ ਕਿ ਉਨ੍ਹਾਂ ਦੇ ਵਰਕਰਾਂ ਨੇ ਰਾਸ਼ਨ ਵੰਡ ਰਹੇ ਇਕ ਵਿਅਕਤੀ ਨੂੰ ਫੜਿਆ ਹੈ ਅਤੇ ਪੁਲੀਸ ਨੇ 'ਆਪ' ਸਰਕਾਰ ਦੇ ਇਸ਼ਾਰੇ 'ਤੇ ਧੱਕੇਸ਼ਾਹੀ ਸ਼ੁਰੂ ਕਰ ਦਿੱਤੀ।

ਜ਼ਿਮਨੀ ਚੋਣ 'ਚ ਲੜ ਰਹੇ 'ਆਪ' ਉਮੀਦਵਾਰ ਸੰਜੀਵ ਅਰੋੜਾ ਦੀ ਇਹ ਪਹਿਲੀ ਵਿਧਾਨ ਸਭਾ ਚੋਣ ਹੈ ਜਦੋਂ ਕਿ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਦੋ ਵਾਰ ਪਹਿਲਾਂ ਵੀ ਚੋਣ ਜਿੱਤੇ ਚੁੱਕੇ ਹਨ। 'ਆਪ' ਲਈ ਇਹ ਚੋਣ ਕਿਸੇ ਅਗਨੀ ਪ੍ਰੀਖਿਆ ਤੋਂ ਘੱਟ ਨਹੀਂ ਹੈ ਕਿਉਂਕਿ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਪਾਰਟੀ ਦੀ ਕੌਮੀ ਲੀਡਰਸ਼ਿਪ ਨੇ ਪੂਰਾ ਤਾਣ ਲਾਇਆ ਹੋਇਆ ਹੈ।

ਇਸ ਦੌਰਾਨ ਵੱਖ ਵੱਖ ਪਾਰਟੀਆਂ ਦੇ ਉਮੀਦਵਾਰ ਜਿਨ੍ਹਾਂ ਵਿਚ ਆਮ ਆਦਮੀ ਪਾਰਟੀ ਦੇ ਸੰਜੀਵ ਅਰੋੜਾ, ਕਾਂਗਰਸ ਦੇ ਭਾਰਤ ਭੂਸ਼ਣ ਆਸ਼ੂ, ਭਾਜਪਾ ਦੇ ਜੀਵਨ ਗੁਪਤਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਪਰਉਪਕਾਰ ਸਿੰਘ ਸ਼ਾਮਲ ਹਨ, ਨੇ ਆਪੋ ਆਪਣੇ ਪਰਿਵਾਰਾਂ ਨਾਲ ਵੋਟ ਪਾਉਣ ਲਈ ਪੋਲਿੰਗ ਬੂਥਾਂ 'ਤੇ ਪੁੱਜੇ।

ਲੁਧਿਆਣਾ ਦੇ ਵੱਡੇ ਸਨਅਤਕਾਰਾਂ 'ਚੋਂ ਇਕ ਓਸਵਾਲ ਪਰਿਵਾਰ ਦੇ ਮੈਂਬਰ ਵੋਟ ਪਾਉਣ ਤੋਂ ਬਾਅਦ ਉਂਗਲੀ 'ਤੇ ਉਂਗਲੀ 'ਤੇ ਲੱਗੀ ਸਿਆਹੀ ਦਿਖਾਉਂਦੇ ਹੋਏ। ਫੋਟੋ: ਹਿਮਾਂਸ਼ੂ

ਦੂਸਰੇ ਪਾਸੇ ਪੰਜਾਬ ਕਾਂਗਰਸ ਦੀ ਆਪਸੀ ਧੜੇਬੰਦੀ ਵਿਚਾਲੇ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਲਈ ਰਾਹ ਸੁਖਾਲਾ ਨਹੀਂ ਹੈ। ਇਸ ਜ਼ਿਮਨੀ ਚੋਣ ਦੇ ਨਤੀਜੇ ਦਾ ਸਿੱਧਾ ਅਸਰ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ 'ਤੇ ਪੈਣਾ ਹੈ ਜਿਸ ਕਰਕੇ ਕੋਈ ਵੀ ਸਿਆਸੀ ਧਿਰ ਕਸਰ ਬਾਕੀ ਨਹੀਂ ਛੱਡ ਰਹੀ ਹੈ।

ਉੱਥੇ ਦੱਸਣਾ ਬਣਦਾ ਹੈ ਕਿ ਲੁਧਿਆਣਾ ਪੱਛਮੀ ਨਿਰੋਲ ਸ਼ਹਿਰੀ ਸੀਟ ਹੈ ਅਤੇ ਤਾਪਮਾਨ ਘਟਣ ਕਰਕੇ ਅੱਜ ਪੋਲਿੰਗ ਦਰ ਠੀਕ ਰਹਿਣ ਦੀ ਸੰਭਾਵਨਾ ਹੈ। ਪਹਿਲਾਂ ਵੀ ਕਦੇ ਇਸ ਹਲਕੇ ਦੀ ਪੋਲਿੰਗ ਦਰ 62 ਫ਼ੀਸਦੀ ਤੋਂ ਡਿੱਗੀ ਨਹੀਂ ਹੈ।

ਇਸ ਹਲਕੇ ਤੋਂ ਛੇ ਵਾਰ ਕਾਂਗਰਸ ਪਾਰਟੀ ਜੇਤੂ ਰਹੀ ਹੈ। ਕੇਂਦਰੀ ਮੰਤਰੀ ਰਵਨੀਤ ਬਿੱਟੂ ਦਾ ਵੱਕਾਰ ਵੀ ਹਲਕੇ ਨਾਲ ਜੁੜਿਆ ਹੋਇਆ ਹੈ ਜਿੱਥੋਂ ਭਾਜਪਾ ਦੇ ਜੀਵਨ ਗੁਪਤਾ ਮੈਦਾਨ ਵਿੱਚ ਹਨ। ਉਨ੍ਹਾਂ ਦੇ ਚੋਣ ਪ੍ਰਚਾਰ ਵਿੱਚ ਕਈ ਦਿੱਗਜ ਆਗੂ ਆ ਚੁੱਕੇ ਹਨ।

# ਨਕਦੀ ਵਿਵਾਦ: ਸੁਪਰੀਮ ਕੋਰਟ ਜਾਂਚ ਕਮੇਟੀ ਦੀ ਰਿਪੋਰਟ 'ਚ ਗਲਤ ਵਤੀਰਾ ਸਾਬਤ, ਜਸਟਿਸ ਵਰਮਾ ਨੂੰ ਹਟਾਉਣ ਦੀ ਤਜਵੀਜ਼

## ਰਾਸ਼ਟਰਪਤੀ ਦਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜੱਜ 'ਤੇ ਮਹਾਂਦੋਸ਼ ਚਲਾਉਣ ਦੀ ਸਿਫਾਰਸ਼

**ਨਵੀਂ ਦਿੱਲੀ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਪੈਨਲ ਦੀ ਜਾਂਚ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹਾਈ ਕੋਰਟ ਦੇ ਜੱਜ ਯਸ਼ਵੰਤ ਵਰਮਾ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਉਸ ਸਟੋਰ ਰੂਮ 'ਤੇ 'ਗੁਪਤ ਜਾਂ ਸਰਗਰਮ ਕੰਟਰੋਲ' ਸੀ ਜਿੱਥੇ ਵੱਡੀ ਮਾਤਰਾ ਵਿੱਚ ਅੱਧੇ ਸੜੇ ਹੋਏ ਨੋਟ ਬਰਾਮਦ ਹੋਏ ਸੀ, ਜਿਸ ਤੋਂ ਉਨ੍ਹਾਂ ਦਾ ਗਲਤ ਵਤੀਰਾ ਸਾਬਤ ਹੁੰਦਾ ਹੈ। ਜੋ ਉਨ੍ਹਾਂ ਨੂੰ ਹਟਾਉਣ ਲਈ ਕਾਫੀ ਗੰਭੀਰ ਹੈ। ਇਸ ਬਾਰੇ ਪੈਨਲ ਨੇ 10 ਦਿਨਾਂ ਤੱਕ ਜਾਂਚ ਕੀਤੀ, 55 ਗਵਾਹਾਂ ਤੋਂ ਪੁੱਛਗਿੱਛ ਕੀਤੀ ਅਤੇ ਹਾਦਸੇ ਵਾਲੀ ਉਸ ਥਾਂ ਦਾ ਦੌਰਾ ਕੀਤਾ, ਜੋ 14 ਮਾਰਚ ਨੂੰ ਰਾਤ 11.35 ਵਜੇ ਦੇ ਕਰੀਬ ਜਸਟਿਸ ਵਰਮਾ ਦੀ ਸਰਕਾਰੀ ਰਿਹਾਇਸ਼ ਸੀ। ਰਿਪੋਰਟ 'ਤੇ ਕਾਰਵਾਈ ਕਰਦਿਆਂ ਭਾਰਤ ਦੇ ਸਾਬਕਾ ਚੀਫ਼ ਜਸਟਿਸ ਸੰਜੀਵ ਖੰਨਾ ਨੇ ਰਾਸ਼ਟਰਪਤੀ ਦਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜੱਜ 'ਤੇ ਮਹਾਂਦੋਸ਼ ਚਲਾਉਣ ਦੀ ਸਿਫਾਰਸ਼ ਕਰਦਿਆਂ ਲਿਖਿਆ ਹੈ।

ਪੈਨਲ ਨੇ ਆਪਣੀ 64 ਪੰਨਿਆਂ ਦੀ ਰਿਪੋਰਟ ਵਿੱਚ ਕਿਹਾ, ਇਸ ਕਮੇਟੀ ਨੇ ਇਸ ਤਰ੍ਹਾਂ ਇਹ ਮੰਨਿਆ ਹੈ ਕਿ ਨਕਦੀ/ਪੈਸੇ ਜਸਟਿਸ ਵਰਮਾ ਦੇ ਅਧਿਕਾਰਤ ਕਬਜ਼ੇ ਵਾਲੇ 30 ਤੁਗਲਕ ਕ੍ਰੇਸੈਂਟ, ਨਵੀਂ ਦਿੱਲੀ ਦੇ ਸਟੋਰ ਰੂਮ ਵਿੱਚੋਂ ਮਿਲੇ ਸਨ। ਹੋਰ ਤਾਂ ਹੋਰ ਸਟੋਰ ਰੂਮ ਤੱਕ ਪਹੁੰਚ ਜਸਟਿਸ ਵਰਮਾ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਗੁਪਤ ਜਾਂ ਸਰਗਰਮ ਕੰਟਰੋਲ ਵਿੱਚ ਪਾਈ ਗਈ ਹੈ ਅਤੇ ਮਜ਼ਬੂਤ ਅਨੁਮਾਨਤ ਸਬੂਤਾਂ ਰਾਹੀਂ, ਇਹ ਸਥਾਪਤ ਕੀਤਾ ਗਿਆ ਹੈ ਕਿ ਸੜਿਆ ਹੋਇਆ ਨਕਦ/ਪੈਸਾ 15.3.2025 ਦੀ ਸਵੇਰ ਦੇ ਸ਼ੁਰੂਆਤੀ ਘੰਟਿਆਂ ਦੌਰਾਨ 30 ਤੁਗਲਕ ਕ੍ਰੇਸੈਂਟ ਨਵੀਂ ਦਿੱਲੀ ਤੋਂ ਸਟੋਰ ਰੂਮ ਵਿੱਚੋਂ ਕੱਢਿਆ ਗਿਆ ਸੀ।



ਰਿਪੋਰਟ ਵਿੱਚ ਅੱਗੇ ਕਿਹਾ ਗਿਆ ਹੈ, ਰਿਕਾਰਡ 'ਤੇ ਮੌਜੂਦ ਸਿੱਧੇ ਅਤੇ ਇਲੈਕਟ੍ਰਾਨਿਕ ਸਬੂਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇਹ ਕਮੇਟੀ ਪੱਕੇ ਤੌਰ 'ਤੇ ਇਸ ਵਿਚਾਰ ਦੀ ਹੈ ਕਿ 22 ਮਾਰਚ ਨੂੰ ਭਾਰਤ ਦੇ ਚੀਫ਼ ਜਸਟਿਸ ਦੇ ਪੱਤਰ ਵਿੱਚ ਚੁੱਕੇ ਗਏ ਦੋਸ਼ਾਂ ਵਿੱਚ ਕਾਫ਼ੀ ਸਾਰ ਹੈ ਅਤੇ ਸਾਬਤ ਹੋਇਆ ਵਤੀਰਾ ਇੰਨਾ ਗੰਭੀਰ ਹੈ ਕਿ ਜਸਟਿਸ ਵਰਮਾ ਨੂੰ ਹਟਾਉਣ ਦੀ ਕਾਰਵਾਈ ਸ਼ੁਰੂ ਕਰਨ ਲਈ ਕਿਹਾ ਜਾਵੇ ਪੈਨਲ ਨੇ ਜਸਟਿਸ ਵਰਮਾ ਦੇ ਬਿਆਨ ਸਮੇਤ 55 ਗਵਾਹਾਂ ਦੇ ਬਿਆਨਾਂ ਦਾ ਬਰੀਕੀ ਨਾਲ ਵਿਸ਼ਲੇਸ਼ਣ ਕੀਤਾ ਅਤੇ ਅੰਦਰੂਨੀ ਕਮੇਟੀ ਵੱਲੋਂ ਨਿਰਧਾਰਤ ਜਾਂਚ ਪ੍ਰਕਿਰਿਆ ਦੇ ਤਹਿਤ ਆਪਣੇ ਸਿੱਟੇ ਦਿੱਤੇ।

ਜਸਟਿਸ ਨਾਗੂ ਤੋਂ ਇਲਾਵਾ, ਹਿਮਾਚਲ ਪ੍ਰਦੇਸ਼ ਹਾਈ ਕੋਰਟ ਦੇ ਚੀਫ਼ ਜਸਟਿਸ ਜੀ ਐਸ ਸੰਧਾਵਾਲੀਆ, ਅਤੇ ਕਰਨਾਟਕ ਹਾਈ ਕੋਰਟ ਦੇ ਜਸਟਿਸ ਅਨੂ ਸਿਵਾਰਾਮਨ, ਜਾਂਚ ਪੈਨਲ ਵਿੱਚ ਸ਼ਾਮਲ ਸਨ।

# ਹਾਈਕੋਰਟ ਵੱਲੋਂ ਦੰਗਾ ਪੀੜਤ ਦੀ ਮੌਤ ਦੀ SIT ਜਾਂਚ ਦੇ ਹੁਕਮ, ਤ.ਫਤੀਸ਼ੀ ਅ.ਫਸਰ ਦਾ ਜ਼ਿਲ੍ਹੇ ਤੋਂ ਬਾਹਰ ਤਬਾਦਲਾ

**ਨੈਨੀਤਾਲ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰਾਖੰਡ ਹਾਈ ਕੋਰਟ ਨੇ ਫਰਵਰੀ 2024 ਵਿੱਚ ਹਲਦਵਾਨੀ ਵਿੱਚ ਹੋਏ ਬਨਭੂਲਪੁਰਾ ਦੰਗਿਆਂ ਦੌਰਾਨ ਗੋਲੀ ਲੱਗਣ ਨਾਲ ਮਰਨ ਵਾਲੇ ਫਾਹੀਮ ਦੀ ਮੌਤ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (SIT) ਕਾਇਮ ਕੀਤੇ ਜਾਣ ਦੇ ਹੁਕਮ ਦਿੱਤੇ ਹਨ।

ਚੀਫ਼ ਜਸਟਿਸ ਗੁਹਾਨਾਥਨ ਨਰਿੰਦਰ ਅਤੇ ਜਸਟਿਸ ਆਲੋਕ ਮਹਿਰਾ ਦੇ ਡਿਵੀਜ਼ਨ ਬੈਂਚ ਨੇ ਘਟੀਆ ਜਾਂਚ ਲਈ ਮਾਮਲੇ ਦੇ ਤਫ਼ਤੀਸ਼ੀ ਅਧਿਕਾਰੀ ਨੀਰਜ ਭਾਕੂਨੀ ਨੂੰ ਜ਼ਿਲ੍ਹੇ ਤੋਂ ਬਾਹਰ ਤਬਦੀਲ ਕਰਨ ਦਾ ਵੀ ਹੁਕਮ ਦਿੱਤਾ ਹੈ। ਅਦਾਲਤ 18 ਜੂਨ ਨੂੰ ਫਾਹੀਮ ਦੀ ਮੌਤ ਦੀ 329 ਜਾਂਚ ਦੀ ਮੰਗ ਕਰਨ ਵਾਲੀ ਲੋਕਹਿੱਤ ਪਟੀਸ਼ਨ 'ਤੇ ਕਾਰਵਾਈ ਕਰ ਰਹੀ ਸੀ।

ਪੀੜਤ ਦੇ ਭਰਾ ਪਰਵੇਜ਼ ਵੱਲੋਂ ਦਾਇਰ ਲੋਕਹਿੱਤ ਪਟੀਸ਼ਨ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ (CJM) ਦੀ ਅਦਾਲਤ ਵੱਲੋਂ ਇਸ ਸਬੰਧੀ ਹੁਕਮ ਦਿੱਤੇ ਜਾਣ ਦੇ ਬਾਵਜੂਦ ਮਾਮਲੇ ਦੀ ਕੋਈ ਜਾਂਚ ਨਹੀਂ ਕੀਤੀ ਗਈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 6 ਮਈ, 2024 ਨੂੰ ਨੈਨੀਤਾਲ ਦੇ ਸੀਜੇਐਮ ਨੇ ਪੁਲੀਸ ਨੂੰ ਅਣਪਛਾਤੇ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰਨ, ਇਸਦੀ ਜਾਂਚ ਕਰਨ ਅਤੇ ਅਦਾਲਤ ਵਿੱਚ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ।

ਇਹ ਦੋਸ਼ ਲਗਾਇਆ ਗਿਆ ਸੀ ਕਿ ਪੁਲੀਸ ਹੁਕਮਾਂ ਪਾਲਣਾ ਕਰਨ ਵਿੱਚ ਅਸਫਲ ਰਹੀ ਅਤੇ ਕੋਈ ਜਾਂਚ ਨਹੀਂ ਕੀਤੀ। ਪਟੀਸ਼ਨਰ ਨੇ ਨਤੀਜੇ ਵਜੋਂ ਘਟਨਾ ਦੀ ਸੀਬੀਆਈ ਜਾਂਚ ਅਤੇ ਪਰਿਵਾਰ ਲਈ ਸੁਰੱਖਿਆ ਦੀ ਮੰਗ ਕੀਤੀ। ਗ਼ੌਰਤਲਬ ਹੈ ਕਿ 8 ਫਰਵਰੀ, 2024 ਨੂੰ ਬਨਭੂਲਪੁਰਾ ਹਿੰਸਾ ਦੌਰਾਨ ਗੋਲੀ ਲੱਗਣ ਕਾਰਨ ਫਾਹੀਮ ਦੀ ਮੌਤ ਹੋ ਗਈ। ਪੁਲੀਸ ਅਤੇ ਪ੍ਰਸ਼ਾਸਨ ਨੂੰ ਕਈ ਸ਼ਿਕਾਇਤਾਂ ਦੇ ਬਾਵਜੂਦ ਕੋਈ ਜਾਂਚ ਨਹੀਂ ਕੀਤੀ ਗਈ ਅਤੇ ਨਾ ਹੀ ਕੋਈ ਐਫਆਈਆਰ ਦਰਜ ਕੀਤੀ ਗਈ।

ਪਿਛਲੀ ਸੁਣਵਾਈ ਦੌਰਾਨ, ਹਾਈ ਕੋਰਟ ਨੇ ਜਾਂਚ ਕਰਨ ਦੇ ਤਰੀਕੇ 'ਤੇ ਸਖ਼ਤ ਟਿੱਪਣੀਆਂ ਕੀਤੀਆਂ ਸਨ। –

# ਅਮਰੀਕਾ ਨੇ ਵਿਦੇਸ਼ੀ ਵਿਦਿਆਰਥੀਆਂ ਲਈ ਵੀਜ਼ਾ ਪ੍ਰਕਿਰਿਆ ਮੁੜ ਸ਼ੁਰੂ ਕੀਤੀ

**ਵਾਸ਼ਿੰਗਟਨ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਕਿ ਉਹ ਵਿਦੇਸ਼ੀਆਂ ਵਿਦਿਆਰਥੀਆਂ ਲਈ ਵੀਜ਼ਾ ਅਰਜ਼ੀਆਂ ਦੀ ਮੁਅੱਤਲ ਪ੍ਰਕਿਰਿਆ ਨੂੰ ਮੁੜ ਸ਼ੁਰੂ ਕਰ ਰਿਹਾ ਹੈ। ਪਰ ਹੁਣ ਸਾਰੇ ਬਿਨੈਕਾਰਾਂ ਨੂੰ ਸਰਕਾਰੀ ਸਮੀਖਿਆ ਲਈ ਆਪਣੇ ਸੋਸ਼ਲ ਮੀਡੀਆ ਖਾਤਿਆਂ ਨੂੰ ਅਨਲਾਕ(ਸਾਂਝਾ) ਕਰਨ ਦੀ ਲੋੜ ਹੋਵੇਗੀ। ਵਿਭਾਗ ਨੇ ਕਿਹਾ ਕਿ ਕੌਂਸਲਰ ਅਧਿਕਾਰੀ ਅਜਿਹੀਆਂ ਪੋਸਟਾਂ ਅਤੇ ਸੰਦੇਸ਼ਾਂ 'ਤੇ ਨਜ਼ਰ ਰੱਖਣਗੇ ਜਿਨ੍ਹਾਂ ਨੂੰ ਸੰਯੁਕਤ ਰਾਜ, ਸਰਕਾਰ, ਸੱਭਿਆਚਾਰ, ਸੰਸਥਾਵਾਂ ਜਾਂ ਬੁਨਿਆਦੀ ਸਿਧਾਂਤਾਂ ਪ੍ਰਤੀ ਪ੍ਰਤੀਕੂਲ ਮੰਨਿਆ ਜਾ ਸਕਦਾ ਹੈ।

ਜਾਰੀ ਕੀਤੇ ਗਏ ਇੱਕ ਨੋਟਿਸ ਵਿੱਚ ਵਿਭਾਗ ਨੇ ਕਿਹਾ ਕਿ ਉਸ ਨੇ ਵਿਦਿਆਰਥੀ ਵੀਜ਼ਾ ਪ੍ਰਕਿਰਿਆ ਦੀ ਮੁਅੱਤਲੀ ਨੂੰ ਰੱਦ ਕਰ ਦਿੱਤਾ ਹੈ। ਇਸ ਤੋਂ ਇਲਾਵਾ ਕਿਹਾ ਗਿਆ ਹੈ ਕਿ ਨਵੇਂ ਬਿਨੈਕਾਰ ਜੋ ਆਪਣੇ ਸੋਸ਼ਲ ਮੀਡੀਆ ਖਾਤਿਆਂ ਨੂੰ ਪਬਲਿਕ ਕਰਨ ਅਤੇ ਉਨ੍ਹਾਂ ਦੀ ਸਮੀਖਿਆ ਕਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰਦੇ ਹਨ, ਉਨ੍ਹਾਂ ਨੂੰ ਰੱਦ ਕੀਤਾ ਜਾ ਸਕਦਾ ਹੈ।

ਨੋਟਿਸ ਵਿੱਚ ਕਿਹਾ ਗਿਆ ਹੈ ਕਿ ਅਜਿਹਾ ਕਰਨ ਤੋਂ ਇਨਕਾਰ ਕਰਨਾ ਇਸ ਗੱਲ ਦਾ ਸੰਕੇਤ ਹੋ ਸਕਦਾ ਹੈ ਕਿ ਉਹ ਲੋੜ ਤੋਂ ਬਚਣ ਜਾਂ ਆਪਣੀ ਆਨਲਾਈਨ ਗਤੀਵਿਧੀ ਨੂੰ ਲੁਕਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਅਧਿਕਾਰੀਆਂ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਨੇ ਪਿਛਲੇ ਮਹੀਨੇ ਅਮਰੀਕਾ ਵਿੱਚ ਪੜ੍ਹਨ ਦੀ ਉਮੀਦ ਕਰ ਰਹੇ ਵਿਦੇਸ਼ੀ ਵਿਦਿਆਰਥੀਆਂ ਲਈ ਨਵੇਂ ਵੀਜ਼ਾ ਇੰਟਰਵਿਊਆਂ ਦੀ ਸਮਾਂ-ਸੂਚੀ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ ਸੀ, ਜਦੋਂ ਕਿ ਉਹਨਾਂ ਦੀ ਸੋਸ਼ਲ ਮੀਡੀਆ 'ਤੇ ਗਤੀਵਿਧੀ ਦੀ ਜਾਂਚ ਨੂੰ ਵਧਾਉਣ ਦੀ ਤਿਆਰੀ ਕਰ ਰਹੇ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਦੇ 110 ਵੇਂ ਦਿਨ ਪੰਜਾਬ ਪੁਲਿਸ ਵੱਲੋਂ 132 ਨਸ਼ਾ ਤਸਕਰ ਗ੍ਰਿ.ਫਤਾਰ; 1.08 ਕਿਲੋ ਹੈਰੋਇਨ ਅਤੇ 87 ਹਜ਼ਾਰ ਰੁਪਏ ਦੀ ਡਰੱਗ ਮਨੀ ਬਰਾਮਦ

**ਚੰਡੀਗੜ੍ਹ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰੇਦਸ਼ਾਂ 'ਤੇ ਵਿੱਢੇ ਗਏ ਯੁੱਧ ਨਸ਼ਿਆਂ ਵਿਰੁੱਧ ਦੇ 110ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 132 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1.08 ਕਿਲੋ ਹੈਰੋਇਨ ਅਤੇ 87,540 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਨਾਲ ਸਿਰਫ਼ 110ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 18,236 ਹੋ ਗਈ ਹੈ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਆਪਰੇਸ਼ਨ ਦੇ ਵੇਰਵੇ ਦਿੰਦਿਆਂ ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 96 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1500 ਤੋਂ ਵੱਧ ਪੁਲਿਸ ਕਰਮਚਾਰੀਆਂ ਦੀ ਸ਼ਮੂਲੀਅਤ ਵਾਲੀਆਂ 220 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ 'ਚ 544 ਥਾਵਾਂ @ਤੇ ਛਾਪੇਮਾਰੀ ਕੀਤੀ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 100 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 571 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ।

# 55 ਸਾਲਾਂ ਦੇ ਹੋਏ ਰਾਹੁਲ ਗਾਂਧੀ, ਪ੍ਰਧਾਨ ਮੰਤਰੀ ਮੋਦੀ ਵੱਲੋਂ ਜਨਮ ਦਿਨ ਦੀ ਵਧਾਈ

**ਨਵੀਂ ਦਿੱਲੀ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਅੱਜ 55 ਸਾਲ ਦੇ ਹੋ ਗਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਸਣੇ ਹੋਰਨਾਂ ਪ੍ਰਮੁੱਖ ਸਿਆਸੀ ਆਗੂਆਂ ਨੇ ਰਾਹੁਲ ਗਾਂਧੀ ਨੂੰ ਜਨਮ ਦਿਨ ਦੀ ਵਧਾਈ ਦਿੱਤੀ।

ਪ੍ਰਧਾਨ ਮੰਤਰੀ ਮੋਦੀ ਨੇ 'ਐਕਸ' ਉੱਤੇ ਲਿਖਿਆ, "ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸ੍ਰੀ ਰਾਹੁਲ ਗਾਂਧੀ ਨੂੰ ਜਨਮ ਦਿਨ ਦੀ ਵਧਾਈ। ਉਨ੍ਹਾਂ ਦੀ ਲੰਮੀ ਉਮਰ ਤੇ ਸਿਹਤਮੰਦ ਜ਼ਿੰਦਗੀ ਦੀ ਕਾਮਨਾ ਕਰਦਾ ਹਾਂ।"



ਕਾਂਗਰਸ ਪ੍ਰਧਾਨ ਖੜਗੇ ਅਤੇ ਪਾਰਟੀ ਦੇ ਹੋਰ ਨੇਤਾਵਾਂ ਨੇ ਵੀਰਵਾਰ ਨੂੰ ਰਾਹੁਲ ਗਾਂਧੀ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਉਹ ਇੱਕ ਅਜਿਹੇ ਨੇਤਾ ਹਨ ਜੋ ਦੱਬੇ-ਕੁਚਲੇ, ਵਾਂਝੇ, ਦਲਿਤਾਂ, ਆਦਿਵਾਸੀਆਂ ਅਤੇ ਪੱਛੜੇ ਲੋਕਾਂ ਲਈ ਸਮਾਜਿਕ ਨਿਆਂ ਲਈ ਲੜਦਾ ਹੈ, ਅਤੇ ਉਹ ਨੇਤਾ ਹੈ ਜਿਸਦੀ ਅੱਜ ਦੇਸ਼ ਨੂੰ ਲੋੜ ਹੈ। ਰਾਹੁਲ ਗਾਂਧੀ ਦਾ ਜਨਮ 20 ਜੂਨ, 1970 ਨੂੰ ਨਵੀਂ ਦਿੱਲੀ ਵਿੱਚ ਹੋਇਆ ਸੀ। ਉਹ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਸਾਬਕਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਸਭ ਤੋਂ ਵੱਡੇ ਪੁੱਤਰ ਹਨ। ਵਰਤਮਾਨ ਵਿੱਚ, ਉਹ ਉੱਤਰ ਪ੍ਰਦੇਸ਼ ਦੇ ਰਾਇਬਰੇਲੀ ਤੋਂ ਲੋਕ ਸਭਾ ਮੈਂਬਰ ਅਤੇ ਵਿਰੋਧੀ ਧਿਰ ਦੇ ਨੇਤਾ ਹਨ। ਖੜਗੇ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ, "ਰਾਹੁਲ ਗਾਂਧੀ ਨੂੰ ਜਨਮਦਿਨ ਮੁਬਾਰਕ। ਜੋ ਚੀਜ਼ ਤੁਹਾਨੂੰ ਵੱਖ ਕਰਦੀ ਹੈ ਉਹ ਸੰਵਿਧਾਨ ਦੇ ਮੁੱਲਾਂ ਪ੍ਰਤੀ ਤੁਹਾਡਾ ਬੇਮਿਸਾਲ ਸਮਰਪਣ ਅਤੇ ਲੱਖਾਂ ਲੋਕਾਂ ਲਈ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਨਿਆਂ ਲਈ ਤੁਹਾਡਾ ਡੂੰਘਾ ਜਨੂੰਨ ਹੈ ਜਿਨ੍ਹਾਂ ਦੀਆਂ ਆਵਾਜ਼ਾਂ ਅਕਸਰ ਅਣਸੁਣੀਆਂ ਹੁੰਦੀਆਂ ਹਨ।" ਉਨ੍ਹਾਂ ਕਿਹਾ, "ਤੁਹਾਡੇ ਕੰਮ ਕਾਂਗਰਸ ਪਾਰਟੀ ਦੀ ਏਕਤਾ ਵਿਚ ਅਨੇਕਤ, ਸਦਭਾਵਨਾ ਅਤੇ ਹਮਦਰਦੀ ਦੀ ਵਿਚਾਰਧਾਰਾ ਨੂੰ ਲਗਾਤਾਰ ਦਰਸਾਉਂਦੇ ਹਨ। ਤੁਸੀਂ ਸੱਚਾਈ ਨੂੰ ਸੱਤਾ ਵਿੱਚ ਲਿਆਉਣ ਅਤੇ ਵਾਂਝੇ ਲੋਕਾਂ ਦਾ ਸਮਰਥਨ ਕਰਨ ਦੇ ਆਪਣੇ ਮਿਸ਼ਨ ਨੂੰ ਜਾਰੀ ਰੱਖਦੇ ਹੋ।

# ਗੋਡੇ ਨਹੀਂ ਟੇਕਾਂਗੇ ਇਰਾਨ ਦੇ ਸਿਖਰਲੇ ਆਗੂ ਅਯਾਤੁੱਲਾ ਅਲੀ ਖਮੇਨੀ ਵੱਲੋਂ ਚੇਤਾਵਨੀ

## ਅਮਰੀਕਾ ਨੂੰ ਫੌਜੀ ਕਾਰਵਾਈ 'ਚ ਇਜ਼ਰਾਈਲ ਦਾ ਸਾਥ ਦੇਣ 'ਤੇ ਸਖ਼ਤ ਕਾਰਵਾਈ ਦੀ ਧਮਕੀ

**ਦੁਬਈ/ਯੇਰੂਸ਼ਲਮ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇਰਾਨ ਦੇ ਸਿਖਰਲੇ ਆਗੂ ਅਯਾਤੁੱਲਾ ਅਲੀ ਖਮੇਨੀ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਬਿਨਾਂ ਸ਼ਰਤ ਹਥਿਆਰ ਸੁੱਟਣ ਦੇ ਸੱਦੇ ਨੂੰ ਸਵੀਕਾਰ ਨਹੀਂ ਕਰੇਗਾ। ਇਜ਼ਰਾਈਲ ਵੱਲੋਂ ਇਰਾਨ 'ਤੇ ਕੀਤੀ ਬੰਬਾਰੀ ਮਗਰੋਂ ਸਰਕਾਰੀ ਮੀਡੀਆ ਨੂੰ ਆਪਣੇ ਸੰਬੋਧਨ ਵਿਚ ਖਮੇਨੀ ਨੇ ਕਿਹਾ ਕਿ ਇਸਲਾਮੀ ਗਣਰਾਜ 'ਤੇ ਸ਼ਾਂਤੀ ਜਾਂ ਜੰਗ ਥੋਪੀ ਨਹੀਂ ਜਾ ਸਕਦੀ।

ਖਮੇਨੀ ਨੇ ਕਿਹਾ, "ਜਿਹੜੇ ਸਮਝਦਾਰ ਲੋਕ ਇਰਾਨ ਅਤੇ ਇਸ ਦੇ ਇਤਿਹਾਸ ਤੋਂ ਜਾਣੂ ਹਨ, ਉਹ ਇਸ ਨੂੰ ਕਦੇ ਵੀ ਡਰਾਉਣ ਧਮਕਾਉਣ ਵਾਲੀ ਭਾਸ਼ਾ ਵਿੱਚ ਗੱਲ ਕਰਨ ਨਹੀਂ ਕਰਨਗੇ ਕਿਉਂਕਿ ਇਰਾਨ ਕਦੇ ਵੀ ਗੋਡੇ ਨਹੀਂ ਟੇਕੇਗਾ। ਅਮਰੀਕੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਜ਼ਰਾਈਲ-ਇਰਾਨ ਜੰਗ ਵਿਚ ਅਮਰੀਕੀ ਫੌਜ ਦੇ ਦਖ਼ਲ ਨਾਲ ਉਸ ਨੂੰ ਬਿਨਾਂ ਸ਼ੱਕ ਨਾ ਪੂਰਾ ਹੋਣ ਵਾਲਾ ਘਾਟਾ ਪਏਗਾ।"

ਜਿਨੇਵਾ ਵਿੱਚ ਸੰਯੁਕਤ ਰਾਸ਼ਟਰ ਵਿੱਚ ਇਰਾਨੀ ਰਾਜਦੂਤ ਅਲੀ ਬਹਿਰੀਨੀ ਨੇ ਕਿਹਾ ਹੈ ਕਿ ਇਰਾਨ ਵੱਲੋਂ ਵਾਸ਼ਿੰਗਟਨ ਨੂੰ ਇਹ ਸੰਦੇਸ਼ ਦਿੱਤਾ ਗਿਆ ਹੈ ਕਿ ਜੇਕਰ ਉਹ ਇਜ਼ਰਾਈਲ ਦੀ ਫੌਜੀ ਮੁਹਿੰਮ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਹੁੰਦਾ ਹੈ ਤਾਂ ਇਸ ਵੱਲੋਂ ਅਮਰੀਕਾ ਨੂੰ ਸਖ਼ਤ ਜਵਾਬ ਦਿੱਤਾ ਜਾਵੇਗਾ।

ਅਲੀ ਬਹਿਰੀਨੀ ਨੇ ਦੱਸਿਆ ਕਿ ਜੋ ਵੀ ਇਜ਼ਰਾਈਲ ਕਰ ਰਿਹਾ ਹੈ, ਉਸ ਵਿੱਚ ਉਹ ਅਮਰੀਕਾ ਨੂੰ ਵੀ ਸ਼ਾਮਲ ਮੰਨਦੇ ਹਨ। ਇਰਾਨ ਇੱਕ ਹੱਦ ਤੈਅ ਕਰੇਗਾ ਅਤੇ ਜੇਕਰ ਅਮਰੀਕਾ ਇਸ ਨੂੰ ਪਾਰ ਕਰਦਾ ਹੈ ਤਾਂ ਇਸ ਦਾ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਪ੍ਰਤੀਕਿਰਿਆ ਦਾ ਕਾਰਨ ਦੱਸੇ ਬਿਨਾਂ ਇਜ਼ਰਾਈਲ ਨੇ ਇਹ ਕਹਿ ਕੇ ਹਵਾਈ ਹਮਲੇ ਸ਼ੁਰੂ ਕਰ ਦਿੱਤੇ ਕਿ ਇਰਾਨ ਪ੍ਰਮਾਣੂ ਹਥਿਆਰ ਵਿਕਸਤ ਕਰਨ ਦੀ ਕਗਾਰ 'ਤੇ ਹੈ। ਬਹਿਰੀਨੀ ਨੇ ਡੋਨਲਡ ਟਰੰਪ ਦੀਆਂ ਗੋਡੇ ਟੇਕਣ ਵਾਲੀਆਂ ਟਿੱਪਣੀਆਂ ਨੂੰ ਪੂਰੀ ਤਰਾਂ ਗੈਰ-ਵਾਜਬ ਦੱਸਿਆ ਹੈ।

# ਪਟਿਆਲਾ ਪੁਲਿਸ ਵੱਲੋਂ ਲਾਰੈਂਸ ਬਿਸ਼ਨੋਈ ਗੈਂਗ ਦੇ 5 ਗੁਰਗੇ 7 ਨਜਾਇਜ਼ ਪਿਸਟਲਾਂ ਤੇ ਗੋਲੀ ਸਿੱਕੇ ਸਮੇਤ ਕਾਬੂ : ਐਸ.ਐਸ.ਪੀ. ਵਰੁਣ ਸ਼ਰਮਾ

## 30 ਤੇ 32 ਬੋਰ ਦੇ 3-3 ਪਿਸਟਲ, 315 ਬੋਰ ਦੇ 1 ਦੇਸੀ ਕੱਟੇ ਸਮੇਤ 10 ਮੈਗਜੀਨ ਤੇ 11 ਜਿੰਦਾ ਕਾਰਤੂਸ ਬਰਾਮਦ

**ਪਟਿਆਲਾ, 20 ਜੂਨ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਪੁਲਿਸ ਨੇ ਮੁਸਤੈਦੀ ਵਰਤਦਿਆਂ ਲਾਰੈਂਸ ਬਿਸ਼ਨੋਈ ਗੈਂਗ ਦੇ 5 ਗੁਰਗਿਆਂ ਨੂੰ 30 ਤੇ 32 ਬੋਰ ਦੇ 3-3 ਪਿਸਟਲ, 315 ਬੋਰ ਦਾ ਇੱਕ ਦੇਸੀ ਕੱਟਾ ਅਤੇ 10 ਮੈਗਜੀਨ ਸਮੇਤ 11 ਜਿੰਦਾ ਕਾਰਤੂਸ ਸਮੇਤ ਗ੍ਰਿਫ਼ਤਾਰ ਕਰਨ ਵਿੱਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਇਹ ਪ੍ਰਗਟਾਵਾ ਜ਼ਿਲ੍ਹਾ ਪੁਲਿਸ ਮੁਖੀ ਵਰੁਣ ਸਰਮਾ ਨੇ ਅੱਜ ਇੱਥੇ ਪੁਲਿਸ ਲਾਈਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ।



ਪਟਿਆਲਾ ਦੇ ਐਸ.ਐਸ.ਪੀ. ਵਰੁਣ ਸ਼ਰਮਾ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ। ਉਨ੍ਹਾਂ ਨਾਲ ਐਸ.ਪੀ. ਪਲਵਿੰਦਰ ਸਿੰਘ ਚੀਮਾ ਤੇ ਸਵਰਨਜੀਤ ਕੌਰ ਤੇ ਹੋਰ ਅਧਿਕਾਰੀ ਵੀ ਨਜ਼ਰ ਆ ਰਹੇ ਹਨ।

ਉਨ੍ਹਾਂ ਦੱਸਿਆ ਕਿ ਪੈਸੇ ਲਈ ਅਪਰਾਧ ਜਗਤ ਨਾਲ ਜੁੜੇ ਇਨ੍ਹਾਂ ਨੌਜਵਾਨਾਂ ਦੀ ਪਛਾਣ ਤੇਜਿੰਦਰ ਸਿੰਘ ਉਰਫ ਫ਼ੌਜੀ ਪੁੱਤਰ ਲਖਵੀਰ ਸਿੰਘ ਵਾਸੀ ਪਿੰਡ ਦੌਣ ਕਲਾਂ, ਰਾਹੁਲ ਕੱਦੂ ਪੁੱਤਰ ਮਹੀਪਾਲ ਸਿੰਘ ਵਾਸੀ ਪਿੰਡ ਬੜਾਉਆ ਜ਼ਿਲ੍ਹਾ ਵਧਾਈਆ ਯੂ.ਪੀ. ਹਾਲ ਵਾਸੀ ਨੇੜੇ ਬਾਬਾ ਭਵਾਤ ਰੋਡ ਮੋਹਾਲੀ ਜੀਰਕਪੁਰ, ਵਿਪਲ ਕੁਮਾਰ ਬਿੱਟੂ ਪੁੱਤਰ ਪੂਰਨ ਸਿੰਘ ਵਾਸੀ ਪਿੰਡ ਰਾਮਨਗਰ ਮੇਰਠ ਯੂ.ਪੀ., ਸੁਖਚੈਨ ਸਿੰਘ ਉਰਫ ਸੁੱਖੀ ਪੁੱਤਰ ਅਮਰੀਕ ਸਿੰਘ ਵਾਸੀ ਪਿੰਡ ਸਿਆਲੂ ਘਨੌਰ, ਦੇਵ ਕਰਨ ਪੁੱਤਰ ਮਨੋਜ ਖੰਡੇਵਾਲ ਵਾਸੀ ਪਿੰਡ ਕਲਿਆਣਪੁਰ ਮੇਰਠ ਯੂ.ਪੀ ਵਜੋਂ ਹੋਈ, ਜਿਹੜੇ ਕੇ ਸੁਪਾਰੀ ਲੈ ਕੇ ਕਤਲ ਤੇ ਹੋਰ ਸੰਗੀਨ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ। ਐਸ.ਐਸ.ਪੀ. ਨੇ ਦੱਸਿਆ ਕਿ ਬਰਾਮਦ ਹੋਏ ਨਜਾਇਜ਼ ਹਥਿਆਰਾਂ ਦੀ ਵੀ ਉਨ੍ਹਾਂ ਦੀ ਫੈਕਟਰੀ ਤੱਕ ਜਾ ਕੇ ਗੰਭੀਰਤਾ ਨਾਲ ਪੜਤਾਲ ਕੀਤੀ ਜਾਵੇਗੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸ.ਐਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਕਿ ਐਸ.ਪੀ.ਪੀ.ਬੀ.ਆਈ. ਸਵਰਨਜੀਤ ਕੌਰ ਤੇ ਐਸ.ਪੀ ਸਿਟੀ ਪਲਵਿੰਦਰ ਸਿੰਘ ਚੀਮਾ ਦੀ ਅਗਵਾਈ ਹੇਠ ਡੀ.ਐਸ.ਪੀ. ਸਰਕਲ ਦਿਹਾਤੀ ਦੀ ਨਿਗਰਾਨੀ ਹੇਠ ਥਾਣਾ ਸਦਰ ਪਟਿਆਲਾ ਦੇ ਮੁਖੀ ਇੰਸਪੈਕਰ ਅੰਮ੍ਰਿਤਵੀਰ ਸਿੰਘ ਦੀ ਟੀਮ ਦੇ ਮੈਂਬਰ ਤੇ ਚੌਂਕੀ ਬਹਾਦਰਗੜ੍ਹ ਦੇ ਇੰਚਾਰਜ ਏ.ਐਸ.ਆਈ. ਹਰਦੀਪ ਸਿੰਘ ਦੀ ਪੁਲਿਸ ਪਾਰਟੀ ਨੇ ਇਹ ਗ੍ਰਿਫ਼ਤਾਰੀਆਂ ਬੀ.ਐਨ.ਐਸ. ਦੀਆਂ ਧਾਰਾਵਾਂ 109, 118(1), 115(2), 191(3), 190, 351(3), 61(2) ਤਹਿਤ ਮਿਤੀ 26 ਮਈ 2025 ਨੂੰ ਦਰਜ ਹੋਏ ਮੁਕੱਦਮਾ ਨੰਬਰ 78 ਵਿੱਚ ਕੀਤੀਆਂ ਹਨ। ਘਟਨਾ ਦਾ ਵੇਰਵਾ ਦਿੰਦਿਆਂ ਐਸ.ਐਸ.ਪੀ. ਨੇ ਦੱਸਿਆ ਕਿ ਮਿਤੀ 24-05-2025 ਨੂੰ ਪਿੰਡ ਦੌਣ ਕਲਾਂ ਦੇ ਵਾਸੀ ਦਲਵਿੰਦਰ ਸਿੰਘ ਪੁੱਤਰ ਗੁਰਮੇਲ ਸਿੰਘ 'ਤੇ 7/8 ਅਣਪਛਾਤੇ ਵਿਅਕਤੀਆਂ ਨੇ ਮਾਰ ਦੇਣ ਦੀ ਨੀਅਤ ਨਾਲ ਜਾਨਲੇਵਾ ਹਮਲਾ ਕਰਕੇ ਉਸਦੀਆਂ ਲੱਤਾਂ ਤੇ ਬਾਹਵਾਂ 'ਤੇ ਤਲਵਾਰਾਂ ਤੇ ਰਾਡਾਂ ਨਾਲ ਵਾਰ ਕੀਤੇ ਗਏ ਸਨ। ਉਸ ਦੇ ਬਿਆਨਾਂ ਦੇ ਅਧਾਰ 'ਤੇ ਤੇਜਿੰਦਰ ਸਿੰਘ ਉਰਫ ਫ਼ੌਜੀ ਤੇ ਹੋਰਨਾਂ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਤੇਜਿੰਦਰ ਸਿੰਘ ਫ਼ੌਜੀ ਜੋ ਪਹਿਲਾਂ ਹੀ ਇੱਕ ਮੁਕੱਦਮੇ 'ਚ ਸਾਲ 2022 ਤੋਂ ਹੀ ਜੇਲ ਵਿੱਚ ਬੰਦ ਹੈ, ਨੂੰ ਕੇਂਦਰੀ ਜੇਲ ਫਿਰੋਜਪੁਰ ਤੋਂ ਪ੍ਰੋਡਕਸਨ ਵਰੰਟ ਹਾਸਲ ਕਰਕੇ ਮਿਤੀ 13 ਜੂਨ 2025 ਨੂੰ ਮੁਕੱਦਮੇ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਨੇ ਪੁੱਛਗਿੱਛ ਵਿੱਚ ਮੰਨਿਆ ਸੀ ਕਿ ਉਸਨੇ ਜੇਲ ਵਿੱਚ ਹੁੰਦੇ ਹੋਏ ਸੁਖਚੈਨ ਸਿੰਘ ਸੁੱਖੀ, ਰਾਹੁਲ ਕੱਦੂ, ਵਿਪਲ ਕੁਮਾਰ ਬਿੱਟੂ ਤੇ ਦੇਵ ਕਰਨ ਤੋਂ ਦਲਵਿੰਦਰ ਸਿੰਘ ਦੀ ਕੁੱਟਮਾਰ ਕਰਵਾਈ ਸੀ ਜਿਸਦੇ ਅਧਾਰ 'ਤੇ ਇਨ੍ਹਾਂ ਨੂੰ ਵੀ ਨਾਮਜਦ ਕੀਤਾ ਗਿਆ ਅਤੇ ਉਸੇ ਦਿਨ ਸੁਖਚੈਨ ਸਿੰਘ ਉਰਫ ਸੁੱਖੀ ਅਤੇ ਰਾਹੁਲ ਉਰਫ ਕੱਦੂ ਨੂੰ ਗ੍ਰਿਫਤਾਰ ਕੀਤਾ ਗਿਆ। ਤਫਤੀਸ 'ਚ ਵਿਪਲ ਕੁਮਾਰ ਬਿੱਟੂ ਅਤੇ ਦੇਵ ਕਰਨ ਦੱਸਿਆ ਕਿ ਲੜਾਈ ਵਾਲੇ ਦਿਨ ਉਨ੍ਹਾਂ ਕੋਲ ਇੱਕ ਪਿਸਟਲ 32 ਬੋਰ ਤੇ 7 ਕਾਰਤੂਸ ਜਿੰਦਾ, 2 ਮੈਗਜੀਨ ਅਤੇ ਇੱਕ ਦੇਸੀ ਕੱਟਾ ਨਜਾਇਜ 315 ਬੋਰ ਸਮੇਤ 1 ਕਾਰਤੂਸ ਜਿੰਦਾ ਸੀ, ਜਿਨ੍ਹਾਂ ਨੂੰ ਉਨ੍ਹਾਂ ਨੇ ਝਗੜੇ ਬਾਅਦ ਰਾਜਾ ਫਾਰਮ ਬਹਾਦਰਗੜ ਨੇੜੇ ਕਿਸੇ ਜਗ੍ਹਾ ਦੱਬ ਦਿੱਤਾ ਸੀ, ਇਨ੍ਹਾਂ ਨੂੰ ਵੀ ਬਰਾਮਦ ਕਰ ਲਿਆ ਗਿਆ ਹੈ।

ਐਸ.ਐਸ.ਪੀ. ਨੇ ਦੱਸਿਆ ਕਿ ਪੁੱਛਗਿੱਛ ਤੋਂ ਸਾਹਮਣੇ ਆਇਆ ਕਿ ਇਹ ਅਸਲਾ ਮੱਧਪ੍ਰਦੇਸ਼ ਤੋਂ ਸਸਤੇ ਭਾਅ ਲਿਆ ਕੇ ਮੰਗ ਅਨੁਸਾਰ ਮਹਿੰਗੇ ਰੇਟ 'ਤੇ ਵੇਚਦੇ ਹਨ। ਇਨ੍ਹਾਂ ਨੇ ਮੰਨਿਆ ਕਿ ਲੜਾਈ ਤੋਂ ਪਹਿਲਾਂ ਉਹ 5 ਹੋਰ ਅਸਲੇ ਕਿਸੇ ਹੋਰ ਬੇਅਬਾਦ ਜਗ੍ਹਾ 'ਤੇ ਦੱਬੇ ਸਨ ਜਿਨ੍ਹਾਂ ਨੂੰ ਵੀ 18.06.2025 ਨੂੰ 03 ਨਜਾਇਜ ਅਸਲੇ 30 ਬੋਰ ਪਿਸਟਲ ਅਤੇ 02 ਨਜਾਇਜ ਅਸ਼ਲੇ 32 ਬੋਰ ਪਿਸਟਲ ਸਮੇਤ 08 ਮੈਗਜੀਨ ਅਤੇ 03 ਜਿੰਦਾ ਕਾਰਤੂਸ ਬਰਮਾਦ ਕੀਤੇ ਗਏ ਤੇ ਇਨ੍ਹਾਂ ਦਾ ਅਦਾਲਤ ਤੋਂ ਰਿਮਾਂਡ ਲੈਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਉਕਤ ਹਮਲੇ ਦੀ ਵਜ੍ਹਾ ਰੰਜਿਸ਼ ਦੱਸਦੇ ਹੋਏ ਐਸ.ਐਸ.ਪੀ ਵਰੁਣ ਸ਼ਰਮਾ ਨੇ ਕਿਹਾ ਕਿ ਭਿੰਦਾ ਕਤਲ ਕੇਸ ਵਿੱਚ ਤੇਜਿੰਦਰ ਸਿੰਘ ਉਰਫ ਫ਼ੌਜੀ ਧਿਰ ਮ੍ਰਿਤਕ ਭਿੰਦਾ ਦੇ ਪਰਿਵਾਰ 'ਤੇ ਰਾਜੀਨਾਮਾ ਕਰਨ ਲਈ ਦਬਾਅ ਬਣਾ ਰਹੇ ਸਨ ਅਤੇ ਦਲਵਿੰਦਰ ਸਿੰਘ ਜੋ ਕਿ ਮ੍ਰਿਤਕ ਭਿੰਦਾ ਦਾ ਦੋਸਤ ਸੀ, ਉਹ ਭਿੰਦੇ ਦੇ ਪਰਿਵਾਰ ਨੂੰ ਰਾਜੀਨਾਮਾ ਨਾ ਕਰਨ ਸਬੰਧੀ ਰੋਕ ਰਿਹਾ ਸੀ ਜਿਸ ਕਰਕੇ ਤੇਜਿੰਦਰ ਸਿੰਘ ਉਰਫ ਫ਼ੌਜੀ ਨੇ ਰੰਜਸ਼ ਰੱਖਦੇ ਹੋਏ ਦਲਵਿੰਦਰ ਸਿੰਘ 'ਤੇ ਹਮਲਾ ਕਰਵਾਇਆ ਸੀ।

ਐਸ.ਐਸ.ਪੀ. ਨੇ ਹੋਰ ਦੱਸਿਆ ਕਿ ਤੇਜਿੰਦਰ ਸਿੰਘ ਉਰਫ ਫ਼ੌਜੀ ਅਤੇ ਰਾਹੁਲ ਉਰਫ ਕੱਦੂ ਇੱਕਠੇ ਜੇਲ ਵਿੱਚ ਰਹੇ ਹਨ, ਜਿੱਥੋਂ ਇਹ ਸਾਰੇ ਅੱਗੇ ਇੱਕ ਦੂਜੇ ਦੇ ਜਾਣਕਾਰਾਂ ਰਾਹੀ ਸੰਪਰਕ ਵਿੱਚ ਆਏ ਤੇ ਲਾਰੈਂਸ ਬਿਸ਼ਨੋਈ ਗਰੁੱਪ ਨਾਲ ਸਬੰਧ ਰੱਖਦੇ ਹਨ ਤੇ ਜੇਲ੍ਹ 'ਚੋਂ ਹੀ ਗੱਲਬਾਤ ਕਰਕੇ, ਯੋਜਨਾ ਬਣਾ ਕਰ ਸਾਰੀਆ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨੇ ਹੁਣ ਵੀ ਸੂਬੇ ਤੇ ਪਟਿਆਲਾ ਅਤੇ ਹੋਰ ਕਈ ਥਾਵਾ 'ਤੇ ਰੈਕੀ ਕੀਤੀ ਹੋਈ ਸੀ ਅਤੇ ਕਈ ਟਾਰਗੇਟ ਕਿਲਿੰਗ ਦੀਆ ਘਟਨਾਵਾਂ ਨੂੰ ਅੰਜਾਮ ਦੇਣਾ ਸੀ। ਇਨ੍ਹਾਂ ਨੇ ਭਿੰਦਾ ਕਤਲ ਕੇਸ 38/22 ਥਾਣਾ ਅਰਬਨ ਅਸਟੇਟ ਪਟਿਆਲਾ ਦੇ ਅਹਿਮ ਗਵਾਹ ਦੀ ਵੀ ਰੈਕੀ ਕੀਤੀ ਗਈ ਸੀ ਅਤੇ ਜੇਕਰ ਇਨ੍ਹਾਂ ਦੀ ਗ੍ਰਿਫ਼ਤਾਰੀ ਤੇ ਅਸਲੇ ਦੀ ਬਰਾਮਦਗੀ ਨਾ ਹੁੰਦੀ ਤਾਂ ਇਨ੍ਹਾਂ ਨੇ ਕਈ ਘਟਨਾਵਾ ਨੂੰ ਅੰਜਾਮ ਦੇ ਕੇ ਮਾਹੌਲ ਖਰਾਬ ਕਰਨਾ ਸੀ।

ਐਸ.ਐਸ.ਪੀ. ਨੇ ਦੱਸਿਆ ਕਿ ਤੇਜਿੰਦਰ ਸਿੰਘ ਫ਼ੌਜੀ ਵਿਰੁੱਧ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ 'ਚ ਅੱਧੀ ਦਰਜਨ ਤੋਂ ਵਧੇਰੇ ਮੁਕੱਦਮੇ ਦਰਜ ਸਨ। ਰਾਹੁਲ ਉਰਫ ਕੱਦੂ ਪੁੱਤਰ ਮਹੀਪਾਲ ਸਿੰਘ ਖ਼ਿਲਾਫ਼ ਵੀ ਦੋ ਮੁਕੱਦਮੇ ਦਰਜ ਸਨ। ਵਿਪਲ ਕੁਮਾਰ ਉਰਫ ਬਿੱਟੂ ਪੁੱਤਰ ਪੂਰਨ ਸਿੰਘ ਵਿਰੁੱਧ ਇੱਕ ਮੁਕੱਦਮਾ ਦਰਜ ਹੈ ਪਰੰਤੂ ਸੁਖਚੈਨ ਸਿੰਘ ਸੁੱਖੀ ਤੇ ਦੇਵ ਕਰਨ ਵਿਰੁੱਧ ਪਹਿਲਾਂ ਕੋਈ ਮੁਕੱਦਮਾ ਦਰਜ ਨਹੀ ਹੈ।

# ਇਰਾਨ-ਇਜ਼ਰਾਈਲ 'ਚ ਜੰਗ ਦੇ ਮੱਦੇਨਜ਼ਰ ਪਾਵਨ ਸਰੂਪ ਲਿਆਉਣ ਦਾ ਪ੍ਰਬੰਧ ਕਰੇ ਸਰਕਾਰ: ਐਡਵੋਕੇਟ ਧਾਮੀ

**ਅੰਮ੍ਰਿਤਸਰ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਸਰਕਾਰ ਨੂੰ ਇਰਾਨ ਅਤੇ ਇਜ਼ਰਾਈਲ ਵਿਚ ਚੱਲ ਰਹੀ ਆਪਸੀ ਜੰਗ ਵਾਲੇ ਹਾਲਾਤ ਦੇ ਮੱਦੇਨਜ਼ਰ ਉਥੇ ਸਥਿਤ ਗੁਰਦੁਆਰਾ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਤੁਰੰਤ ਢੁੱਕਵੇਂ ਕਦਮ ਚੁੱਕਣ ਲਈ ਕਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਕੌਮ ਲਈ ਸਰਵਉੱਚ ਹਨ, ਜਿਨ੍ਹਾਂ ਦਾ ਸਤਿਕਾਰ ਤੇ ਸੁਰੱਖਿਆ ਸਿੱਖ ਪੰਥ ਲਈ ਸਭ ਤੋਂ ਅਹਿਮ ਹੈ।



ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਇਰਾਨ ਤੇ ਇਜ਼ਰਾਈਲ ਵਿਚ ਜੰਗ ਦੇ ਨਾਜ਼ੁਕ ਹਾਲਾਤ ਕਾਰਨ ਉਥੇ ਸਥਿਤ ਗੁਰਦੁਆਰਾ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਆਪਣੇ ਕੂਟਨੀਤਕ ਸਬੰਧਾਂ ਅਤੇ ਕੌਮਾਂਤਰੀ ਮੰਚਾਂ ਦੀ ਵਰਤੋਂ ਕਰਦਿਆਂ ਇਰਾਨ ਅਤੇ ਇਜ਼ਰਾਈਲ ਦੀਆਂ ਸਰਕਾਰਾਂ ਨਾਲ ਸੰਪਰਕ ਕਰ ਕੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਗੁਰਦੁਆਰਾ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਾ ਪਹੁੰਚੇ ਤੇ ਉਨ੍ਹਾਂ ਦਾ ਸਤਿਕਾਰ ਬਣਿਆ ਰਹੇ।

ਐਡਵੋਕੇਟ ਧਾਮੀ ਨੇ ਇਰਾਨ ਅਤੇ ਇਜ਼ਰਾਈਲ ਵਿਚ ਵੱਸਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਸਥਾਨਕ ਸਰਕਾਰਾਂ ਅਤੇ ਸਬੰਧਤ ਅਧਿਕਾਰੀਆਂ ਨਾਲ ਸੰਪਰਕ ਕਰਕੇ ਗੁਰਦੁਆਰਾ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਸੁਰੱਖਿਆ ਯਕੀਨੀ ਬਣਾਉਣ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਮਾਮਲੇ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ ਅਤੇ ਭਾਰਤ ਸਰਕਾਰ ਤੋਂ ਉਮੀਦ ਕਰਦੀ ਹੈ ਕਿ ਇਸ ਸੰਵੇਦਨਸ਼ੀਲ ਮਾਮਲੇ 'ਤੇ ਤੁਰੰਤ ਕਾਰਵਾਈ ਕਰੇਗੀ।

# ਬੇਸਹਾਰਾ ਬੱਚਿਆਂ ਦਾ ਸਹਾਰਾ ਬਣੀ ਪੰਜਾਬ ਸਰਕਾਰ; ਗੋਦ ਲੈਣ ਦੀ ਪ੍ਰਕਿਰਿਆ ਨੂੰ ਕਾਨੂੰਨੀ ਤੇ ਸੁਰੱਖਿਅਤ ਬਣਾਵਾਂਗੇ: ਡਾ. ਬਲਜੀਤ ਕੌਰ

**ਚੰਡੀਗੜ੍ਹ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਸੂਬੇ ਭਰ ਦੇ ਬੇਸਹਾਰਾ ਬੱਚਿਆਂ ਦੇ ਸੁਨਹਿਰੀ ਭਵਿੱਖ ਯਕੀਨੀ ਬਣਾਉਣ ਲਈ ਗੋਦ ਲੈਣ ਦੀ ਪ੍ਰਕਿਰਿਆ ਨੂੰ ਕਾਨੂੰਨੀ ਤੇ ਸੁਰੱਖਿਅਤ ਬਣਾਵੇਗੀ। ਅੱਜ ਇੱਥੇ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਿਨਿਸਟ੍ਰੇਸ਼ਨ, ਵਿਖੇ 'ਅਡਾਪਸ਼ਨ ਰੈਗੂਲੇਸ਼ਨ-2022' ਸਬੰਧੀ ਰਾਜ ਪੱਧਰੀ ਟ੍ਰੇਨਿੰਗ ਪ੍ਰੋਗਰਾਮ ਮੌਕੇ ਸੰਬੋਧਨ ਕਰਦਿਆਂ ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਕਾਨੂੰਨੀ ਤੇ ਸੁਰੱਖਿਅਤ ਤੌਰ ਤੇ ਬੇਸਹਾਰਾ ਬੱਚਿਆਂ ਨੂੰ ਗੋਦ ਲੈਣ ਦੀ ਪ੍ਰਕਿਰਿਆ ਨੂੰ ਪ੍ਰਭਾਵਸ਼ਾਲੀ ਬਣਾਇਆ ਜਾਣ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਬੇਸਹਾਰਾ ਬੱਚਿਆਂ ਦੇ ਸੁਨਹਿਰੇ ਭਵਿੱਖ ਨੂੰ ਯਕੀਨੀ ਬਣਾਉਣ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਿਖਲਾਈ ਦੇਣ ਦਾ ਇਹ ਪ੍ਰੋਗਰਾਮ ਉਲੀਕਿਆ ਗਿਆ ਹੈ ਤਾਂ ਜੋ ਅਡਾਪਸਨ ਮਗਰੋਂ ਕਿਸੇ ਕਿਸਮ ਦੀ ਕਾਨੂੰਨੀ ਰੁਕਾਵਟ ਨਾ ਆਵੇ।

ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਕੇਂਦਰੀ ਅਡਾਪਸ਼ਨ ਰਿਸੋਰਸ ਅਥਾਰਟੀ (ਕਾਰਾ) ਅਤੇ ਨੈਸ਼ਨਲ ਇੰਸਟੀਚਿਊਟ ਆਫ ਪਬਲਿਕ ਕੋਆਪਰੇਸ਼ਨ ਐਂਡ ਚਾਇਲਡ ਡਿਵੈਲਪਮੈਂਟ (ਨਿਪਸਡ) ਮੋਹਾਲੀ ਦੇ ਸਹਿਯੋਗ ਨਾਲ ਕਰਵਾਏ ਇਸ ਸਮਾਗਮ ਵਿੱਚ ਬੋਲਦਿਆਂ ਡਾ. ਬਲਜੀਤ ਕੌਰ ਨੇ ਕਿਹਾ ਕਿ ਸਾਡੇ ਸਮਾਜ ਦੀ ਇਹ ਦੁਖਦਾਈ ਹਕੀਕਤ ਹੈ ਕਿ ਕਈ ਵਾਰ ਨਵਜੰਮੇ ਬੱਚਿਆਂ ਨੂੰ ਤਿਆਗਣ ਜਾਂ ਉਨ੍ਹਾਂ ਦੀ ਜਾਨ ਲੈਣ ਵਾਲੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੋ ਪਰਿਵਾਰ ਸੁਖ-ਸਹੂਲਤਾਂ ਵਾਲੇ ਹਨ ਅਤੇ ਸਮਰੱਥ ਹਨ, ਉਹ ਇਨਸਾਨੀਅਤ ਦੇ ਨਾਤੇ ਅਜਿਹੇ ਅਨਾਥ ਅਤੇ ਬੇਸਹਾਰਾ ਬੱਚਿਆਂ ਨੂੰ ਕਾਨੂੰਨੀ ਪ੍ਰਕਿਰਿਆ ਰਾਹੀਂ ਗੋਦ ਲੈਣ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਤਰ੍ਹਾਂ ਉਹ ਬੱਚਾ ਮਾਤਾ-ਪਿਤਾ ਦੇ ਪਿਆਰ ਤੋਂ ਮਹਰੂਮ ਨਹੀਂ ਰਹੇਗਾ ਅਤੇ ਉਸਦਾ ਭਵਿੱਖ ਵੀ ਸੁਰੱਖਿਅਤ ਬਣ ਸਕੇਗਾ।

ਸਮਾਜਿਕ ਸੁਰੱਖਿਆ ਮੰਤਰੀ ਨੇ ਕਿਹਾ ਕਿ ਟ੍ਰੇਨਿੰਗ ਪ੍ਰੋਗਰਾਮ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਬੱਚਾ ਗੋਦ ਲੈਣ ਦੀ ਪ੍ਰਕਿਰਿਆ ਨਾਲ ਜੁੜੇ ਸਾਰੇ ਹਿੱਸੇਦਾਰਾਂ ਨੂੰ ਅਡਾਪਸ਼ਨ ਦੀ ਕਾਨੂੰਨੀ ਪ੍ਰਕਿਰਿਆ ਬਾਰੇ ਪੂਰੀ ਜਾਣਕਾਰੀ ਹੋਵੇ। ਇਸ ਤਰ੍ਹਾਂ ਭਵਿੱਖ ਵਿੱਚ ਹਰ ਬੱਚੇ ਦੀ ਗੋਦ ਲੈਣ ਦੀ ਪ੍ਰਕਿਰਿਆ ਨਿਯਮਾਂ ਅਨੁਸਾਰ ਤੇ ਵਧੀਆ ਤਰੀਕੇ ਨਾਲ ਹੀ ਪੂਰੀ ਹੋਣੀ ਯਕੀਨੀ ਬਣੇਗੀ।

ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਬੱਚੇ ਨੂੰ ਪਿਆਰ, ਸੁਰੱਖਿਆ ਅਤੇ ਚੰਗੇ ਭਵਿੱਖ ਦੀ ਗਾਰੰਟੀ ਦੇਣ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਅਡਾਪਸ਼ਨ ਰੈਗੂਲੇਸ਼ਨ-2022 ਨੂੰ ਸੂਬੇ ਵਿੱਚ ਲਾਗੂ ਕਰਕੇ ਬਿਨਾਂ ਮਾਪਿਆਂ ਵਾਲੇ ਬੱਚਿਆਂ ਦੀ ਜ਼ਿੰਦਗੀ ਵਿੱਚ ਨਵੇਂ ਰੰਗ ਭਰਨ ਅਤੇ ਉਨ੍ਹਾਂ ਨੂੰ ਪਿਆਰ ਭਰਿਆ ਘਰ ਮੁਹੱਈਆ ਕਰਵਾਉਣ ਦੀ ਦਿਸ਼ਾ ਵਿੱਚ ਇਹ ਇੱਕ ਮਹੱਤਵਪੂਰਨ ਕਦਮ ਹੈ।

ਕੌਮੀ ਪੱਤ੍ਰਿਕਾ

## ਮੀਥੇਨੌਲ ਦੀ ਦੁਰਵਰਤੋਂ ਘਾਤਕ, ਗ਼ੈਰ-ਕਾਨੂੰਨੀ ਸ਼ਰਾਬ ਮੌਤ ਦਾ ਕਾਰਨ, ਸਾਵਧਾਨ ਰਹਿਣ ਲੋਕ

# ਜ਼ਿਲ੍ਹਾ ਪਟਿਆਲਾ ਵਿੱਚ ਸਿਹਤ ਵਿਭਾਗ ਵੱਲੋਂ ਜੋਨਲ ਡਰੱਗ ਲਾਇਸੈਂਸਿੰਗ ਅਥਾਰਟੀ ਦੀ ਮਦਦ ਨਾਲ ਚਲਾਈ ਜਾਵੇਗੀ ਜਾਗਰੂਕਤਾ ਮੁਹਿੰਮ

**ਪਟਿਆਲਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੀਥੇਨੌਲ ਦੀ ਦੁਰਵਰਤੋਂ ਘਾਤਕ ਹੈ, ਅਤੇ ਇਸ ਤੋਂ ਬਣਨ ਵਾਲੀ ਗ਼ੈਰ-ਕਾਨੂੰਨੀ ਸ਼ਰਾਬ ਸੇਵਨ ਕਰਨਾ ਮੌਤ ਦਾ ਕਾਰਨ ਬਣ ਸਕਦੀ ਹੈ, ਇਸ ਲਈ ਸ਼ਰਾਬ ਸੇਵਨ ਕਰਨ ਵਾਲੇ ਲੋਕ ਸਾਵਧਾਨ ਰਹਿਣ। ਇਹ ਪ੍ਰਗਟਾਵਾ ਕਰਦਿਆਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਸਿਹਤ ਵਿਭਾਗ ਨੂੰ ਨਿਰਦੇਸ਼ ਦਿੱਤੇ ਹਨ, ਕਿ ਉਹ ਜੋ ?ਨਲ ਡਰੱਗ ਲਾਇਸੈਂਸਿੰਗ ਅਥਾਰਟੀ ਨਾਲ ਮਿਲਕੇ ਜਾਗਰੂਕਤਾ ਮੁਹਿੰਮ ਚਲਾਈ ਜਾਵੇ ਤਾਂ ਕਿ ਜ਼ਿਲ੍ਹੇ ਅੰਦਰ ਮੀਥੇਨੌਲ ਦੀ ਗ਼ੈਰਕਾਨੂੰਨੀ ਵਰਤੋਂ ਨਾ ਹੋਵੇ ਅਤੇ ਇਸ ਜ਼ਹਿਰ ਤੋਂ ਬਣੀ ਸ਼ਰਾਬ ਵੀ ਕੋਈ ਸੇਵਨ ਨਾ ਕਰੇ।

ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਕੁਮਾਰ ਰਾਹੁਲ ਵੱਲੋਂ ਜਾਰੀ ਪੱਤਰ ਦੇ ਹਵਾਲੇ ਨਾਲ ਡਿਪਟੀ ਕਮਿਸ਼ਨਰ ਨੇ ਆਖਿਆ ਕਿ ਪੋਆਇਜ਼ਨਸ ਐਕਟ 1919, ਪੰਜਾਬ ਪੋਆਇਜ਼ਨਸ ਪੋਜੈਸ਼ਨ ਐਂਡ ਸੇਲ ਰੂਲਜ 2014 ਐਂਡ ਅਮੈਂਡਮੈਂਟ ਨੋਟੀਫਿਕੇਸ਼ਨ ਮਿਤੀ 17 ਫਰਵਰੀ 2025 ਤਹਿਤ ਬਿਨ੍ਹਾਂ ਲਾਇਸੈਂਸ ਤੋਂ ਮੀਥੇਨੌਲ ਦੀ ਵਿਕਰੀ ਜਾਂ ਸਟਾਕ ਜਮ੍ਹਾਂ ਨਹੀਂ ਹੋ ਸਕਦਾ।ਇਸ ਲਈ ਇਸ ਜਹਿਰੀਲੇ ਪਦਾਰਥ ਦੀ ਵਰਤੋਂ ਗ਼ੈਰ ਸਮਾਜੀ ਅਨਸਰ ਗ਼ੈਰਕਾਨੂੰਨੀ ਤੇ ਨਾਜਾਇਜ਼ ਸ਼ਰਾਬ ਬਣਾਉਣ ਲਈ ਕਰਕੇ ਅਜਿਹੀ ਸ਼ਰਾਬ ਮੁਨਾਫ਼ਾ ਕਮਾਉਣ ਲਈ ਅੱਗੇ ਵੇਚ ਸਕਦੇ ਹਨ, ਜਿਸ ਲਈ ਸ਼ਰਾਬ ਦਾ ਸੇਵਨ ਕਰਨ ਵਾਲੇ ਲੋਕ ਚੌਕਸ ਰਹਿਣ ਅਤੇ ਗ਼ੈਰਕਾਨੂੰਨੀ ਸ਼ਰਾਬ ਦਾ ਸੇਵਨ ਕਿਸੇ ਵੀ ਹਾਲਤ ਵਿੱਚ ਨਾ ਕਰਨ, ਕਿਉਂਕਿ ਅਜਿਹਾ ਕਰਨਾ ਜਾਨਲੇਵਾ ਹੋ ਸਕਦਾ ਹੈ। ਇਸੇ ਦੌਰਾਨ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਸੁਮੀਤ ਸਿੰਘ ਨੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਮੀਥੇਨੌਲ ਜ਼ਹਿਰ ਦੇ ਖ਼ਤਰਿਆਂ ਬਾਰੇ ਜਾਗਰੂਕ ਹੋਣਾ ਜਰੂਰੀ ਹੈ, ਕਿਉਂਕਿ ਇਸ ਤੋਂ ਗੈਰ-ਕਾਨੂੰਨੀ ਸ਼ਰਾਬ ਦੀ ਬਣਨ ਦੇ ਮਾਮਲੇ ਸਾਹਮਣੇ ਆਏ ਹਨ, ਪਰੰਤੂ ਅਜਿਹੀ ਸ਼ਰਾਬ ਦਾ ਸੇਵਨ ਕਰਨਾ ਇੱਕ ਮਹੱਤਵਪੂਰਨ ਚਿੰਤਾ ਦਾ ਵਿਸ਼ਾ ਹੈ। ਕਿਉਂ ਕਿ ਗ਼ੈਰ-ਕਾਨੂੰਨੀ ਬਣਾਈ ਗਈ ਸ਼ਰਾਬ ਵਿੱਚ ਮੀਥੇਨੌਲ ਦੀ ਮੌਜੂਦਗੀ ਨਾਲ ਗੰਭੀਰ ਸਿਹਤ ਨਤੀਜੇ ਹੋ ਸਕਦੇ ਹਨ, ਜਿਸ ਵਿੱਚ ਅੰਨ੍ਹਾਪਣ ਅਤੇ ਮੌਤ ਵੀ ਹੋ ਸਕਦੀ ਹੈ।

ਸਿਹਤ ਵਿਭਾਗ ਦੇ ਅਧਿਕਾਰੀ ਨੇ ਦੱਸਿਆ ਕਿ ਜੇਕਰ ਅਜਿਹੀ ਮੀਥੇਨੌਲ ਵਾਲੀ ਗ਼ੈਰਕਾਨੂੰਨੀ ਸ਼ਰਾਬ ਕੋਈ ਵੀ ਸੇਵਨ ਕਰ ਲਵੇ ਤਾਂ ਉਸ ਨੂੰ ਮੀਥੇਨੌਲ ਜ਼ਹਿਰ ਕਰਕੇ ਚੱਕਰ ਆਉਣਗੇ, ਉਲਟੀਆਂ ਲੱਗਣਗੀਆਂ, ਸਿਰ ਦਰਦ, ਮਤਲੀ, ਧੁੰਦਲੀ ਜਾਂ ਦੋਹਰੀ ਨਜ਼ਰ ਅਤੇ ਪੇਟ ਦਰਦ ਵਰਗੇ ਲੱਛਣ ਪੈਦਾ ਹੋਣਗੇ ਅਤੇ ਅਜਿਹੇ ਵਿਅਕਤੀਆਂ ਨੂੰ ਤੁਰੰਤ ਡਾਕਟਰੀ ਸਹਾਇਤਾ ਲੈਣ ਦੀ ਲੋੜ ਹੁੰਦੀ ਹੈ।ਕਿਉਂਕਿ ਅਜਿਹੇ ਵਿਅਕਤੀਆਂ ਨੂੰ ਗੰਭੀਰ ਐਸਿਡੋਸਿਸ, ਆਪਟਿਕ ਨਰਵ ਨੂੰ ਨੁਕਸਾਨ, ਗੁਰਦੇ ਨੂੰ ਨੁਕਸਾਨ, ਅਤੇ ਕੇਂਦਰੀ ਨਸ ਪ੍ਰਣਾਲੀ ਦਾ ਕੰਮ ਬੰਦ ਕਰਨਾ, ਦਿਮਾਗੀ ਸੋਜ, ਖੂਨ ਵਹਿਣਾ, ਅਤੇ ਮੌਤ ਵਰਗੇ ਨੁਕਸਾਨ ਹੋ ਸਕਦੇ ਹਨ।

ਇਸ ਲਈ ਆਮ ਲੋਕ ਕਿਸੇ ਵੀ ਤਰ੍ਹਾਂ ਦੀ ਘਰੇਲੂ ਸ਼ਰਾਬ ਤੋਂ ਬਚਣ ਤੇ ਘਰਾਂ ਵਿੱਚ ਕੱਢੀ ਸ਼ਰਾਬ ਜਾਂ ਗ਼ੈਰ ਕਾਨੂੰਨੀ ਤੇ ਨਾਜਾਇਜ਼ ਸ਼ਰਾਬ ਜਾਂ ਸਪਿਰਿਟ ਜਾਂ ਅਨਿਯੰਤ੍ਰਿਤ ਅਲਕੋਹਲ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਗੱਲ ਦਾ ਵੀ ਖਾਸ ਧਿਆਨ ਰੱਖਿਆ ਜਾਵੇ ਕਿ ਸ਼ਰਾਬ ਦੀ ਬੋਤਲ ਦੀ ਸੀਲ ਟੁੱਟੀ ਹੋਈ ਤਾਂ ਨਹੀਂ ਅਤੇ ਲੇਬਲ ਜਾਇਜ਼ ਦਿਖਾਈ ਦਿੰਦਾ ਹੈ।

ਇਸ ਤੋਂ ਬਿਨ੍ਹਾਂ ਜਦੋਂ ਮੀਥੇਨੌਲ ਨੂੰ ਉਦਯੋਗਿਕ ਉਤਪਾਦਾਂ ਵਿੱਚ ਵਰਤਿਆ ਜਾਵੇ, ਜਿਵੇਂ ਕਿ ਕੁਝ ਪੇਂਟ, ਵਾਰਨਿਸ਼ ਅਤੇ ਚਿਪਕਣ ਵਾਲੇ ਪਦਾਰਥਾਂ ਵਿੱਚ ਵੀ ਇਸ ਨੂੰ ਪਾਇਆ ਜਾਂਦਾ ਹੈ, ਤਾਂ ਇਹਨਾਂ ਉਤਪਾਦਾਂ ਨੂੰ ਸੰਭਾਲਦੇ ਸਮੇਂ ਸੁਰੱਖਿਆ ਸਾਵਧਾਨੀਆਂ ਦੀ ਪਾਲਣਾ ਵੀ ਯਕੀਨੀ ਬਣਾਈ ਜਾਵੇ। ਇਸ ਦੀ ਸਹੀ ਸਟੋਰੇਜ ਤੇ ਸੰਭਾਲ ਹੋਵੇ ਅਤੇ ਮੀਥੇਨੌਲ ਵਾਲੇ ਉਤਪਾਦਾਂ ਨੂੰ ਬੱਚਿਆਂ ਤੋਂ ਦੂਰ ਅਤੇ ਇੱਕ ਚੰਗੀ ਤਰ੍ਹਾਂ ਹਵਾਦਾਰ ਖੇਤਰ ਵਿੱਚ ਹੀ ਸਟੋਰ ਕੀਤਾ ਜਾਵੇ।

# ਜੋਧਵਾਲ ਵਿਖੇ ਸੱਪ ਦੇ ਡੰਗਣ ਨਾਲ ਔਰਤ ਦੀ ਮੌਤ, ਰਿਸ਼ਤੇ 'ਚ ਲੱਗਦੇ ਭਾਣਜੇ ਦੀ ਹਾਲਤ ਵੀ ਨਾਜ਼ੁਕ

**ਮਾਛੀਵਾੜਾ ਸਾਹਿਬ, 20 ਜੂਨ**
**-ਸਤੀਸ਼ ਕੁਮਾਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਇਨਸਾਨ ਤੇ ਦੁੱਖਾਂ ਦਾ ਪਹਾੜ ਕਦੋਂ ਟੁੱਟ ਪਵੇ ਇਸ ਦਾ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ। ਅਜਿਹੀ ਹੀ ਇੱਕ ਘਟਨਾ ਮਾਛੀਵਾੜਾ ਸਾਹਿਬ ਦੇ ਨੇੜਲੇ ਪਿੰਡ ਜੋਧਵਾਲ ਵਿਖੇ ਹੋਈ । ਜਿੱਥੇ ਪਿੰਡ ਜੋਧਵਾਲ ਵਿਖੇ ਅੱਜ ਤੜ ?ਕੇ ਇੱਕ ਘਰ ਵਿਚ ਵਾਪਰੇ ਦਰਦਨਾਕ ਹਾਦਸੇ ਵਿਚ ਸੱਪ ਦੇ ਡੰਗਣ ਨਾਲ ਔਰਤ ਅਨੂ ਰਾਣੀ (30) ਦੀ ਮੌਤ ਹੋ ਗਈ ਜਦਕਿ ਅਨੂ ਦੇ ਪਤੀ ਜਨਕ ਦੀ ਮੌਤ ਵੀ ਬੀਤੇ ਕੁਝ ਸਾਲ ਪਹਿਲਾਂ ਹੋ ਚੁੱਕੀ ਹੈ। ਸਵੇਰੇ ਘਰ ਅੰਦਰ ਦਾਖਿਲ ਹੋਏ ਸੱਪ ਨੇ ਰਿਸ਼ਤੇ ਵਿੱਚ ਲੱਗਦੇ 5 ਸਾਲਾ ਭਾਣਜੇ ਹਾਰਦਿਕ ਵਾਸੀ ਅੰਬਾਲਾ ਨੂੰ ਵੀ ਡੰਗ ਲਿਆ ਜੋ ਹਸਪਤਾਲ ਉਜ਼ਿੰਦਗੀ ਤੇ ਮੌਤ ਦੀ ਲੜ ?ਾਈ ਲੜ ? ਰਿਹਾ ਹੈ। ਜਾਣਕਾਰੀ ਅਨੁਸਾਰ ਔਰਤ ਅਨੂ ਰਾਣੀ ਮੰਜੇ 'ਤੇ ਸੁੱਤੀ ਪਈ ਸੀ ਜਦਕਿ ਉਸਦਾ ਭਾਣਜਾ ਜੋ ਕਿ ਆਪਣੀ ਮਾਤਾ ਸਮੇਤ ਇੱਥੇ ਰਿਸ਼ਤੇਦਾਰੀ ਵਿਚ ਆਇਆ ਹੋਇਆ ਹੈ, ਉਹ ਥੱਲੇ ਬਿਸਤਰੇ 'ਤੇ ਸੁੱਤਾ ਪਿਆ ਸੀ। ਅਚਨਚੇਤ ਤੜ ?ਕੇ ਕਰੀਬ 3 ਵਜੇ ਤੋਂ ਬਾਅਦ ਇੱਕ ਸੱਪ ਉਨ੍ਹਾਂ ਦੇ ਕਮਰੇ ਵਿਚ ਆ ਵੜ ?ਆ ਜਿਸ ਨੇ ਸੁੱਤੀ ਪਈ ਅਨੂ ਰਾਣੀ ਤੇ ਉਸਦੇ ਭਾਣਜੇ ਨੂੰ ਡੰਗ ਲਿਆ। ਸੱਪ ਦੇ ਡੰਗਣ ਕਾਰਨ ਪਰਿਵਾਰ ਵਿਚ ਭਗਦੜ ? ਮਚ ਗਈ ਅਤੇ ਦੋਵਾਂ ਨੂੰ ਹਸਪਤਾਲ ਲਿਆਂਦਾ ਗਿਆ ਜਿੱਥੇ ਅਨੂ ਰਾਣੀ ਦੀ ਮੌਤ ਹੋ ਗਈ ਜਦਕਿ ਹਾਰਦਿਕ ਇਲਾਜ ਅਧੀਨ ਹੈ ਅਤੇ ਡਾਕਟਰਾਂ ਵਲੋਂ ਉਸ ਨੂੰ ਬਚਾਉਣ ਦੇ ਯਤਨ ਜਾਰੀ ਹਨ। ਅਨੂ ਰਾਣੀ ਜਿਸ ਦੇ ਪਤੀ ਜਨਕ ਰਾਜ ਦੀ ਕੁਝ ਸਾਲ ਪਹਿਲਾਂ ਕੋਰੋਨਾ ਦੌਰਾਨ ਮੌਤ ਹੋ ਗਈ ਅਤੇ ਅੱਜ ਉਹ ਵੀ ਸੱਪ ਦੇ ਡੰਗਣ ਕਾਰਨ ਮੌਤ ਦੇ ਮੂੰਹ ਵਿਚ ਜਾ ਪਈ। ਜੋਧਵਾਲ ਦੇ ਇਸ ਪਰਿਵਾਰ 'ਤੇ ਅਜੇ ਦੋ ਦਿਨਾਂ ਪਹਿਲਾਂ ਹੀ ਕੁਦਰਤ ਦਾ ਕਹਿਰ ਵਾਪਰਿਆ ਸੀ ਜਿਸ ਵਿਚ ਮ੍ਰਿਤਕਾ ਅਨੂ ਰਾਣੀ ਦਾ ਦਿਓਰ ਧੀਰਜ ਰਾਣਾ ਸੜ ?ਕ ਹਾਦਸੇ ਵਿਚ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ ਸੀ। ਧੀਰਜ ਰਾਣਾ ਦਾ ਸਿਵਾ ਅਜੇ ਠੰਢਾ ਵੀ ਨਹੀਂ ਹੋਇਆ ਸੀ ਕਿ ਅੱਜ ਦੋ ਦਿਨਾਂ ਬਾਅਦ ਪਰਿਵਾਰ ਵਿਚ ਅਨੂ ਰਾਣੀ ਦੀ ਮੌਤ ਹੋ ਗਈ। ਪਿੰਡ ਵਿਚ ਇੱਕੋ ਪਰਿਵਾਰ ਵਿਚ ਦੋ ਦਿਨਾਂ 'ਚ 2 ਮੌਤਾਂ ਹੋਣ ਕਾਰਨ ਜਿੱਥੇ ਸਾਰੇ ਪਰਿਵਾਰਕ ਮੈਂਬਰ ਸਦਮੇ ਵਿਚ ਹਨ, ਉੱਥੇ ਪਿੰਡ ਵਿਚ ਵੀ ਸੋਗ ਦੀ ਲਹਿਰ ਹੈ।

# ਰਾਜਸੀ ਪਾਰਟੀਆਂ ਨੂੰ ਖੇਤੀ ਯੂਨੀਵਰਸਿਟੀ ਮਾਮਲੇ ਵਿੱਚ ਦਖ਼ਲ ਨਾ ਦੇਣ ਦੀ ਮੰਗ

**ਯਮੁਨਾਨਗਰ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਮਖਾਨਾ ਕਲੱਬ ਵਿੱਚ ਹਰਿਆਣਾ ਕੰਬੋਜ ਸਮਾਜ ਅਤੇ ਵੱਖ-ਵੱਖ ਪਛੜੇ ਵਰਗ ਸੰਗਠਨਾਂ ਦੇ ਅਧਿਕਾਰੀਆਂ ਅਤੇ ਹੋਰ ਪ੍ਰਮੁੱਖ ਲੋਕਾਂ ਦੀ ਮੀਟਿੰਗ ਹੋਈ। ਇਸ ਦੀ ਪ੍ਰਧਾਨਗੀ ਸ਼ਹੀਦ ਊਧਮ ਸਿੰਘ ਕੰਬੋਜ ਅੰਤਰਰਾਸ਼ਟਰੀ ਮਹਾਂਸਭਾ ਸੁਨਾਮ ਦੇ ਜਨਰਲ ਸਕੱਤਰ ਜਸਮੇਰ ਕੰਬੋਜ ਨੇ ਕੀਤੀ । ਮੀਟਿੰਗ ਵਿੱਚ ਚੌਧਰੀ ਚਰਨ ਸਿੰਘ ਹਰਿਆਣਾ ਖੇਤੀ ਯੂਨੀਵਰਸਿਟੀ, ਹਿਸਾਰ ਵਿੱਚ ਚੱਲ ਰਹੀ ਵਿਦਿਆਰਥੀਆਂ ਦੀ ਹੜਤਾਲ 'ਤੇ ਵਿਚਾਰ ਹੋਈ।

# ਆਟੋਮੋਬਾਈਲ ਇਨ-ਪਲਾਂਟ ਰੇਲਵੇ ਸਾਈਡਿੰਗ ਨੂੰ ਹਰੀ ਝੰਡੀ ਦਿਖਾਈ



**ਚੰਡੀਗੜ੍ਹ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਉਦਯੋਗਿਕ ਸ਼ਹਿਰ ਗੁਰੂਗ੍ਰਾਮ ਵਿੱਚ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਅਤੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਅੱਜ ਮਾਨੇਸਰ ਵਿੱਚ ਮਾਰੂਤੀ ਸੁਜ਼ੂਕੀ ਲਿਮਟਿਡ ਵਿਖੇ ਭਾਰਤ ਦੇ ਸਭ ਤੋਂ ਵੱਡੇ ਆਟੋਮੋਬਾਈਲ ਇਨ-ਪਲਾਂਟ ਰੇਲਵੇ ਸਾਈਡਿੰਗ ਨੂੰ ਹਰੀ ਝੰਡੀ ਦਿਖਾਈ। ਪ੍ਰਧਾਨ ਮੰਤਰੀ ਗਤੀਸ਼ਕਤੀ ਰਾਸ਼ਟਰੀ ਮਾਸਟਰ ਪਲਾਨ ਦੇ ਤਹਿਤ ਰਜਿਸਟਰਡ ਮਾਨੇਸਰ ਰੇਲਵੇ ਸਾਈਡਿੰਗ ਨੂੰ ਹਰਿਆਣਾ ਦੇ ਸੋਨੀਪਤ ਅਤੇ ਪਲਵਲ ਵਿਚਕਾਰ 126 ਕਿਲੋਮੀਟਰ ਲੰਬੇ ਹਰਿਆਣਾ ਔਰਬਿਟਲ ਰੇਲ ਕੋਰੀਡੋਰ ਦੇ ਹਿੱਸੇ ਵਜੋਂ ਵਿਕਸਤ ਕੀਤਾ ਗਿਆ ਹੈ।

ਇਸ ਰੇਲਵੇ ਲਾਈਨ ਦੀ ਮਦਦ ਨਾਲ ਮਾਰੂਤੀ ਸਾਲ ਵਿੱਚ ਆਪਣੀਆਂ 4.5 ਲੱਖ ਰੇਲਗੱਡੀਆਂ ਨੂੰ ਮੰਜ਼ਿਲ ਤੱਕ ਪਹੁੰਚਾਉਣ ਦੇ ਯੋਗ ਹੋਵੇਗੀ। ਇਹ ਪ੍ਰਾਜੈਕਟ ਸੰਯੁਕਤ ਉੱਦਮ ਕੰਪਨੀ ਹਰਿਆਣਾ ਔਰਬਿਟਲ ਰੇਲ ਕਾਰਪੋਰੇਸ਼ਨ ਲਿਮਟਿਡ ਵੱਲੋਂ ਚਲਾਇਆ ਜਾਵੇਗਾ। ਮਾਰੂਤੀ ਨੇ ਅੰਦਰੂਨੀ ਯਾਰਡ ਦੇ ਵਿਕਾਸ ਵਿੱਚ 127 ਕਰੋੜ ਰੁਪਏ ਖਰਚ ਕੀਤੇ ਹਨ। ਕੰਪਨੀ ਨੇ 325 ਕਰੋੜ ਰੁਪਏ ਖਰਚ ਕਰਨ ਦੀ ਜ਼ਿੰਮੇਵਾਰੀ ਲਈ ਹੈ। ਇਸ ਪੂਰੇ ਪ੍ਰਾਜੈਕਟ ਵਿੱਚ 452 ਕਰੋੜ ਰੁਪਏ ਖਰਚ ਕੀਤੇ ਜਾਣੇ ਹਨ। ਮਾਰੂਤੀ ਦੇ ਅੰਦਰ 46 ਏਕੜ ਵਿੱਚ ਫੈਲਿਆ ਹੋਇਆ ਰੇਲਵੇ ਸਾਈਡਿੰਗ ਇੱਕ ਪੂਰੀ ਤਰ੍ਹਾਂ ਬਿਜਲੀ ਵਾਲਾ ਕੋਰੀਡੋਰ ਹੈ। ਕੰਪਨੀ ਵਿੱਚ ਰੇਲਵੇ ਟਰੈਕ ਦੀ ਲੰਬਾਈ 8.2 ਕਿਲੋਮੀਟਰ ਹੈ। 126 ਕਿਲੋਮੀਟਰ ਲੰਬੀ ਪਟੜੀ ਸੋਨੀਪਤ ਨੂੰ ਪਲਵਲ ਤੋਂ ਖਰਖੋਂਡਾ, ਪਟਲੀ, ਮਾਨੇਸਰ ਅਤੇ ਸੋਹਨਾ ਰਾਹੀਂ ਜੋੜਦੀ ਹੈ। ਵਰਤਮਾਨ ਵਿੱਚ ਪਟਲੀ ਰੇਲਵੇ ਸਟੇਸ਼ਨ ਨੂੰ 5.7 ਕਿਲੋਮੀਟਰ ਦੇ ਟਰੈਕ ਰਾਹੀਂ ਮਾਨੇਸਰ ਵਿੱਚ ਪਲਾਂਟ ਨਾਲ ਜੋੜਿਆ ਗਿਆ ਹੈ।

ਪ੍ਰੋਗਰਾਮ ਦੇ ਉਦਘਾਟਨ ਦੇ ਮੌਕੇ 'ਤੇ ਕੇਂਦਰੀ ਰੇਲਵੇ ਸੂਚਨਾ ਪ੍ਰਸਾਰਣ ਅਤੇ ਇਲੈਕਟ ?ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ, ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਯਾਤਰੀਆਂ ਦੀਆਂ ਸਹੂਲਤਾਂ ਵੱਲ ਪੂਰਾ ਧਿਆਨ ਦਿੱਤਾ ਗਿਆ ਹੈ।


## ਪ੍ਰਤਾਪਗੜ੍ਹ ਕੂੜਾਘਰ ਵਿੱਚ ਕੂੜਾ ਸੁੱਟਣ ਤੋਂ ਹੰਗਾਮਾ

**ਫਰੀਦਾਬਾਦ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਦੱਖਣੀ ਹਿੱਸੇ ਵਿੱਚ ਪ੍ਰਤਾਪਗੜ੍ਹ ਪਿੰਡ ਕੋਲ ਕੂੜਾ ਘਰ ਵਿੱਚ ਅੱਜ ਨਗਰ ਨਿਗਮ ਵੱਲੋਂ ਕੂੜਾ ਸੁੱਟਣਾ ਸ਼ੁਰੂ ਕਰਨ ਦੌਰਾਨ ਸਥਾਨਕ ਲੋਕਾਂ ਨੇ ਹੰਗਾਮਾ ਕੀਤਾ ਅਤੇ ਉਨ੍ਹਾਂ ਕੂੜਾ ਇੱਥੇ ਨਾ ਸੁੱਟਣ ਦੀ ਮੰਗ ਕੀਤੀ। ਇਸ ਦੌਰਾਨ ਉਨ੍ਹਾਂ ਪ੍ਰਦਰਸ਼ਨ ਵੀ ਕੀਤਾ। ਪ੍ਰਤਾਪਗੜ੍ਹ ਵਿੱਚ ਡੰਪਿੰਗ ਯਾਰਡ ਦੇ ਖ਼ ?ਲਾਫ਼ ਪ੍ਰਦਰਸ਼ਨ ਕਰ ਰਹੇ ਲੋਕਾਂ ਨੂੰ ਪੁਲੀਸ ਨੇ ਹਿਰਾਸਤ ਵਿੱਚ ਲੈ ਲਿਆ। ਹਿਰਾਸਤ ਵਿੱਚ ਲਏ ਜਾਣ ਤੋਂ ਕੁਝ ਸਮੇਂ ਬਾਅਦ ਪੁਰਸ਼ਾਂ ਅਤੇ ਔਰਤਾਂ ਨੂੰ ਛੱਡ ਦਿੱਤਾ ਗਿਆ।

ਜ਼ਿਕਰ ਯੋਗ ਹੈ ਕਿ ਪ੍ਰਤਾਪਗੜ੍ਹ ਵਿੱਚ ਡੰਪਿੰਗ ਯਾਰਡ ਵਿੱਚ ਕੂੜਾ ਸੁੱਟਣ ਦੇ ਖਿਲਾਫ ਲੋਕ ਲੰਬੇ ਸਮੇਂ ਤੋਂ ਪ੍ਰਦਰਸ਼ਨ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਸਥਾਨਕ ਵਿਧਾਇਕ ਦੀ ਪ੍ਰਧਾਨਗੀ ਹੇਠ, ਪ੍ਰਸ਼ਾਸਨ ਅਤੇ ਲੋਕਾਂ ਵਿਚਕਾਰ ਕੂੜਾ ਨਾ ਸੁੱਟਣ ਬਾਰੇ ਆਪਸੀ ਸਹਿਮਤੀ ਬਣ ਗਈ ਸੀ। ਮਗਰੋਂ ਲੋਕਾਂ ਨੇ ਧਰਨਾ ਬੰਦ ਕਰ ਦਿੱਤਾ ਸੀ। ਹੁਣ ਫੇਰ ਲੋਕਾਂ ਨੇ ਕੂੜਾ ਸੁੱਟਣ 'ਤੇ ਮੁਜ਼ਾਹਰਾ ਸ਼ੁਰੂ ਕਰ ਦਿੱਤਾ।

## ਵਿਧਾਇਕ ਵੱਲੋਂ ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਨਾਲ ਮੁਲਾਕਾਤ



**ਸ਼ਾਹਬਾਦ ਮਾਰਕੰਡਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਨੇਸਰ ਦੇ ਵਿਧਾਇਕ ਅਸ਼ੋਕ ਅਰੋੜਾ ਨੇ ਯੂਥ ਕਾਂਗਰਸ ਦੇ ਨਵੇਂ ਚੁਣੇ ਗਏ ਜ਼ਿਲ੍ਹਾ ਪ੍ਰਧਾਨ ਕੁਲਦੀਪ ਢਿੱਲੋਂ ਤੇ ਉਨ੍ਹਾਂ ਦੀ ਟੀਮ ਵਿਚ ਸ਼ਾਮਲ ਨਵੇਂ ਚੁਣੇ ਗਏ ਬਲਾਕ ਪ੍ਰਧਾਨਾਂ ਨੂੰ ਵਧਾਈ ਦਿੱਤੀ ਤੇ ਉਮੀਦ ਪ੍ਰਗਟਾਈ ਕਿ ਇਹ ਸਾਰੇ ਆਹੁਦੇਦਾਰ ਯੁਵਾ ਸ਼ਕਤੀ ਨੂੰ ਕਾਂਗਰਸ ਪਾਰਟੀ ਨਾਲ ਜੋੜ ਕੇ ਸੰਗਠਨ ਨੂੰ ਹੋਰ ਮਜ਼ਬੂਤ ਕਰਨਗੇ। ਅਰੋੜਾ ਨੇ ਕਿਹਾ ਕਿ ਯੂਥ ਕਾਂਗਰਸ ਦੇ ਸਾਰੇ ਚੁਣੇ ਹੋਏ ਅਹੁਦੇਦਾਰ ਪਾਰਟੀ ਦੇ ਵਫਾਦਾਰ ਸਿਪਾਹੀ ਹਨ ਤੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਨਿਰੰਤਰ ਕੰਮ ਕਰਦੇ ਰਹਿਣਗੇ। ਅਰੋੜਾ ਨੇ ਸਾਰੇ ਨਵੇਂ ਚੁਣੇ ਗਏ ਮੁਖੀਆਂ ਦਾ ਮੂੰਹ ਮਿੱਠਾ ਕਰਾਇਆ ਤੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ। ਨਵੇਂ ਚੁਣੇ ਗਏ ਯੂਥ ਪ੍ਰਧਾਨ ਕੁਲਦੀਪ ਢਿੱਲੋਂ ਹਥੀਰਾ ਨੇ ਕਿਹਾ ਕਿ ਵਿਧਾਇਕ ਅਰੋੜਾ ਦੇ ਅਸ਼ੀਰਵਾਦ ਨਾਲ ਨਵੀਂ ਟੀਮ ਦੇ ਆਗੂ ਵੱਧ ਤੋਂ ਵੱਧ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨਗੇ। ਹਥੀਰਾ ਨੇ ਦੱਸਿਆ ਕਿ ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਲਈ ਵੋਟਾਂ ਫਰਵਰੀ ਵਿੱਚ ਪਈਆਂ ਸਨ, ਜਿਸ ਦਾ ਨਤੀਜਾ ਅੱਜ ਐਲਾਨਿਆ ਗਿਆ ਹੈ। ਇਸ ਵਿੱਚ ਉਹ 900 ਵੋਟਾਂ ਪ੍ਰਾਪਤ ਕਰਕੇ ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਚੁਣੇ ਗਏ ਹਨ। ਜਦਕਿ ਬਲਾਕ ਮੁਖੀ ਸਾਰੇ ਸਰਬਸੰਮਤੀ ਨਾਲ ਚੁਣੇ ਗਏ ਹਨ। ਇਸ ਮੌਕੇ ਯੂਥ ਕਾਂਗਰਸ ਆਗੂ ਹਿੰਮਾਸ਼ੂ ਅਰੋੜਾ ਹਨੀ, ਸਾਬਕਾ ਨਗਰ ਕੌਂਸਲਰ ਓਮ ਪ੍ਰਕਾਸ਼, ਸੁਭਾਸ਼ ਪਾਲੀ, ਸਾਬਕਾ ਸਰਪੰਚ ਟੇਕ ਚੰਦ ਬਾਰਨਾ, ਵਿਵੇਕ ਭਾਰਦਵਾਜ ਸੌਰਭ ਗਰਗ ਨੇ ਨਵੇਂ ਚੁਣੇ ਗਏ ਪ੍ਰਧਾਨ ਕੁਲਦੀਪ ਢਿੱਲੋਂ ਹਥੀਰਾ ਤੇ ਉਨਾਂ ਦੀ ਟੀਮ ਨੂੰ ਵਧਾਈ ਦਿੱਤੀ।

# ਜੀਜੇ ਨੂੰ ਕੁੱਟਣ ਦੇ ਦੋਸ਼ ਹੇਠ ਗ੍ਰਿਫ਼ਤਾਰ

**ਰਤੀਆ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਪੁਲੀਸ ਨੇ ਇਕ ਵਿਅਕਤੀ ਨੂੰ ਉਸ ਦੇ ਜੀਜੇ ਨਾਲ ਕੁੱਟਮਾਰ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਗੁਰਪ੍ਰੀਤ ਸਿੰਘ ਵਾਸੀ ਪਿੰਡ ਸਰਦਾਰੇਵਾਲਾ ਵਜੋਂ ਹੋਈ।

ਥਾਣਾ ਸਦਰ ਰਤੀਆ ਇੰਚਾਰਜ ਰਾਜਬੀਰ ਸਿੰਘ ਨੇ ਜਾਦੱਸਿਆ ਕਿ ਇਹ ਮਾਮਲਾ 3 ਜੂਨ ਨੂੰ ਪਿੰਡ ਬਲਿਆਲਾ ਵਾਸੀ ਮਨਦੀਪ ਸਿੰਘ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਸੀ। ਸ਼ਿਕਾਇਤਕਰਤਾ ਅਨੁਸਾਰ ਉਸ ਦਾ ਵਿਆਹ ਲਗਪਗ ਚਾਰ ਸਾਲ ਪਹਿਲਾਂ ਪਿੰਡ ਸਰਦਾਰੇਵਾਲਾ ਵਾਸੀ ਜੋਤੀ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਉਸ ਦੀ ਪਤਨੀ ਜ਼ਿਆਦਾ ਸਮਾਂ ਆਪਣੇ ਭਰਾ ਗੁਰਪ੍ਰੀਤ ਸਿੰਘ ਕੋਲ ਹੀ ਰਹਿੰਦੀ ਸੀ। ਦੋ ਮਹੀਨੇ ਪਹਿਲਾਂ ਜੋਤੀ ਆਪਣੇ ਪੇਕੇ ਆਈ ਅਤੇ ਮਨਦੀਪ ਨੂੰ ਕਿਹਾ ਕਿ ਹੁਣ ਉਸ ਨੂੰ ਵੀ ਪੇਕੇ ਵਿਚ ਹੀ ਰਹਿਣਾ ਹੋਵੇਗਾ, ਜਿਸ 'ਤੇ ਮਨਦੀਪ ਨੇ ਅਸਹਿਮਤੀ ਪ੍ਰਗਟਾਈ।

2 ਜੂਨ ਨੂੰ ਜੋਤੀ ਨੇ ਫੋਨ ਕਰਕੇ ਮਨਦੀਪ ਨੂੰ ਉਸ ਨੂੰ ਲੈਣ ਲਈ ਬੁਲਾਇਆ। ਜਦੋਂ ਮਨਦੀਪ ਆਪਣੇ ਮਿੱਤਰ ਬਲਜੀਤ ਸਿੰਘ ਨਾਲ ਪਿੰਡ ਸਰਦਾਰੇਵਾਲਾ ਪਹੁੰਚਿਆ, ਤਾਂ ਉਥੇ ਉਸ ਦੀ ਪਤਨੀ ਮੌਜੂਦ ਨਹੀਂ ਸੀ। ਉਥੇ ਉਸ ਦੇ ਸਾਲੇ ਗੁਰਪ੍ਰੀਤ ਸਿੰਘ, ਮਾਸੀ ਦਾ ਪੁੱਤਰ ਸੇਵਕ ਸਿੰਘ ਅਤੇ ਉਨ੍ਹਾਂ ਦੇ ਤਿੰਨ ਹੋਰ ਸਾਥੀ ਮੌਜੂਦ ਸਨ।

ਉਸ ਨੇ ਦੋਸ਼ ਲਾਇਆ ਕਿ ਇਨ੍ਹਾਂ ਸਭ ਨੇ ਮਿਲ ਕੇ ਮਨਦੀਪ ਨੂੰ ਫੜ ਲਿਆ ਅਤੇ ਕਮਰੇ ਵਿਚ ਬੰਦ ਕਰਕੇ ਉਸ ਨਾਲ ਬੇਰਹਿਮੀ ਨਾਲ ਕੁੱਟਮਾਰ ਕੀਤੀ। ਜਦੋਂ ਬਲਜੀਤ ਸਿੰਘ ਵਿਆਹ ਤੋਂ ਬਾਅਦ ਉਸ ਦੀ ਪਤਨੀ ਜ਼ਿਆਦਾ ਸਮਾਂ ਆਪਣੇ ਭਰਾ ਗੁਰਪ੍ਰੀਤ ਸਿੰਘ ਕੋਲ ਹੀ ਰਹਿੰਦੀ ਸੀ।

ਦੋ ਮਹੀਨੇ ਪਹਿਲਾਂ ਜੋਤੀ ਆਪਣੇ ਪੇਕੇ ਆਈ ਅਤੇ ਮਨਦੀਪ ਨੂੰ ਕਿਹਾ ਕਿ ਹੁਣ ਉਸ ਨੂੰ ਵੀ ਪੇਕੇ ਵਿਚ ਹੀ ਰਹਿਣਾ ਹੋਵੇਗਾ, ਜਿਸ 'ਤੇ ਮਨਦੀਪ ਨੇ ਅਸਹਿਮਤੀ ਪ੍ਰਗਟਾਈ।

# ਝੋਨੇ ਦੀ ਫ਼ਸਲ ਵਿਚ ਸਿਫਾਰਸ਼ਸ਼ੁਦਾ ਦੀ ਖਾਦਾਂ ਦੀ ਹੀ ਵਰਤੋਂ ਕੀਤੀ ਜਾਵੇ : ਮੁੱਖ ਖੇਤੀਬਾੜੀ ਅਫਸਰ

**ਗੁਰਦਾਸਪੁਰ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

:ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਜੀ ਦੇ ਹੁਕਮਾਂ ਤੇ ਕਿਸਾਨਾਂ ਨੂੰ ਮਿਆਰੀ ਖੇਤੀ ਸਮੱਗਰੀ ਖਾਸ ਕਰਕੇ ਹਾੜੀ ਦੀਆਂ ਫਸਲਾਂ ਦੀ ਕਾਸ਼ਤ ਲਈ ਲੋੜੀਂਦੀਆਂ ਖਾਦਾਂ ਮੁਹੱਈਆ ਕਰਵਾਉਣ ਦੇ ਮੰਤਵ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਜਿਲ੍ਹਾ ਗੁਰਦਾਸਪੁਰ ਵਿੱਚ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਜ਼ਿਲ੍ਹਾ ਪੱਧਰੀ ਟੀਮ ਵਲੋਂ ਬਲਾਕ ਦੀਨਾਨਗਰ ਅਤੇ ਕਾਹਨੂੰਵਾਨ ਦੇ ਪੇਂਡੂ ਖੇਤਰਾਂ ਵਿਚ ਖਾਦ ਵਿਕ੍ਰੇਤਾਵਾਂ ਦੀਆਂ ਦੁਕਾਨਾਂ ਅਤੇ ਗੋਦਾਮਾਂ ਦੀ ਚੈਕਿੰਗ ਕੀਤੀ ਗਈ ਤਾਂ ਜੋ ਯੂਰੀਆ ਖਾਦ ਦੀ ਕਾਲਾਬਜ਼ਾਰੀ ਜਾਂ ਜਮਾਂਖੋਰੀ ਨੂੰ ਰੋਕਿਆ ਜਾ ਸਕੇ।। ਇਸ ਟੀਮ ਦੀ ਅਗਵਾਈ ਡਾਕਟਰ ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਨੇ ਕੀਤੀ ਅਤੇ ਟੀਮ ਵਿਚ ਹੋਰਨਾਂ ਤੋਂ ਇਲਾਵਾ ਡਾ. ਮਨਪ੍ਰੀਤ ਸਿੰਘ ਖੇਤੀਬਾੜੀ ਅਫ਼ਸਰ, ਡਾਕਟਰ ਗੁਰਪ੍ਰੀਤ ਸਿੰਘ , ਡਾਕਟਰ ਬਲਜਿੰਦਰ ਸਿੰਘ ਖ਼ੇਤੀਬਾੜੀ ਅਫ਼ਸਰ ਅਤੇ ਡਾ. ਅੰਮ੍ਰਿਤਪਾਲ ਸਿੰਘ ਖੇਤੀਬਾੜੀ ਵਿਕਾਸ ਅਫਸਰ ਅਤੇ ਹੋਰ ਅਧਿਕਾਰੀ ਸ਼ਾਮਿਲ ਸਨ।

ਗੱਲਬਾਤ ਕਰਦਿਆਂ ਮੁੱਖ ਖੇਤੀਬਾੜੀ ਅਫਸਰ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਜ਼ਿਲਾ ਗੁਰਦਾਸਪੁਰ ਵਿਚ ਝੋਨੇ ਦੀ ਲਵਾਈ ਦਾ ਕੰਮ ਪੂਰੇ ਜ਼ੋਰਾਂ ਸ਼ੋਰਾਂ ਨਾਲ ਚਲ ਰਿਹਾ ਹੈ ਜੋ ਅਗਲੇ ਕੁਝ ਦਿਨਾਂ ਦੌਰਾਨ ਮੁਕੰਮਲ ਹੋ ਜਾਵੇਗਾ ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਸਰਕਾਰ ਵਲੋਂ ਨਿਰਧਾਰਿਤ ਮੁੱਲ ਤੇ ਖੇਤੀ ਸਮਗਰੀ ਖਾਸ ਕਰਕੇ ਖਾਦਾ ਉਪਲਬਧ ਕਰਵਾਉਣ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਖਾਦ ਵਿਕ੍ਰੇਤਾਵਾਂ ਦੇ ਕਾਰੋਬਾਰ ਨਾਲ ਸਬੰਧਤ



ਦੁਕਾਨਾਂ ਅਤੇ ਗੁਦਾਮਾਂ ਦੀ ਚੈਕਿੰਗ ਤੋਂ ਇਲਾਵਾ ਕਾਗਜ਼ਾਤ ਦੀ ਵੀ ਚੈਕਿੰਗ ਕੀਤੀ ਜਾ ਰਹੀ ਹੈ ।ਉਨ੍ਹਾਂ ਦੱਸਿਆ ਕਿ ਝੋਨੇ ਦੀ ਫ਼ਸਲ ਦੀ ਲਵਾਈ ਨੂੰ ਦੇਖਦਿਆਂ ਖਾਦਾਂ ਜਿਵੇਂ ਯੂਰੀਆ ਆਦਿ ਦੇ ਅਗਾਂਹ ਪ੍ਰਬੰਧ ਕੀਤੇ ਗਏ ਹਨ ਤਾਂ ਜੋਂ ਕਿਸੇ ਕਿਸਾਨ ਨੂੰ ਖਾਦ ਦੀ ਖਰੀਦ ਸਮੇਂ ਕੋਈ ਮੁਸ਼ਕਲ ਪੇਸ਼ ਨਾਂ ਆਵੇ ।ਉਨ੍ਹਾਂ ਦੱਸਿਆ ਕਿ ਜੂਨ 2025 ਤਕ ਕੁੱਲ 62 ਹਜ਼ਾਰ ਮੀਟ੍ਰਿਕ ਟਨ ਯੂਰੀਆ ਅਤੇ 14500 ਮੀਟ੍ਰਿਕ ਟਨ ਡੀ ਏ ਪੀ ਖਾਦ ਚਾਹੀਦੀ ਹੈ ਜਦ ਕਿ ਮਿਤੀ 17 ਜੂਨ ਤੱਕ ਜ਼ਿਲਾ ਗੁਰਦਾਸਪੁਰ ਵਿਚ 51639 ਮੀਟ੍ਰਿਕ ਟਨ ਯੂਰੀਆ ਅਤੇ 6137 ਮੀਟ੍ਰਿਕ ਟਨ ਡੀ ਏ ਪੀ ਖਾਦ ਪਹੁੰਚ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਵਲੋਂ ਫ਼ਸਲ ਨੂੰ ਫਾਸਫੋਰਸ ਖੁਰਾਕੀ ਤੱਤ ਦੀ ਪੂਰਤੀ ਲਈ ਡੀ ਏ ਪੀ ਅਤੇ ਸਿੰਗਲ ਸੁਪਰ ਫਾਸਫੇਟ ਖਾਦ ਦੀ ਲਵਾਈ ਤੋਂ 3-4 ਦਿਨਾਂ ਬਾਅਦ ਛੱਟੇ ਨਾਲ ਵਰਤੋਂ ਕੀਤੀ ਜਾਂਦੀ ਹੈ।ਉਨਾਂ ਦੱਸਿਆ ਕਿ ਵਧੇਰੇ ਫਾਸਫੋਰਸ ਖੁਰਾਕੀ ਤੱਤ ਦੀ ਵਰਤੋਂ ਕਰਾਂਗੇ ਤਾਂ ਫ਼ਸਲ ਵਿਚ ਜ਼ਿੰਕ ਦੀ ਘਾਟ ਆਵੇਗੀ ਕਿਉਂਕਿ ਜ਼ਿਆਦਾ ਫਾਸਫੋਰਸ ਖੁਰਾਕੀ ਤੱਤ, ਮਿੱਟੀ ਵਿੱਚ ਮੌਜੂਦ ਜ਼ਿੰਕ ਨੂੰ ਪੌਦਿਆਂ ਲਈ ਨਾਂ ਵਰਤੋਂਯੋਗ ਹਾਲਤ ਵਿੱਚ ਕਰ ਦਿੰਦਾ ਹੈ ।ਉਨ੍ਹਾਂ ਕਿਹਾ ਕਿ ਜੇਕਰ ਕਣਕ ਦੀ ਫ਼ਸਲ ਨੂੰ ਇੱਕ ਬੋਰੀ ਡੀ ਏ ਪੀ ਖਾਦ ਪਾਈ ਗਈ ਸੀ ਤਾਂ ਝੋਨੇ ਜਾਂ ਬਾਸਮਤੀ ਦੀ ਫ਼ਸਲ ਨੂੰ ਡੀ ਏ ਪੀ ਖਾਦ ਪਾਉਣ ਦੀ ਜ਼ਰੂਰਤ ਨਹੀਂ । ਉਨ੍ਹਾਂ ਕਿਹਾ ਕਿ ਬਾਜ਼ਾਰ ਵਿਚ ਆਮ ਕਿਸਾਨ ਡੀ ਏ ਪੀ ਦੇ ਬਦਲ ਵਜੋਂ ਸਿੰਗਲ ਸੁਪਰ ਫਾਸਫੇਟ ਅਤੇ ਹੋਰ ਫਾਸਫੈਟਿਕ ਖਾਦਾਂ ਦੀ ਵੀ ਵਰਤੋਂ ਕਰ ਰਹੇ ਉਨ੍ਹਾਂ ਦੱਸਿਆ ਬਾਜ਼ਾਰ ਵਿਚ ਸੁਪਰ ਜਿਪਸਮ ਦੇ ਨਾਮ ਤੇ ਜਿੱਪਸਮ ਦੀ ਵਿਕਰੀ ਹੋ ਰਹੀ ਹੈ ਜਿਸ ਨੂੰ ਬਤੌਰ ਸਿੰਗਲ ਸੁਪਰ ਫਾਸਫੇਟ ਨਾਂ ਪਾਇਆ ਜਾਵੇ।ਉਨ੍ਹਾਂ ਖਾਦ ਵਿਕ੍ਰੇਤਾਵਾਂ ਨੂੰ ਹਦਾਇਤ ਕਿ ਸੁਪਰ ਜਿਪਸਮ ਨੂੰ ਜਿਪਸਮ ਦੇ ਤੌਰ ਤੇ ਹੀ ਵੇਚਿਆ ਜਾਵੇ ਨਾਂ ਕਿ ਸਿੰਗਲ ਸੁਪਰ ਫੋਸਫੇਟ। ਉਨਾਂ ਦੱਸਿਆ ਕਿ ਕਿਸਾਨ ਖਾਦ (12:32:16) ਦੀ ਵਰਤੋਂ ਵੀ ਡੀ ਏ ਪੀ ਦੇ ਬਦਲ ਵੱਜੋਂ ਕੀਤੀ ਜਾ ਸਕਦੀ ਹੈ ।ਉਨਾਂ ਦੱਸਿਆ ਕਿ ਇਸ ਤੋਂ ਇਲਾਵਾ ਬਾਜ਼ਾਰ ਵਿੱਚ ਮੌਜੂਦ ਹੋਰ ਫਾਸਫੈਟਿਕ ਖਾਦਾਂ ਵੀ ਵਰਤੀਆਂ ਜਾ ਸਕਦੀਆਂ ਹਨ ।ਉਨਾਂ ਖਾਦ ਵਿਕ੍ਰੇਤਾਵਾਂ ਨੂੰ ਹਦਾਇਤ ਕੀਤੀ ਕਿ ਪੌਸ ਮਸ਼ੀਨਾਂ ਵਿੱਚ ਮੌਜੂਦ ਵਿਕਰੀ ਕੀਤੀ ਖਾਦ ਦਾ ਸਟਾਕ ਨਿਲ ਕੀਤੀ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਪੌਸ ਮਸ਼ੀਨਾਂ ਅਤੇ ਦੁਕਾਨ ਤੇ ਅਣਵਿਕੀ ਖਾਦ ਦਾ ਸਟਾਕ ਇਕਸਾਰ ਹੋਵੇ ਤਾਂ ਜੋ ਜ਼ਰੂਰਤ ਅਨੁਸਾਰ ਭਾਰਤ ਸਰਕਾਰ ਤੋਂ ਡੀ ਏ ਪੀ ਖਾਦ ਮਿਲ ਸਕੇ ।ਉਨਾਂ ਸਮੂਹ ਡੀਲਰਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਆਪਣੇ ਲਾਇਸੰਸ ਅਤੇ ਹੋਰ ਜਰੂਰੀ ਦਸਤਾਵੇਜ ਪੂਰੇ ਕਰਕੇ ਰੱਖਣ ਅਤੇ ਇਸ ਵਿੱਚ ਕਿਸੇ ਵੀ ਤਰ੍ਹਾ ਦੀ ਕੁਤਾਹੀ ਨਾ ਵਰਤੀ ਜਾਵੇ ਅਤੇ ਸਟਾਕ ਬੋਰਡ ਉੱਪਰ ਰੋਜਾਨਾਂ ਖਾਦ ਦਾ ਸਟਾਕ ਅਤੇ ਰੇਤ ਲਿਖਿਆ ਜਾਵੇ ।ਉਨਾਂ ਕਿਹਾ ਕਿ ਡੀਲਰਾਂ ਵੱਲੋਂ ਕਿਸਾਨਾਂ ਨੂੰ ਜੋ ਵੀ ਖੇਤੀ ਸਮੱਗਰੀ ਦੀ ਵਿਕਰੀ ਕੀਤੀ ਜਾਂਦੀ ਹੈ , ਉਸ ਦਾ ਪੱਕਾ ਬਿੱਲ ਕੱਟ ਕੇ ਦਿੱਤਾ ਜਾਵੇ ਅਤੇ ਕੇਵਲ ਲੋੜੀਂਦੀ ਸਮੱਗਰੀ ਹੀ ਕਿਸਾਨਾਂ ਨੂੰ ਵਿਕਰੀ ਕੀਤੀ ਜਾਵੇ ਅਤੇ ਕੋਈ ਹੋਰ ਬੇਲੋੜੀਆਂ ਵਸਤਾਂ ਕਿਸਾਨਾਂ ਨੂੰ ਨਾ ਦਿੱਤੀਆਂ ਜਾਣ ।ਉਨਾਂ ਕਿਹਾ ਕਿ ਚੈਕਿੰਗ ਦੌਰਾਨ ਜੇਕਰ ਕੋਈ ਦੁਕਾਨਦਾਰ ਬਗੈਰ ਬਿੱਲ ਤੋਂ ਖਾਦ,ਦਵਾਈ ਜਾਂ ਬੀਜ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ।ਉਨਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਖਾਦ,ਕੀਟਨਾਸ਼ਕ ਰਸਾਇਣ ਜਾਂ ਬੀਜ ਖ ?ਰੀਦਣ ਸਮੇਂ ਦੁਕਾਨਦਾਰ ਤੋਂ ਬਿੱਲ ਜ਼ਰੂਰ ਲੈਣ ਅਤੇ ਜੇਕਰ ਕੋਈ ਡੀਲਰ ਬਿੱਲ ਦੇਣ ਤੋਂ ਇਨਕਾਰੀ ਹੁੰਦਾ ਹੈ ਤਾਂ ਉਸ ਦੀ ਲਿਖਤੀ ਤੌਰ ਤੇ ਸ਼ਿਕਾਇਤ ਸੰਬੰਧਤ ਖੇਤੀਬਾੜੀ ਅਧਿਕਾਰੀ ਜਾਂ ਮੁੱਖ ਖੇਤੀਬਾੜੀ ਅਫਸਰ ਨੂੰ ਕਰਨ।

# ਫਰੀ ਲੀਗਲ ਏਡ, ਮੀਡੀਏਸ਼ਨ ਸੈਂਟਰ, ਵਿਕਟਮ ਕੰਮਪਨਸੇਸ਼ਨ, ਪਰਮਾਨੈਂਟ ਲੋਕ ਅਦਾਲਤ, ਨਾਲਸਾ ਦੀਆਂ ਸਕੀਮਾਂ ਸਬੰਧੀ ਲਗਾਇਆ ਸੈਮੀਨਾਰ

**ਅੰਮ੍ਰਿਤਸਰ 20 ਜੂਨ**
**-ਰੁਪੇਸ਼ ਸ਼ਰਮਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਸ਼੍ਰੀ ਕੰਵਲਜੀਤ ਸਿੰਘ ਬਾਜਵਾ ਅਤੇ ਸ਼੍ਰੀਮਤੀ ਸ਼ਿਲਪਾ ਚੀਫ ਜੁਡੀਸ਼ੀਅਲ ਮਜਿਸਟਰੇਟ ਕੰਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਐਡਵੋਕੇਟ ਸ਼ਰਨਪਾਲ ਸਿੰਘ ਚੌਹਾਨ ਅਤੇ ਪੀਐਲਵੀ ਅਮਿਤ ਮਰਵਾਹਾ ਵੱਲੋਂ ਫਰੀ ਲੀਗਲ ਏਡ, ਮੀਡੀਏਸ਼ਨ ਸੈਂਟਰ, ਵਿਕਟਮ ਕੰਮਪਨਸੇਸ਼ਨ, ਪਰਮਾਨੈਂਟ ਲੋਕ ਅਦਾਲਤ, ਨਾਲਸਾ ਦੀਆਂ ਸਕੀਮਾਂ ਅਤੇ ਨੈਸ਼ਨਲ ਲੋਕ ਅਦਾਲਤ ਸੰਬੰਧੀ ਪਿੰਡ ਖਵਾਸਪੁਰ, ਪਿੰਡੀਆ ਅਤੇ ਭਰੋਵਾਲ ਵਿਖੇ ਸੈਮੀਨਾਰ ਲਗਾਇਆ ਗਿਆ।

ਇਸ ਸੈਮੀਨਾਰ ਵਿੱਚ ਐਡਵੋਕੇਟ ਸ਼ਰਨਪਾਲ ਸਿੰਘ ਚੌਹਾਨ ਨੇ ਦੱਸਿਆ ਕਿ ਪੰਜਾਬ ਦੇ ਅਪਰਾਧ ਪੀੜਤਾਂ ਅਤੇ ਉਹਨਾਂ ਤੇ ਨਿਰਭਰਾਂ ਲਈ ਮੁਆਵਜ਼ਾ ਸਕੀਮ, 2011 ਇਸ ਸਕੀਮ ਦੇ ਤਹਿਤ ਅਪਰਾਧ ਪੀੜਤ ਮੁਆਵਜ਼ਾ ਕਮੇਟੀ ਦਾ ਜ਼ਿਲ੍ਹਾ ਅਤੇ ਰਾਜ ਪੱਧਰ ਤੇ ਗਠਨ ਕੀਤਾ ਗਿਆ ਹੈ। ਐਡਵੋਕੇਟ ਸ਼ਰਨਪਾਲ ਸਿੰਘ ਚੌਹਾਨ ਨੇ ਦੱਸਿਆ ਕਿ ਮੁਆਵਜ਼ੇ ਦੇ ਹੱਕਦਾਰ ਕੌਣ ਹੁੰਦੇ ਹਨ ਜਿਵੇਂ ਕਿ ਜੇਕਰ ਅਪਰਾਧ ਪੀੜਤ ਜਾਂ ਉਸ ਤੇ ਨਿਰਭਰ ਵਿਅਕਤੀ ਹੇਠ ਮਾਪਦੰਡ ਪੂਰੇ ਕਰਦੇ ਹਨ, ਉਹ ਮੁਆਵਜ਼ੇ ਦੇ ਹੱਕਦਾਰ ਹਨ। ਵਕੀਲ ਸਾਹਿਬ ਜੀ ਨੇ ਦੱਸਿਆ ਕਿ ਕਿਹੜੇ ਕਿਹੜੇ ਅਪਰਾਧਾਂ ਵਿੱਚ ਮੁਆਵਜ਼ਾ ਮਿਲ ਸਕਦਾ ਹੈ ਜਿਵੇ ਕਿ ਮੌਤ, ਬਲਾਤਕਾਰ, ਬਲਾਤਕਾਰ ਦੇ ਨਾਲ ਕਤਲ, ਮਨੁੱਖੀ ਤਸਕਰੀ ਦੇ ਪੀੜਤ, ਬੱਚਿਆਂ ਦੇ ਸ਼ੋਸ਼ਣ ਅਤੇ ਅਗਵਾ, ਬੱਚੇ ਨੂੰ ਸਧਾਰਨ ਨੁਕਸਾਨ ਜਾਂ ਚੋਟ, ਔਰਤਾਂ ਅਤੇ ਬੱਚਿਆਂ ਦੇ ਮੁੜ ਵਸੇਬੇ ਲਈ, ਤੇਜਾਬ ਹਮਲੇ ਦੀ ਪੀੜਤ (1. ਚਿਹਰੇ ਦਾ ਰੂਪ ਵਿਗੜਨ 2. ਚੋਟ ਦੇ ਹੋਰ ਮਾਮਲੇ), ਸਰੀਰ ਦੇ ਕਿਸੇ ਹਿੱਸੇ/ਲਿੰਗ ਦੇ ਨੁਕਸਾਨ ਵਜੇ 40% ਜਾਂ ਉਸ ਤੋਂ ਉੱਪਰ ਦੀ ਅਪੰਗਤਾ ਆਦਿ।

ਜਿਆਦਾ ਜਾਣਕਾਰੀ ਲਈ ਟੋਲ ਫ੍ਰੀ ਨੰਬਰ 1968 ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤਰਨ ਤਾਰਨ ਦੇ ਨੰਬਰ 01852-223291 ਤੋਂ ਜਾਣਕਾਰੀ ਲਈ ਜਾ ਸਕਦੀ ਹੈ।

# ਬਹਾਦਰੀ ਪੁਰਸਕਾਰ ਲਈ 5 ਅਕਤੂਬਰ ਤੱਕ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ ਅਰਜ਼ੀਆਂ

**ਹੁਸ਼ਿਆਰਪੁਰ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ-ਕਮ-ਪ੍ਰਧਾਨ, ਜ਼ਿਲ੍ਹਾ ਰੈੱਡ ਕ੍ਰਾਸ ਸੁਸਾਇਟੀ ਆਸ਼ਿਕਾ ਜੈਨ ਨੇ ਦੱਸਿਆ ਕਿ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਇੰਡੀਅਨ ਕੌਂਸਲ ਫਾਰ ਚਾਈਲਡ ਵੈਲਫੇਅਰ (ਆਈ.ਸੀ.ਸੀ.ਡਬਲਯੂ) ਦੁਆਰਾ ਬਹਾਦਰੀ ਵਾਲੇ ਕਾਰਮਾਨੇ ਕਰਨ ਵਾਲੇ ਬੱਚਿਆ ਅਤੇ ਯੁਵਾਵਾਂ ਨੂੰ ਬਹਾਦਰੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾਣਾ ਹੈ। ਜਿਸ ਸਬੰਧੀ ਬਾਲ ਪੁਰਸਕਾਰ ਲਈ ਬਿਨੈਕਾਰਾਂ ਦੀ ਉਮਰ 6 ਤੋਂ 18 ਸਾਲ ਅਤੇ ਯੁਵਾ ਪੁਰਸਕਾਰ ਲਈ 18 ਤੋਂ 24 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ।ਬਹਾਦਰੀ ਪੁਰਸਕਾਰ ਲਈ 5 ਅਕਤੂਬਰ, 2025 ਤੱਕ ਅਰਜ਼ੀਆਂ ਜਮ੍ਹਾ ਕਰਵਾਈਆਂ ਜਾ ਸਕਦੀਆਂ ਹਨ।

ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਜਿਹੜੇ ਬੱਚਿਆਂ ਜਾਂ ਨੌਜਵਾਨਾਂ ਵੱਲੋਂ 1 ਜੁਲਾਈ, 2024 ਤੋਂ 30 ਸਤੰਬਰ 2025 ਦੇ ਵਿਚਕਾਰ ਕਿਸੇ ਬੱਚੇ ਨੂੰ ਡੁੱਬਣ ਤੋਂ ਬਚਾਉਣ, ਜੰਗਲੀ ਜਾਨਵਰਾਂ ਦੇ ਹਮਲਿਆਂ ਤੋਂ ਬਚਾਉਣ ਵਰਗੇ ਬਹਾਦਰੀ ਭਰੇ ਕੰਮ ਕੀਤੇ ਹਨ। ਉਨ੍ਹਾਂ ਵਿਚ ਜਾਨਲੇਵਾ ਜ਼ੋਖ਼ਮ, ਸਰੀਰਕ ਸੱਟ ਦੇ ਖ਼ਤਰੇ ਨੂੰ ਝੱਲਣ ਦੀ ਦਲੇਰੀ ਹੈ। ਇਸ ਤੋਂ ਇਲਾਵਾ ਅਜਿਹੇ ਬੱਚਿਆਂ ਅਤੇ ਯੁਵਾਵਾਂ ਵਿਚ ਸਮਾਜਿਕ ਬੁਰਾਈਆਂ ਜਾਂ ਅਪਰਾਧ ਵਿਰੁੱਧ ਖੜ੍ਹੇ ਹੋਣ ਦੀ ਨਿਰਸਵਾਰਥ ਹਿੰਮਤ ਹੈ। ਜਿਸ ਲਈ ਇਨ੍ਹਾਂ ਬੱਚਿਆਂ ਅਤੇ ਯੁਵਾਵਾਂ ਨੂੰ ਸਨਮਾਨਿਆ ਜਾਣਾ ਹੈ।

ਸਕੱਤਰ ਜ਼ਿਲ੍ਹਾ ਰੈੱਡ ਕ੍ਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਬਾਲ ਪੁਰਸਕਾਰ ਲਈ ਬਿਨੈਕਾਰਾਂ ਦੀਆਂ ਅਰਜ਼ੀਆਂ, ਬਿਨੈਕਾਰ ਦੇ ਸਕੂਲ ਪ੍ਰਿੰਸੀਪਲ ਜਾਂ ਹੈੱਡਮਾਸਟਰ, ਰਾਜ/ਯੂ.ਟੀ ਬਾਲ ਭਲਾਈ ਕੌਂਸਲ ਦੇ ਪ੍ਰਧਾਨ/ਜਨਰਲ ਸਕੱਤਰ/ਅਹੁਦੇਦਾਰ, ਸਕੱਤਰ, ਰੈੱਡ ਕ੍ਰਾਸ ਸੁਸਾਇਟੀ ਜਾਂ ਕਿਸੇ ਸੇਵਾਮੁਕਤ ਸਰਕਾਰੀ ਅਧਿਕਾਰੀ ਦੁਆਰਾ ਸਿਫਾਰਸ਼ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਦੱਸਿਆ ਕਿ ਆਈ.ਸੀ.ਸੀ.ਡਬਲਿਊ ਭਾਰਤ ਪੁਰਸਕਾਰ ਵਿਚ ਰਕਮ 1,00,000 ਰੁਪਏ ਦਾ ਨਕਦ ਇਨਾਮ, ਆਈ.ਸੀ.ਸੀ.ਡਬਲਯੂ ਧਰੁਵ ਪੁਰਸਕਾਰ, ਮਾਰਕੰਡੇ ਪੁਰਸਕਾਰ, ਸ਼ਰਵਣ ਪੁਰਸਕਾਰ, ਪ੍ਰਹਿਲਾਦ ਪੁਰਸਕਾਰ, ਏਕਲਵਿਆ ਪੁਰਸਕਾਰ ਅਤੇ ਅਭਿਮੰਨਿਊ ਪੁਰਸਕਾਰ ਵਿਚ 75,000 ਰੁਪਏ ਅਤੇ ਜਨਰਲ ਪੁਰਸਕਾਰਾਂ ਵਿਚ 40,000 ਰੁਪਏ ਇਕ ਤਗਮਾ (ਸੋਨਾ ਜਾਂ ਚਾਂਦੀ) ਅਤੇ ਇਕ ਸਰਟੀਫਿਕੇਟ ਸ਼ਾਮਿਲ ਹੈ। ਚਾਹਵਾਨ ਉਮੀਦਵਾਰ ਫਾਰਮ ਭਰਨ ਅਤੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਕਿਸੇ ਵੀ ਕੰਮ-ਕਾਜ ਵਾਲੇ ਦਿਨ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਰੈਡ ਕਰਾਸ ਦਫ਼ਤਰ, ਹੁਸ਼ਿਆਰਪੁਰ ਵਿਖੇ ਸੰਪਰਕ ਕਰ ਸਕਦੇ ਹਨ।

# ਗਾਜ਼ਾ ਵਿੱਚ ਕਤਲੇਆਮ ਖ਼ਿਲਾਫ਼ ਮੁਜ਼ਾਹਰਾ




**ਯਮੁਨਾਨਗਰ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਮਿਊਨਿਸਟ ਪਾਰਟੀ ਅਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਵਰਕਰ ਅੱਜ ਜ਼ਿਲ੍ਹਾ ਸਕੱਤਰ ਧਰਮਪਾਲ ਚੌਹਾਨ ਅਤੇ ਸੀਪੀਐੱਮ ਜ਼ਿਲ੍ਹਾ ਸਕੱਤਰ ਪਿਆਰੇਲਾਲ ਤੰਵਰ ਦੀ ਪ੍ਰਧਾਨਗੀ ਹੇਠ ਅਨਾਜ ਮੰਡੀ ਗੇਟ 'ਤੇ ਇਕੱਠੇ ਹੋਏ। ਵਰਕਰਾਂ ਨੇ ਧਰਨਾ ਪ੍ਰਦਰਸ਼ਨ ਕੀਤਾ ਅਤੇ ਐੱਸਡੀਐੱਮ ਰਾਹੀਂ ਭਾਰਤ ਦੇ ਰਾਸ਼ਟਰਪਤੀ ਨੂੰ ਮੰਗ ਪੱਤਰ ਭੇਜਿਆ ਜਿਸ ਵਿੱਚ ਗਾਜ਼ਾ ਵਿੱਚ ਹੋਏ ਇਜ਼ਰਾਈਲੀ ਕਤਲੇਆਮ ਦੀ ਨਿੰਦਾ ਕੀਤੀ ਗਈ। ਮੰਗ ਪੱਤਰ ਵਿੱਚ ਇਹ ਵੀ ਮੰਗ ਕੀਤੀ ਗਈ ਕਿ ਭਾਰਤ ਪੀੜਤਾਂ ਨੂੰ ਬਚਾਉਣ ਵਿੱਚ ਆਪਣੀ ਭੂਮਿਕਾ ਨਿਭਾਵੇ। ਇਜ਼ਰਾਈਲੀ ਸਰਕਾਰ ਵੱਲੋਂ ਚਲਾਈ ਜਾ ਰਹੀ ਨਸਲਕੁਸ਼ੀ ਜੰਗ ਦੀ ਨਿੰਦਾ ਕਰਦੇ ਹੋਏ, ਬੁਲਾਰਿਆਂ ਨੇ ਕਿਹਾ ਕਿ ਪਿਛਲੇ 20 ਮਹੀਨਿਆਂ ਦੌਰਾਨ ਹੁਣ ਤੱਕ, ਇਜ਼ਰਾਈਲ ਦੀ ਲਗਾਤਾਰ ਬੰਬਾਰੀ ਅਤੇ ਫੌਜੀ ਬੇਰਹਿਮੀ ਨਾਲ 55,000 ਤੋਂ ਵੱਧ ਫਲਸਤੀਨੀ ਮਾਰੇ ਗਏ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਔਰਤਾਂ ਅਤੇ ਬੱਚੇ ਹਨ। ਇਨ੍ਹਾਂ ਹਮਲਿਆਂ ਵਿੱਚ, ਜ਼ਰੂਰੀ ਬੁਨਿਆਦੀ ਢਾਂਚੇ, ਹਸਪਤਾਲਾਂ, ਸਕੂਲਾਂ ਅਤੇ ਸ਼ਰਨਾਰਥੀ ਆਸਰਾ-ਘਰਾਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਗਿਆ। ਪਾਰਟੀ ਆਗੂਆਂ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਸਾਰੇ ਨਜ਼ਰਬੰਦ ਅੰਤਰਰਾਸ਼ਟਰੀ ਵਾਲੰਟੀਅਰਾਂ ਦੀ ਰਿਹਾਈ ਦੀ ਮੰਗ ਕਰੇ। ਗਾਜ਼ਾ ਨੂੰ ਮਾਨਵਤਾਵਾਦੀ ਸਹਾਇਤਾ ਯਕੀਨੀ ਬਣਾਏ ਅਤੇ ਅਣਮਨੁੱਖੀ ਘੇਰਾਬੰਦੀ ਨੂੰ ਖਤਮ ਕਰਨ ਲਈ ਤੁਰੰਤ ਕਦਮ ਚੁੱਕੇ। ਜਰਨੈਲ ਕਿਹਾ ਕਿ ਅਸੀਂ ਸ਼ਾਂਤੀ ਚਾਹੁੰਦੇ ਹਾਂ, ਜੰਗ ਨਹੀਂ ।

# ਐਮਰਜੈਂਸੀ ਨੂੰ ਕਾਲਾ ਦਿਵਸ ਵਜੋਂ ਮਨਾਏਗੀ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ



**ਸ਼ਾਹਬਾਦ ਮਾਰਕੰਡਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਲ 1975 ਵਿੱਚ ਕਾਂਗਰਸ ਪਾਰਟੀ ਵੱਲੋਂ ਲਗਾਈ ਗਈ ਐਮਰਜੈਂਸੀ ਨੂੰ ਕਾਲਾ ਦਿਵਸ ਵਜੋਂ 26 ਜੂਨ ਨੂੰ ਮਨਾਏਗੀ। ਕੁਰੂਕਸ਼ੇਤਰ ਵਿਚ ਮਨਾਏ ਜਾਣ ਵਾਲੇ ਇਸ ਕਾਲਾ ਦਿਵਸ ਸਮਾਗਮ ਦਾ ਸੱਦਾ ਕੇਂਦਰੀ ਮੰਤਰੀ ਅਮਿਤ ਸ਼ਾਹ, ਜੇਪੀ ਨੱਢਾ, ਮਨੋਹਰ ਲਾਲ ਤੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਵੀ ਦਿੱਤਾ ਗਿਆ ਹੈ। ਇਸ ਲਈ ਬਾਕਾਇਦਾ ਹਰਿਆਣਾ ਕਮੇਟੀ ਵੱਲੋਂ ਹੋਰ ਵੀ ਪੱਤਰ ਲਿਖੇ ਗਏ ਹਨ। ਇਹ ਜਾਣਕਾਰੀ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੇ ਕੁਰੂਕਸ਼ੇਤਰ ਵਿਚ ਮੁੱਖ ਦਫਤਰ ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਦਿੱਤੀ। ਝੀਂਡਾ ਨੇ ਕਿਹਾ ਕਿ ਐਮਰਜੈਂਸੀ ਦਾ ਸ਼ਿਕਾਰ ਹੋਏ ਲੋਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਤੇ ਰਿਸ਼ਤੇਦਾਰਾਂ ਨੂੰ ਸਬੰਧਤ ਮਹਿਮਾਨਾਂ ਵੱਲੋਂ ਸਨਮਾਨਿਤ ਕੀਤਾ ਜਾਵੇਗਾ। ਝੀਂਡਾ ਨੇ ਕਿਹਾ ਕਿ ਜਨਰਲ ਹਾਊਸ ਦੀ ਮੀਟਿੰਗ ਵਿਚ ਉਨ੍ਹਾਂ ਸਾਰੇ ਮੈਂਬਰਾਂ ਨੂੰ ਏਕਤਾ ਦਿਖਾਉਣ ਦੀ ਅਪੀਲ ਕੀਤੀ ਸੀ। ਉਨ੍ਹਾਂ ਨੂੰ ਸਰਬਸੰਮਤੀ ਨਾਲ ਪ੍ਰਧਾਨ ਤੇ ਕਾਰਜਕਾਰਨੀ ਚੁਣਨ ਦੀ ਅਪੀਲ ਵਾਰ ਵਾਰ ਕੀਤੀ ਸੀ ਪਰ ਕੁਝ ਮੈਂਬਰਾਂ ਨੇ ਇਸ ਦਾ ਬਾਈਕਾਟ ਕੀਤਾ ਤੇ ਗੁਰੂਘਰ ਵਿੱਚ ਨਾਅਰੇਬਾਜ਼ੀ ਕਰਨ ਲੱਗੇ। ਜੋ ਠੀਕ ਨਹੀਂ। ਉਨ੍ਹਾਂ ਕਿਹਾ ਕਿ ਗੁਰੂਘਰ ਵਿਚ ਨਾਅਰੇਬਾਜ਼ੀ ਕਰਨਾ ਠੀਕ ਨਹੀਂ, ਪਰ ਵਿਰੋਧ ਵਿਚ ਆਏ ਮੈਂਬਰਾਂ ਨੇ ਉਨ੍ਹਾਂ ਦੀ ਇਕ ਨਾ ਸੁਣੀ।

ਉਨ੍ਹਾਂ ਕਿਹਾ ਹੈ ਕਿ ਉਹ ਸੂਬੇ ਦੇ ਸਕੂਲਾਂ ਵਿਚ ਪੰਜਾਬੀ ਅਧਿਆਪਕਾਂ ਦੀ ਭਰਤੀ ਦੀ ਮੰਗ ਨੂੰ ਲੈ ਕੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਮਿਲਣਗੇ। ਇਸ ਮੌਕੇ ਕਮੇਟੀ ਦੇ ਸੰਯੁਕਤ ਸਕੱਤਰ ਬਲਵਿੰਦਰ ਸਿੰਘ ਭਿੰਡਰ, ਸਪੋਕਸਮੈਨ ਕੁਲਦੀਪ ਸਿੰਘ ਫੱਗੂ, ਇੰਦਰਜੀਤ ਸਿੰਘ, ਸੁਖਦੇਵ ਸਿੰਘ, ਜਸਵਿੰਦਰ ਸਿੰਘ ਦੀਨਪੁਰ, ਵਧੀਕ ਸਕੱਤਰ ਸਤਪਾਲ ਸਿੰਘ ਡਾਚਰ, ਰਾਜਪਾਲ ਸਿੰਘ ਦੁਲੀਆਂ ਮਾਜਰਾ, ਅਮਰਿੰਦਰ ਸਿੰਘ, ਸਮੀਰ ਸਿੰਘ ਮੌਜੂਦ ਸਨ।

ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਐੱਸਜੀਪੀਸੀ ਸੁਪਰੀਮ ਕੋਰਟ ਦੇ ਆਦੇਸ਼ਾਂ ਦੀਆਂ ਧੱਜੀਆਂ ਉਡਾ ਰਹੀ ਹੈ। ਝੀਂਡਾ ਨੇ ਕਿਹਾ ਕਿ 2022 ਵਿੱਚ ਸੁਪਰੀਮ ਕੋਰਟ ਨੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੂੰ ਮਾਨਤਾ ਦਿੱਤੀ ਸੀ

ਅਦਾਲਤ ਨੇ ਆਦੇਸ਼ ਦਿੰਦੇ ਹੋਏ ਐਕਟ 2014 ਅਨੁਸਾਰ ਸੈਕਸ਼ਨ 84 ਦੀ ਉਪ ਧਾਰਾ ਏਬੀਸੀਡੀਈਐੱਫ ਤੇ ਜੀ ਸੱਤਾ ਵਿੱਚ ਸ਼ਪਸ਼ਟ ਕੀਤਾ ਸੀ ਕਿ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਜਿੰਨੀ ਵੀ ਸੂਬੇ ਵਿੱਚ ਚਲ ਤੇ ਅਚੱਲ ਸੰਪਤੀ ਹੈ, ਜਾਇਦਾਦਾਂ, ਟਰੱਸਟ ਇਨ੍ਹਾਂ ਸਾਰਿਆਂ 'ਤੇ ਹਰਿਆਣਾ ਕਮੇਟੀ ਦਾ ਅਧਿਕਾਰ ਹੋਵੇਗਾ। ਜੇ ਸ਼ ?ਰੋਮਣੀ ਕਮੇਟੀ ਅਜਿਹਾ ਨਹੀਂ ਕਰਦੀ ਤਾਂ ਇਹ ਸਿੱਧੇ ਤੌਰ ਤੇ ਦੇਸ਼ ਦੀ ਸਰਵਉੱਚ ਅਦਾਲਤ ਦੇ ਆਦੇਸ਼ਾਂ ਦੀਆਂ ਧੱਜੀਆਂ ਉਡਾ ਰਹੀ ਹੈ। ਇਸ ਲਈ ਐੱਸਜੀਪੀਸੀ ਨੂੰ ਹਰਿਆਣਾ ਕਮੇਟੀ ਦਾ ਸਹਿਯੋਗ ਦੇਣਾ ਚਾਹੀਦਾ ਹੈ।

# ਤੁਹਾਡੀ ਰਸੋਈ

## ਹਰੀ ਮਿਰਚ ਦਾ ਮਾਰਵਾੜੀ ਅਚਾਰ

ਜ਼ਿਆਦਾਤਰ ਲੋਕਾਂ ਨੂੰ ਭੋਜਨ ਨਾਲ ਅਚਾਰ ਖਾਣਾ ਕਾਫ਼ੀ ਪਸੰਦ ਹੁੰਦਾ ਹੈ। ਇਸ ਨਾਲ ਭੋਜਨ ਦਾ ਸੁਆਦ ਹੋਰ ਵੀ ਵੱਧ ਜਾਂਦਾ ਹੈ ਜੇ ਤੁਸੀਂ ਵੀ ਅਚਾਰ ਦੇ ਸ਼ੌਕੀਨ ਹੋ ਤਾਂ ਅੱਜ ਅਸੀ ਤੁਹਾਨੂੰ ਘਰ 'ਚ ਹੀ ਹਰੀ ਮਿਰਚ ਦਾ ਮਾਰਵਾੜੀ ਅਚਾਰ ਬਣਾਉਣ ਬਾਰੇ ਦੱਸਣ ਜਾ ਰਹੇ ਹਾਂ। ਇਸ ਨੂੰ ਬਣਾਉਣਾ ਬਹੁਤ ਹੀ ਆਸਾਨ ਹੈ। ਰਾਜਸਥਾਨ ਦਾ ਦਾਲ ਬਾਟੀ ਚੂਰਮਾ ਤਾਂ ਤੁਸੀਂ ਖੂਬ ਖਾਂਦੇ ਹੋਵੋਗੇ, ਮੂੰਗ ਦਾਲ ਦਾ ਪਰੌਂਠਾ ਵੀ ਜ਼ਰੂਰ ਪਸੰਦ ਹੋਵੇਗਾ ਫ਼ਿਰ ਇਸ ਦੇ ਨਾਲ ਇਹ ਮਾਰਵਾੜੀ ਅਚਾਰ ਇਸ ਦਾ ਸੁਆਦ ਹੋਰ ਵੀ ਦੁਗਣਾ ਕਰ ਦੇਵੇਗਾ। ਆਓ ਦੇਖਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ

- 250 ਗ੍ਰਾਮ ਹਰੀ ਮਿਰਚ
- ਅੱਧਾ ਛੋਟਾ ਚਮਚ ਹਲਦੀ ਪਾਊਡਰ
- 2 ਛੋਟੇ ਚਮਚ ਧਨਿਆ ਪਾਊਡਰ
- 2 ਛੋਟੇ ਚਮਚ ਸੌਂਫ਼ ਪਾਊਡਰ
- 2 ਚੁਟਕੀ ਹਿੰਗ
- ਅੱਧਾ ਛੋਟਾ ਚਮਚ ਜੀਰਾ
- ਅੱਧਾ ਛੋਟਾ ਚਮਚ ਰਾਈ
- ਅੱਧਾ ਛੋਟਾ ਚਮਚ ਅੰਬਚੂਰ ਪਾਊਡਰ
- 4 ਵੱਡੇ ਚਮਚ ਸਰੋਂ ਦਾ ਤੇਲ
- ਨਮਕ ਸੁਆਦ ਮੁਤਾਬਕ
- ਕਾਲਾ ਨਮਕ ਸੁਆਦ ਮੁਤਾਬਕ

ਬਣਾਉਣ ਦੀ ਵਿਧੀ ਬਾਰੇ

- ਸਭ ਤੋਂ ਪਹਿਲਾਂ ਹਰੀ ਮਿਰਚ ਨੂੰ ਧੋ ਕੇ ਸਾਫ਼ ਕਰ ਲਓ।
- ਫ਼ਿਰ ਇਸ 'ਚ ਚੀਰਾ ਲਗਾ ਲਓ।
- ਫ਼ਿਰ ਘੱਟ ਗੈਸ 'ਤੇ ਇੱਕ ਕੜਾਈ 'ਚ ਤੇਲ ਗਰਮ ਕਰੋ। ਜਦੋਂ ਤੇਲ ਗਰਮ ਹੋ ਜਾਵੇ ਤਾਂ ਇਸ 'ਚ ਜੀਰਾ ਅਤੇ ਰਾਈ ਪਾਓ। ਇਸ ਨੂੰ 2 ਮਿੰਟ ਤੱਕ ਭੁਣੋਂ।
- ਫ਼ਿਰ ਇਸ 'ਚ ਸੌਂਫ਼ ਅੰਬਚੂਰ ,ਧਨਿਆ,ਕਾਲਾ ਨਮਕ ਅਤੇ ਸਾਦਾ ਨਮਕ ਪਾ ਕੇ ਸਾਰੇ ਮਸਾਲੇ ਚੰਗੀ ਤਰ੍ਹਾਂ ਮਿਕਸ ਕਰ ਲਓ।
- ਇਨ੍ਹਾਂ ਮਸਾਲਿਆਂ ਨੂੰ 3 ਮਿੰਟ ਤੱਕ ਪਕਾਓ। ਫ਼ਿਰ ਇਸ 'ਚ ਮਿਰਚ ਪਰਾ ਕੇ ਚੰਗੀ ਤਰ੍ਹਾਂ ਮਿਕਸ ਕਰ ਲਓ।
- ਹੁਣ ਕੜਾਈ ਨੂੰ ਢੱਕ ਕੇ ਘੱਟ ਗੈਸ 'ਤੇ ਮਿਰਚ ਨੂੰ ਪਕਾਓ।



- ਫ਼ਿਰ ਢੱਕਣ ਖੋਲ ਕੇ ਤੇਜ ਗੈਸ 'ਚ ਮਿਰਚ ਦਾ ਪਾਣੀ ਸੁੱਕਣ ਤੱਕ ਪਕਾਓ।
- ਜਦੋਂ ਪਾਣੀ ਸੁੱਕ ਜਾਵੇ ਤਾਂ ਠੰਡਾ ਹੋਣ ਤੇ ਅਚਾਰ ਨੂੰ ਕਿਸੇ ਬਰਨੀ ਜਾਂ ਕੱਚ ਦੇ ਬਰਤਨ 'ਚ ਭਰ ਕੇ ਰੱਖੋ।
- ਰੋਟੀ ਜਾਂ ਪਰੌਂਠੇ ਦੇ ਨਾਲ ਜਦੋਂ ਦਿਲ ਕਰੇ ਅਚਾਰ ਦਾ ਸੁਆਦ ਲਓ।

## ਕਾਜੂ-ਪਿਸਤਾ ਰੋਲ

ਮਿਠਾਈਆਂ ਖਾਣਾ ਕਾਫ਼ੀ ਲੋਕਾਂ ਨੂੰ ਪਸੰਦ ਹੁੰਦਾ ਹੈ। ਅਤੇ ਇਸ ਲਈ ਲੋਕ ਨਵੇਂ-ਨਵੇਂ ਤਰੀਕੇ ਦੀਆਂ ਮਿਠਾਈਆਂ ਬਣਾਉਣੀਆਂ ਸਿਖਦੇ ਹੀ ਰਹਿੰਦੇ ਹਨ। ਜੇ



ਤੁਸੀਂ ਵੀ ਮਿਠਾਈ ਖਾਣ ਦੇ ਸ਼ੌਕੀਨ ਹੋ ਤਾਂ ਜ਼ਰੂਰ ਬਣਾਓ ਇਹ ਸਪੈਸ਼ਲ ਕਾਜੂ ਪਿਸਤਾ ਰੋਲ। ਆਓ ਦੇਖਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ

- 1 ਕੱਪ ਕਾਜੂ
- ਇੱਕ ਤਿਆਈ ਕੱਪ ਚੀਨੀ
- 3 ਛੋਟੇ ਚਮਚ ਘਿਓ
- ਪਾਣੀ ਜ਼ਰੂਰਤ ਮੁਤਾਬਕ
- 1 ਛੋਟਾ ਕੱਪ ਪਿਸਤਾ
- 1 ਛੋਟਾ ਕੱਪ ਬਾਦਾਮ
- 2 ਵੱਡੇ ਚਮਚ ਚੀਨੀ
- 2 ਵੱਡੇ ਚਮਚ ਦੁੱਧ
- ਇੱਕ ਛੋਟਾ ਚਮਚ ਅਲੀਇਚੀ ਪਾਊਡਰ
- ਇੱਕ ਚੁਟਕੀ ਫ਼ੂਡ ਕਲਰ(ਹਰਾ)

ਬਣਾਉਣ ਦੀ ਵਿਧੀ

- ਸਭ ਤੋਂ ਪਹਿਲਾਂ ਮਿਰਸਰ ਜਾਰ 'ਚ ਕਾਜੂ ਨੂੰ ਸੁੱਕਾ ਪੀਸ ਲਓ।
- ਕਾਜੂ ਪੀਸਨ ਤੋਂ ਬਾਅਦ ਮਿਕਸਰ ਜਾਰ 'ਚ ਪਿਸਤੇ ਅਤੇ ਬਾਦਾਮ ਨੂੰ ਵੀ ਪੀਸ ਲਓ ਅਤੇ ਪਾਊਡਰ ਤਿਆਰ ਕਰ ਲਓ।
- ਹੁਣ ਪਿਸਤਾ ਬਾਦਾਮ ਪਾਊਡਰ 'ਚ ਕੱਟੇ ਹੋਏ ਪਿਸਤੇ, ਚੀਨੀ,ਅਲਾਇਚੀ ਪਾਊਡਰ,ਦੁੱਧ ਅਤੇ ਫ਼ੂਡ ਕਲਰ ਪਾ ਕੇ ਚੰਗੀ ਤਰ੍ਹਾਂ ਮਿਕਸ ਕਰ ਕੇ ਸਟਫ਼ਿੰਗ ਤਿਆਰ ਕਰ ਲਓ।
- ਰੋਲਸ ਬਣਾਉਣ ਲਈ ਸਭ ਤੋਂ ਪਹਿਲਾਂ ਘੱਟ ਗੈਸ 'ਤੇ ਇੱਕ ਕੜਾਈ 'ਚ ਪਾਣੀ ਅਤੇ ਚੀਨੀ ਮਿਲਾਓ।
- ਜਿਵੇਂ ਹੀ ਪਾਣੀ 'ਚ ਚੀਨੀ ਘੁੱਲ ਜਾਵੇ ਤਾਂ ਗੈਸ ਘੱਟ ਕਰ ਦਿਓ ਅਤੇ ਕਾਜੂ ਪਾਊਡਰ ਅਤੇ ਘਿਓ ਮਿਲਾਕੇ ਚੰਗੀ ਤਰ੍ਹਾਂ ਗਾੜਾ ਹੋਣ ਤੱਕ ਪਕਾਓ।
- ਕਾਜੂ ਦੇ ਮਿਸ਼ਰਣ ਨੂੰ ਠੰਡਾ ਹੋਣ ਲਈ ਕਿਸੇ ਬਰਤਨ 'ਚ ਰੱਖੋ। ਇਸ ਗੱਲ ਦਾ ਧਿਆਨ ਰੱਖਣਾ ਹੈ ਕਿ ਮਿਸ਼ਰਣ ਇਨ੍ਹਾਂ ਗਾੜਾ ਹੋ ਜਾਵੇ ਕਿ ਇਸ ਨੂੰ ਵੇਲਿਆ ਜਾ ਸਕੇ।
- ਹੁਣ ਕਾਜੂ ਮਿਸ਼ਰਣ ਦੇ ਪੇੜੇ ਕਰ ਲਓ ਅਤੇ ਘਿਓ ਲਾ ਕੇ ਚਕਲੇ 'ਤੇ ਫ਼ੈਲਾ ਦਿਓ।
- ਹੁਣ ਪੇੜੇ ਨੂੰ ਹਲਕੇ ਹੱਥ ਨਾਲ ਫ਼ੈਲਾ ਕੇ ਗੋਲ ਅਕਾਰ ਦਿਓ। ਫ਼ਿਰ ਵੇਲਣ ਨਾਲ ਵੇਲ ਕੇ ਚਾਰੇ ਪਾਸੇ ਤੋਂ ਬਰਾਬਰ ਕਰ ਲਓ।
- ਹੁਣ ਇਸ 'ਤੇ ਸਟਫ਼ਿੰਗ ਰੱਖ ਕੇ ਰੋਲ ਕਰ ਦਿਓ।
- ਤਿਆਰ ਰੋਲ ਨੂੰ ਫ਼ਰਿੱਜ 'ਚ ਰੱਖੋ।
- ਜਦੋਂ ਇਹ ਪੂਰੀ ਤਰ੍ਹਾਂ ਤਿਆਰ ਹੋ ਜਾਵੇ ਤਾਂ ਇਸ ਨੂੰ ਛੋਟੇ-ਛੋਟੇ ਟੁੱਕੜਿਆਂ 'ਚ ਕੱਟ ਲਓ।

## ਮਿਲਕ ਕੇਕ

ਸਮੱਗਰੀ

- 3 ਲੀਟਰ ਦੁੱਧ
- ਦੋ ਚਮਚ ਨਿੰਬੂ ਦਾ ਰਸ
- ਇੱਕ ਚਮਚ ਹਰੀ ਇਲਾਇਚੀ
- ਇੱਕ ਚਮਚ ਦੇਸੀ ਘਿਓ
- 250 ਗ੍ਰਾਮ ਚੀਨੀ
- ਤੇਲ
- ਬਾਦਾਮ (ਕੱਟੇ ਹੋਏ)

ਵਿਧੀ

1. ਗੈਸ 'ਤੇ ਇੱਕ ਭਾਰੀ ਕੜਾਹੀ 'ਚ ਦੁੱਧ ਨੂੰ ਉਬਾਲੋ। ਫ਼ਿਰ ਇਸ 'ਚ ਦੋ ਚਮਚ ਨਿੰਬੂ ਦਾ ਰਸ ਪਾਓ ਅਤੇ ਉਦੋਂ ਤੱਕ ਹਿਲਾਓ ਜਦੋਂ ਤੱਕ ਦੁੱਧ ਫ਼ੱਟਣਾ ਨਾ ਸ਼ੁਰੂ ਹੋ ਜਾਵੇ।
2. ਫ਼ਿਰ ਇਸ 'ਚ ਇੱਕ ਚਮਚ ਹਰੀ ਇਲਾਇਚੀ, ਇੱਕ ਚਮਚ ਦੇਸੀ ਘਿਓ ਅਤੇ 250 ਗ੍ਰਾਮ ਚੀਨੀ ਪਾ ਕੇ ਚੰਗੀ ਤਰ੍ਹਾਂ ਮਿਕਸ ਕਰ ਕੇ ਪਕਾਓ। ਇਸ ਮਿਸ਼ਰਣ ਨੂੰ ਉਦੋਂ ਤੱਕ ਪਕਾਓ ਜਦੋਂ ਤੱਕ ਇਹ ਕੜਾਹੀ ਦੇ ਕਿਨਾਰਿਆਂ ਨੂੰ ਛੱਡਣ ਨਾ ਲੱਗੇ।
3. ਹੁਣ ਇਸ ਸਾਰੇ ਮਿਸ਼ਰਣ ਨੂੰ ਤੇਲ ਲਗਾਈ ਟ੍ਰੇ 'ਚ ਕੱਢ ਲਓ ਅਤੇ ਬਾਦਾਮ ਨਾਲ ਇਸ ਨਾਲ ਸਜਾਓ।
4. ਪੂਰੀ ਰਾਤ ਇਸ ਨੂੰ ਢੱਕ ਕੇ ਰੱਖੋ।
5. ਸਵੇਰੇ ਇਸ ਨੂੰ ਮਨ ਪਸੰਦ ਆਕਾਰ 'ਚ ਕੱਟ ਕੇ ਸਰਵ ਕਰੋ।

## ਆਤਮ ਹੱਤਿਆ

ਹਰ-ਰੋਜ਼ ਦੀ ਤਰਾਂ ਹੀ ਆਮ ਰਾਤ ਸੀ ਪਰ ਮੱਘਰ ਸਿੰਘ ਫਿਕਰਾਂ ਚ ਗੁਆਚਾ ਹੋਇਆ ਸੀ ਉਸੀ ਦੀ ਪਤਨੀ ਜੀਤੋ ਘੂਕ ਸੁੱਤੀ ਸੀ,16 ਕੁ ਸਾਲ ਦੀ ਧੀ ਗੀਤ ਅਤੇ 13 ਕੁ ਸਾਲ ਦਾ ਉਸਦਾ ਪੁੱਤ ਸਿੰਦਾ ਵੀ ਨਾਲ ਦੇ ਕਮਰੇ 'ਚ ਸੁੱਤੇ ਪਏ ਸੀ ,ਮੱਘਰ ਨੇ ਸੋਚਦੇ -ਸੋਚਦੇ ਨੇ ਮਨ ਹੀ ਮਨ ਆਪਣੇ ਆਪ ਨੂੰ ਮਾਰਨ ਲਈ ਪੱਕਾ ਕਰ ਲਿਆ , ਉੱਠ ਕੇ ਤੂੜੀ ਵਾਲੀ ਸਬਾਤ ਵੱਲ ਨੂੰ ਤੁਰ ਪਿਆ । ਜਿੱਥੇ ਜਾਕੇ ਉਹ ਅਲਮਾਰੀ ਦੇ ਰੱਸੀਆਂ ਨਾਲ ਬੰਨੇ ਟੁੱਟੇ ਕੁੰਡੇ ਨੂੰ ਦਾਤੀ ਨਾਲ ਵੱਢਕੇ ਕਾਲੇ ਲਿਫ਼ਾਫ਼ੇ ਚ ਰੱਖੀ ਸੁਲਫਾਸ਼ ਚੁੱਕ ਕੇ ਖਾ ਗਿਆ ।

ਉਸੇ ਰਾਤ ਦੇ ਪਹਿਲੇ ਦਿਨ ਭਾਰੀ ਮੀਂਹ ਤੇ ਗੜਿਆਂ ਨਾਲ ਨੁਕਸਾਨੀ ਫਸਲ ਤੋਂ ਦੁਖੀ ਘਰ ਆਇਆ ਸੀ। ਉੱਤੋਂ ਬੈਂਕ ਵਾਲੇ ਘਰ ਆਕੇ ਕੇ ਬਹੁਤ ਬੁਰਾ ਭਲਾ ਬੋਲਕੇ ਗਏ ਸੀ । ਜ਼ਮੀਨ ਦੀ ਕੁਰਕੀ ਦਾ ਨੋਟਿਸ ਵੀ ਦੇ ਗਏ ਸੀ । ਬੈਂਕ ਵਾਲਿਆਂ ਤੋ ਬਾਅਦ ਮੱਘਰ ਦਾ ਦੋਸਤ ਭੋਲਾ ਆਇਆ ਸੀ ਘਰ ਦੀ ਕੱਢੀ ਬੋਤਲ ਪੀਕੇ ਦੋਵੇਂ ਨਸ਼ੇ ਵਿੱਚ ਚੰਗੇ ਟੁਨ ਹੋ ਗਏ ਸੀ ।

ਮੱਘਰ ਦੇ ਜ਼ਹਿਰ ਖਾਕੇ ਮਰਨ ਬਾਅਦ ਉਸਦਾ ਪਰਿਵਾਰ ਪੂਰੀ ਤਰਾ ਟੁੱਟ ਗਿਆ। ਬੈਂਕ ਨੇ ਫਿਰ ਵੀ ਕੁਰਕੀ ਕਰਕੇ ਆਪਣੀ ਰਕਮ ਦੀ ਵਸੂਲੀ ਕਰ ਲਈ। ਉਸ ਦਾ ਦੋਸਤ ਭੋਲਾ ਉਸ ਦੀ ਬਚੀ ਖੁਚੀ ਜ਼ਮੀਨ ਤੋਂ ਅੱਗੇ ਜੀਤੋ ਉੱਪਰ ਵੀ ਬੁਰੀ ਨਜ਼ਰ ਰੱਖਣ ਲੱਗ ਗਿਆ । ਸਿੰਦੇ ਨੂੰ ਵੀ ਗੁਆਂਢੀ ਨੌਕਰਾਂ ਵਾਗੂੰ ਵਰਤਣ ਲੱਗ ਪਏ ਤੇ ਜਵਾਨ ਧੀ ਗੀਤ ਨਾਲ ਵੀ ਪਿੰਡ ਦੇ ਮਸ਼ਟੰਡੇ ਛੇੜਖਾਨੀ ਕਰਨ ਲੱਗੇ। ਗੀਤ ਦੇ ਵਿਰੋਧ ਕਰਨ ਤੇ ਇੱਕ ਮੁਸਟੰਡੇ ਨੇ ਗੀਤ ਉੱਤੇ ਤੇਜ਼ਾ...। ਇਸੇ ਝਟਕੇ ਨਾਲ ਮੱਘਰ ਦੀ ਅੱਖ ਖੁੱਲ ਗਈ। ਵਾਹਿਗੁਰੂ ਵਾਹਿਗੁਰੂ ਕਰਦਾ ਉੱਠਿਆ ।ਅਗਲੇ ਹੀ ਦਿਨ ਮੱਘਰ ਨੇ ਆਪਣੀ 5 ਕਿਲ੍ਹੇ ਜ਼ਮੀਨ ਚੋਂ ਅੱਧਾ ਕਿਲ੍ਹਾ ਜ਼ਮੀਨ ਅਤੇ ਕਾਰ ਵੇਚ ਕੇ ਸਾਰਾ ਕਰਜ਼ਾ ਲਾਅ ਦਿੱਤਾ ਤੇ ਸਾਦਾ ਜੀਵਨ ਜਿਉਣਾ ਸ਼ੁਰੂ ਕਰ ਦਿੱਤਾ ॥

**ਖੁਸ਼ ਚਹਿਲ**

## ਬਗ਼ਾਵਤ

**ਪ੍ਰੀਤਮ ਦੋਮੇਲ**

ਅਲੀਲਾ ਨੂੰ ਪਤਾ ਨਹੀਂ ਕੁਝ ਦਿਨਾਂ ਤੋਂ ਕੀ ਹੋ ਗਿਆ ਸੀ। ਗਿਆਰਵੀਂ ਜਮਾਤ ਵਿੱਚ ਪੜ੍ਹਨ ਵਾਲੀ ਮਾਸੂਮ ਤੇ ਆਪਣੇ ਵਿੱਚ ਮਸਤ ਰਹਿਣ ਵਾਲੀ ਭੋਲੀ-ਭਾਲੀ ਅਲੀਲਾ ਨੂੰ ਜਿਵੇਂ ਦੁਨੀਆਂ ਦੀ ਹੋਸ਼ ਹੀ ਨਹੀਂ ਸੀ। ਹਰ ਵੇਲੇ ਉਸ ਦਾ ਧਿਆਨ ਕਿਸੇ ਅਣਜਾਣ ਇਨਸਾਨ ਵੱਲ ਲੱਗਿਆ ਰਹਿੰਦਾ। ਉਸ ਦਾ ਕੀ ਨਾਂ ਸੀ, ਉਹ ਕੌਣ ਸੀ, ਕਿੱਥੇ ਰਹਿੰਦਾ ਸੀ, ਉਸ ਨੂੰ ਕੋਈ ਪਤਾ ਨਹੀਂ ਸੀ। ਬਸ ਉਸ ਨੂੰ ਸਿਰਫ਼ ਇੰਨਾ ਪਤਾ ਸੀ ਕਿ ਜਦ ਉਹ ਸਕੂਲੋਂ ਪੜ੍ਹ ਕੇ ਆਉਂਦੀ ਸੀ ਤਾਂ ਮੁੰਡਿਆਂ ਦੀ ਇੱਕ ਟੋਲੀ ਜਿਹੜੀ ਕਦੇ ਉਨ੍ਹਾਂ ਤੋਂ ਅੱਗੇ, ਕਦੇ ਪਿੱਛੇ ਤੁਰਦੀ ਸੀ, ਉਹ ਉਸ ਟੋਲੀ ਵਿੱਚ ਹੁੰਦਾ ਸੀ। ਸਭ ਤੋਂ ਅਲੱਗ, ਸਭ ਤੋਂ ਸੋਹਣਾ ਤੇ ਗੋਰਾ, ਉੱਚਾ ਲੰਬਾ ਪਰ ਉਸ ਨੇ ਤਾਂ ਕਦੇ ਇਸ ਵੱਲ ਮੁੜ ਕੇ ਦੇਖਿਆ ਵੀ ਨਹੀਂ ਸੀ। ਪਰ ਪਤਾ ਨਹੀਂ ਕਿਵੇਂ ਉਹ ਉਸ ਦੇ ਸੁਫ਼ਨਿਆਂ ਦਾ ਸ਼ਹਿਜ਼ਾਦਾ ਬਣ ਗਿਆ ਸੀ।



ਫ਼ਿਰ ਇੱਕ ਦਿਨ ਅਲੀਲਾ ਨੂੰ ਉਸ ਦਾ ਨਾਂ ਪਤਾ ਲੱਗ ਗਿਆ। ਉਹ ਰੋਜ਼ ਦੀ ਤਰ੍ਹਾਂ ਸਕੂਲੋਂ ਪੜ੍ਹ ਕੇ ਆ ਰਹੀ ਸੀ ਤੇ ਅੱਗੇ ਅੱਗੇ ਜਾਣ ਵਾਲੀ ਟੋਲੀ ਵਿੱਚ ਉਹ ਤੁਰਿਆ ਜਾ ਰਿਹਾ ਸੀ। ਫ਼ਿਰ ਕਿਸੇ ਨੇ ਤੇਮਸੂ ਕਹਿ ਕੇ ਪਿੱਛੋਂ ਆਵਾਜ਼ ਮਾਰੀ। ਉਸ ਨੇ ਪਿੱਛੇ ਮੁੜ ਕੇ ਦੇਖਿਆ ਤੇ ਜਵਾਬ ਦਿੱਤਾ। ਇਸ ਤਰ੍ਹਾਂ ਇੱਕ ਅਣਜਾਣ ਲੜਕਾ ਆਪਣੇ ਪੂਰੇ ਵਜੂਦ ਨਾਲ ਉਸ ਦੇ ਸਾਹਮਣੇ ਸਾਕਾਰ ਹੋਇਆ। ਅਲੀਲਾ ਗਿਆਰਵੀਂ ਪਾਸ ਕਰ ਕੇ ਅਗਲੀ ਜਮਾਤ ਵਿੱਚ ਚਲੀ ਗਈ, ਪਰ ਤੇਮਸੂ ਲਈ ਉਸ ਦੀ ਚਾਹਤ ਵਿੱਚ ਕੋਈ ਫ਼ਰਕ ਨਾ ਪਿਆ। ਉਹ ਮਨ ਹੀ ਮਨ ਬਿਨਾਂ ਉਸ ਨਾਲ ਬੋਲਿਆਂ ਉਸ ਨੂੰ ਪਿਆਰ ਕਰਦੀ ਰਹੀ। ਫ਼ਿਰ ਇੱਕ ਦਿਨ ਉਨ੍ਹਾਂ ਦਾ ਅਚਾਨਕ ਹੀ ਮੇਲ ਹੋ ਗਿਆ। ਉਸ ਦਿਨ ਉਹ ਦੋਵੇਂ ਇਕੱਲੇ-ਇਕੱਲੇ ਹੀ ਘਰ ਨੂੰ ਜਾ ਰਹੇ ਸਨ। ਜਦ ਉਹ ਉਸ ਦੇ ਕੋਲੋਂ ਦੀ ਲੰਘਿਆ ਤਾਂ ਅਲੀਲਾ ਨੇ ਬਹੁਤ ਹੀ ਹੌਲੀ ਜਿਹੀ ਉਸ ਦਾ ਨਾਂ ਲਿਆ। ਉਹ ਰੁਕ ਗਿਆ ਤੇ ਬੋਲਿਆ, "ਤੂੰ ਮੈਨੂੰ ਕਿਉਂ ਬੁਲਾਇਆ ? ਕੋਈ ਕੰਮ ਹੈ ਤੈਨੂੰ ਮੇਰੇ ਨਾਲ ?" "ਹਾਂ ਨਹੀਂ" ਉਹ ਕੰਨਾਂ ਤੱਕ ਲਾਲ ਹੋ ਗਈ। ਉਹ ਕੁਝ ਵੀ ਬੋਲ ਨਾ ਸਕੀ। ਤੇਮਸੂ ਕੁਝ ਪਲ ਚੁੱਪ-ਚਾਪ ਉਸ ਦੇ ਮੂੰਹ ਵੱਲ ਦੇਖਦਾ ਰਿਹਾ। ਫ਼ਿਰ ਉਸ ਨੇ ਹਲਕੇ ਜਿਹੇ ਉਸ ਦਾ ਹੱਥ ਆਪਣੇ ਹੱਥ ਵਿੱਚ ਲੈ ਲਿਆ ਤੇ ਉਹ ਦੋਵੇਂ ਚੁੱਪ-ਚਾਪ ਚਲਦੇ ਰਹੇ ਤੇ ਜਦੋਂ ਰਾਹਾਂ ਫ਼ੁੱਟੀਆਂ ਤਾਂ ਉਹ ਆਪੋ-ਆਪਣੇ ਘਰਾਂ ਨੂੰ ਮੁੜ ਗਏ। ਇੱਥੋਂ ਉਨ੍ਹਾਂ ਦੀ ਪ੍ਰੇਮ ਕਹਾਣੀ ਸ਼ੁਰੂ ਹੋ ਗਈ। ਬੀਤਣ ਵਾਲਾ ਹਰ ਦਿਨ ਉਨ੍ਹਾਂ ਨੂੰ ਇੱਕ ਦੂਜੇ ਦੇ ਨੇੜੇ ਲਿਆ ਰਿਹਾ ਸੀ। ਜਦ ਤੇਮਸੂ ਆਪਣਾ ਬੀ.ਏ. ਦਾ ਇਮਤਿਹਾਨ ਦੇ ਕੇ ਵਿਹਲਾ ਹੋਇਆ ਤਦ ਤੱਕ ਅਲੀਲਾ ਵੀ ਬਾਰ੍ਹਵੀਂ ਦੀ ਪ੍ਰੀਖਿਆ ਦੇ ਚੁੱਕੀ ਸੀ। ਹੁਣ ਉਹ ਸਕੂਲ ਕਾਲਜ ਨਹੀਂ ਸੀ ਜਾਂਦੇ, ਘਰ ਹੀ ਰਹਿੰਦੇ ਸਨ, ਪਰ ਇੱਕ-ਦੂਜੇ ਨੂੰ ਮਿਲੇ ਜਾਂ ਦੇਖੇ ਬਿਨਾਂ ਉਨ੍ਹਾਂ ਨੂੰ ਚੈਨ ਨਹੀਂ ਸੀ ਆਉਂਦਾ। ਉਨ੍ਹਾਂ ਦੀ ਭੁੱਖ ਮਰ ਗਈ ਸੀ। ਰਾਤ ਨੂੰ ਨੀਂਦ ਨਹੀਂ ਸੀ ਆਉਂਦੀ ਤੇ ਕਿਸੇ ਕੰਮ ਵਿੱਚ ਜੀਅ ਨਹੀਂ ਸੀ ਲੱਗਦਾ। ਅੱਗੋਂ ਅਲੀਲਾ ਨੇ ਬੀ ਏ ਕਰਨੀ ਸੀ ਤੇ ਤੇਮਸੂ ਨੇ ਐੱਮਬੀਏ ਵਿੱਚ ਦਾਖ਼ਲਾ ਲੈਣਾ ਸੀ, ਪਰ ਉਨ੍ਹਾਂ ਲਈ ਤਾਂ ਜਿਵੇਂ ਸਭ ਕੁਝ ਖ਼ਤਮ ਹੋ ਗਿਆ ਸੀ। ਬਸ ਉਨ੍ਹਾਂ ਨੂੰ ਤਾਂ ਸਿਰਫ਼ ਇੱਕ ਦੂਜੇ ਦਾ ਸਾਥ ਚਾਹੀਦਾ ਸੀ। ਇੱਕ ਦਿਨ ਪਤਾ ਨਹੀਂ ਘਰੋਂ ਕੀ ਕੀ ਬਹਾਨੇ ਬਣਾ ਕੇ ਉਹ ਨਿਕਲੇ ਤੇ ਕਿਸੇ ਪਹਾੜ ਦੀ ਨਿਵੇਕਲੀ ਗੁੱਠੇ ਇੱਕ-ਦੂਜੇ ਨੂੰ ਮਿਲੇ ਤੇ ਆਪਣੀ-ਆਪਣੀ ਹਾਲਤ ਬਿਆਨ ਕੀਤੀ। ਆਖ਼ਰ ਤੇਮਸੂ ਨੇ ਕਿਹਾ, "ਅਲੀ ਹੁਣ ਦੱਸ ਕੀ ਕਰਨਾ ਹੈ ?" "ਜਿਵੇਂ ਤੁਸੀਂ ਕਹੋ।" ਉਹ ਹਰ ਤਰ੍ਹਾਂ ਉਸ ਦੇ ਨਾਲ ਸੀ। "ਦੇਖ ਅਲੀ, ਤੂੰ ਕਬੀਲੇ ਦੇ ਕਾਨੂੰਨ ਤੋਂ ਤਾਂ ਚੰਗੀ ਤਰ੍ਹਾਂ ਵਾਕਫ਼ ਹੈਂ। ਅਗਰ ਅਸੀਂ ਇੱਕ ਦੂਜੇ ਦੇ ਨਾਲ ਰਹਿਣਾ ਹੈ ਤਾਂ ਆਪਣੇ ਮਾਂ- ਬਾਪ, ਘਰ, ਭੈਣ, ਭਾਈ, ਪਿੰਡ ਸਭ ਕੁਝ ਛੱਡਣਾ ਪਵੇਗਾ, ਹਮੇਸ਼ਾ ਲਈ। ਅਗਰ ਇਹ ਮਨਜ਼ੂਰ ਹੈ ਤਾਂ ਠੀਕ ਹਫ਼ਤੇ ਬਾਅਦ ਇਸੇ ਦਿਨ ਇਸੇ ਟਾਈਮ ਇੱਥੇ ਹੀ ਆਪਾਂ ਮਿਲਾਂਗੇ ਤੇ ਆਪਣੇ ਇਸ ਸੰਸਾਰ ਨੂੰ ਅਲਵਿਦਾ ਕਹਿ ਦਿਆਂਗੇ। ਜਿਸ ਨੂੰ ਇਹ ਫ਼ੈਸਲਾ ਠੀਕ ਨਾ ਲੱਗੇ, ਉਹ ਇੱਥੇ ਨਾ ਆਏ, ਦੂਜਾ ਆਪਣੇ ਆਪ ਸਮਝ ਜਾਏਗਾ। ਸੋਚਣ ਲਈ ਆਪਣੇ ਪਾਸ ਇੱਕ ਹਫ਼ਤਾ ਹੈ।" ਇਸ ਤੋਂ ਬਾਅਦ ਉਹ ਆਪੋ ਆਪਣੇ ਘਰ ਚਲੇ ਗਏ। ਉਸ ਇੱਕ ਹਫ਼ਤੇ ਵਿੱਚ ਦੋਵਾਂ ਦੇ ਮਨਾਂ ਵਿੱਚ ਬੜੇ ਉਤਰਾਅ ਚੜ੍ਹਾਅ ਆਏ। ਕਦੇ ਮਾਂ-ਬਾਪ ਦਾ ਮੋਹ ਹਾਵੀ ਹੋ ਜਾਂਦਾ, ਕਦੇ ਆਪਣਾ ਘਰ, ਜ਼ਮੀਨ, ਕਦੇ ਹੋਰ ਰਿਸ਼ਤੇਦਾਰ ਤੇ ਭੈਣ-ਭਾਈ ਸਾਹਮਣੇ ਆ ਕੇ ਖੜ੍ਹੇ ਹੋ ਜਾਂਦੇ ਤੇ ਉਹ ਕਮਜ਼ੋਰ ਪੈ ਜਾਂਦੇ, ਪਰ ਆਖ਼ਰ ਵਿੱਚ ਉਨ੍ਹਾਂ ਦਾ ਇੱਕ-ਦੂਜੇ ਲਈ ਪਿਆਰ ਜਿੱਤ ਗਿਆ ਤੇ ਉਹ ਮਿੱਥੇ ਦਿਨ ਮਿੱਥੇ ਥਾਂ 'ਤੇ ਪੁੱਜ ਗਏ ਤੇ ਮੋਕੋਕਚੁੰਗ (ਜ਼ਿਲ੍ਹਾ) ਜਾ ਕੇ ਉਨ੍ਹਾਂ ਨੇ ਚਰਚ ਵਿੱਚ ਪਾਦਰੀ ਦੀ ਹਾਜ਼ਰੀ ਵਿੱਚ ਸ਼ਾਦੀ ਕਰ ਲਈ ਤੇ ਕਬੀਲੇ ਦੇ ਉਸ ਚੰਦਰੇ ਕਾਨੂੰਨ ਦੇ ਮੂੰਹ 'ਤੇ ਚਪੇੜ ਮਾਰ ਦਿੱਤੀ ਅਤੇ ਹਮੇਸ਼ਾ ਲਈ ਇੱਕ-ਦੂਜੇ ਦੇ ਹੋ ਗਏ। ਫ਼ਿਰ ਉਹ ਦੀਮਾਪੁਰ ਆ ਗਏ। ਇੱਕ ਛੋਟਾ ਜਿਹਾ ਘਰ ਕਿਰਾਏ 'ਤੇ ਲੈ ਕੇ ਰਹਿਣ ਲੱਗ ਪਏ। ਥੋੜ੍ਹੇ ਦਿਨਾਂ ਬਾਅਦ ਤੇਮਸੂ ਨੂੰ ਦੀਮਾਪੁਰ ਸ਼ੂਗਰ ਮਿੱਲ ਵਿੱਚ ਨੌਕਰੀ ਮਿਲ ਗਈ ਤੇ ਉਹ ਬਹੁਤ ਹੀ ਸੁਖੀ ਜ਼ਿੰਦਗੀ ਬਤੀਤ ਕਰਨ ਲੱਗੇ। ਅਗਲੇ ਸਾਲ ਉਨ੍ਹਾਂ ਦਾ ਬੇਟਾ ਸਮੋਇਆ ਜੰਮ ਪਿਆ। ਉਨ੍ਹਾਂ ਦੀ ਖ਼ੁਸ਼ੀ ਦਾ ਤਾਂ ਅੰਤ ਹੀ ਨਹੀਂ ਰਿਹਾ। ਜ਼ਿੰਦਗੀ ਏਨੀ ਭਰਪੂਰ ਸੀ ਕਿ ਉਨ੍ਹਾਂ ਨੂੰ ਪਿੱਛੇ ਰਹਿ ਗਏ ਆਪਣਿਆਂ ਦੀ ਕਦੇ ਯਾਦ ਵੀ ਨਾ ਆਉਂਦੀ। ਹੱਸਦੇ ਖੇਡਦੇ ਪੰਜ ਸਾਲ ਬੀਤ ਗਏ। ਬੱਚਾ ਸਕੂਲ ਜਾਣ ਲੱਗ ਪਿਆ। ਉਨ੍ਹਾਂ ਨੂੰ ਲੱਗਦਾ ਸੀ ਕਿ ਜ਼ਿੰਦਗੀ ਵਿੱਚ ਕੋਈ ਕਮੀ ਨਹੀਂ ਹੈ। ਹੋਰ ਬੰਦੇ ਨੂੰ ਕੀ ਚਾਹੀਦਾ ਹੈ। ਮਨਭਾਉਂਦਾ ਪਿਆਰ ਕਰਨ ਵਾਲਾ ਜੀਵਨ ਸਾਥੀ, ਪਿਆਰਾ ਜਿਹਾ ਬੱਚਾ, ਚੰਗੀ ਨੌਕਰੀ ਤੇ ਹੋਰ ਦੋ ਸਾਲਾਂ ਬਾਅਦ ਉਨ੍ਹਾਂ ਨੇ ਪੈਸੇ ਜੋੜ ਕੇ ਇੱਕ ਪਿਆਰਾ ਜਿਹਾ ਘਰ ਵੀ ਖ਼ਰੀਦ ਲਿਆ।

ੜਪਰ ਪਤਾ ਹੀ ਨਾ ਲੱਗਿਆ ਜ਼ਿੰਦਗੀ ਕਦੋਂ ਪਲਟਾ ਖਾ ਗਈ। ਸ਼ੂਗਰ ਮਿੱਲ ਬੰਦ ਹੋ ਗਈ ਤੇ ਤੇਮਸੂ ਬੇਕਾਰ ਹੋ ਗਿਆ। ਹੋਰ ਕੋਈ ਨੌਕਰੀ ਵੀ ਨਾ ਮਿਲ ਸਕੀ। ਬੱਚਾ ਵੀ ਜਦ ਆਪਣੇ ਦੋਸਤਾਂ ਦੇ ਘਰ ਜਾ ਕੇ ਉਨ੍ਹਾਂ ਦੇ ਦਾਦਾ-ਦਾਦੀ, ਨਾਨਾ-ਨਾਨੀ ਤੇ ਹੋਰ ਰਿਸ਼ਤੇਦਾਰਾਂ ਨੂੰ ਦੇਖਦਾ ਤਾਂ ਉਹ ਆਪਣੇ ਮਾਂ-ਬਾਪ ਨੂੰ ਢੇਰ ਸਾਰੇ ਸੁਆਲ ਕਰਦਾ। ਉਨ੍ਹਾਂ ਕੋਲੋਂ ਜਦ ਉਸ ਨੂੰ ਕੋਈ ਢੁੱਕਵਾਂ ਜਵਾਬ ਨਾ ਮਿਲਦਾ ਤਾਂ ਉਹ ਉਦਾਸ ਹੋ ਜਾਂਦਾ। ਹੌਲੀ-ਹੌਲੀ ਉਸ ਨੇ ਮਾਂ-ਬਾਪ ਨਾਲ ਗੱਲ ਕਰਨੀ ਬੰਦ ਕਰ ਦਿੱਤੀ ਤੇ ਉਹ ਬਿਲਕੁਲ ਚੁੱਪ ਹੋ ਗਿਆ। ਹੁਣ ਉਹ ਕੋਈ ਸੁਆਲ ਨਾ ਕਰਦਾ। ਪੜ੍ਹਾਈ ਵੱਲੋਂ ਵੀ ਉਸ ਦਾ ਧਿਆਨ ਹਟ ਗਿਆ। ਕਈ ਵਾਰੀ ਸਕੂਲ ਵੀ ਨਾ ਜਾਂਦਾ। ਤੇਮਸੂ ਦੀ ਨੌਕਰੀ ਛੁੱਟਣ ਕਰਕੇ ਘਰ ਵਿੱਚ ਤੰਗੀ ਆ ਗਈ। ਰੋਜ਼ਮੱਰਾ ਦੀਆਂ ਜ਼ਰੂਰਤਾਂ ਪੂਰੀਆਂ ਨਾ ਹੁੰਦੀਆਂ। ਆਖ਼ਿਰ ਤੰਗ ਆ ਕੇ ਅਲੀਲਾ ਨੇ ਬਾਂਸ ਦੀਆਂ ਟੋਕਰੀਆਂ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਤੇ ਤੇਮਸੂ ਵੀ ਕਿਸੇ ਕੱਪੜੇ ਵਾਲੀ ਦੁਕਾਨ 'ਤੇ ਮਾਮੂਲੀ ਜਿਹੀ ਤਨਖ਼ਾਹ 'ਤੇ ਨੌਕਰੀ ਕਰਨ ਲੱਗ ਪਿਆ। ਪਰ ਗੁਜ਼ਾਰਾ ਫ਼ੇਰ ਵੀ ਨਾ ਹੁੰਦਾ। ਹੁਣ ਘਰ ਦਾ ਹਰ ਬੰਦਾ ਉਦਾਸ ਸੀ। ਤੇਮਸੂ ਹਰ ਛੋਟੀ-ਛੋਟੀ ਗੱਲ 'ਤੇ ਚਿੜ੍ਹ ਜਾਂਦਾ। ਜਦ ਵੀ ਇੱਕੱਠੇ ਹੁੰਦੇ ਉਹ ਕੌੜਾ ਬੋਲਦੇ ਤੇ ਇੱਕ-ਦੂਜੇ ਸਾਹਮਣੇ ਹੋਣ ਤੋਂ ਕਤਰਾਉਂਦੇ। ਅਲੀਲਾ ਸਭ ਕੁਝ ਸਮਝਦੀ ਸੀ। ਉਸ ਨੂੰ ਲੱਗਣ ਲੱਗ ਪਿਆ ਸੀ ਕਿ ਸਾਰਾ ਉਸ ਦਾ ਆਪਣਾ ਕਸੂਰ ਸੀ। ਤੇਮਸੂ ਚੰਗਾ-ਭਲਾ ਆਪਣੀ ਪੜ੍ਹਾਈ ਕਰ ਰਿਹਾ ਸੀ। ਬਾਅਦ ਵਿੱਚ ਉਸ ਨੇ ਹੋਰ ਪੜ੍ਹਨਾ ਸੀ, ਚੰਗੀ ਨੌਕਰੀ ਕਰਨੀ ਸੀ ਤੇ ਆਪਣੇ ਕਬੀਲੇ ਵਿੱਚ ਸ਼ਾਦੀ ਕਰ ਕੇ ਸੁਖ ਨਾਲ ਜ਼ਿੰਦਗੀ ਬਿਤਾਉਣੀ ਸੀ। ਸਿਰਫ਼ ਉਸ ਨੇ ਉਸ ਨੂੰ ਆਪਣੇ ਪਿਆਰ ਵਿੱਚ ਫ਼ਸਾ ਕੇ ਇਸ ਹਾਲਤ ਵਿੱਚ ਪਹੁੰਚਾ ਦਿੱਤਾ। ਸੋਚ-ਸੋਚ ਕੇ ਉਸ ਨੇ ਇੱਕ ਦਿਨ ਤੇਮਸੂ ਨੂੰ ਕਿਹਾ, ''ਤੇਮੂ, ਚੱਲੋ ਆਪਾਂ ਆਪੋ ਆਪਣੇ ਘਰਾਂ ਨੂੰ ਮੁੜ ਚਲੀਏ।" ਤੇਮਸੂ ਹੈਰਾਨ ਹੋ ਕੇ ਬੋਲਿਆ, "ਕੀ ਕਹਿ ਰਹੀ ਹੈਂ ? ਘਰ ਜਾਣਾ ਕੀ ਇੰਨਾ ਆਸਾਨ ਹੈ। ਇੱਕ-ਦੂਜੇ ਤੋਂ ਤਲਾਕ ਲੈਣਾ ਪਵੇਗਾ ਤੇ ਤੈਨੂੰ ਬੱਚੇ ਨੂੰ ਵੀ ਹਮੇਸ਼ਾ ਲਈ ਭੁੱਲਣਾ ਪਵੇਗਾ।" ਅਲੀਲਾ ਵੀ ਜਾਣਦੀ ਸੀ। ਕਬੀਲੇ ਦਾ ਇਹੀ ਅਸੂਲ ਸੀ। ਅਗਰ ਘਰ ਜਾਣਾ ਹੈ ਤਾਂ ਔਰਤ ਨੂੰ ਪਤੀ ਤੋਂ ਤਲਾਕ ਲੈ ਕੇ ਤੇ ਬੱਚੇ ਪਤੀ ਦੇ ਹਵਾਲੇ ਕਰ ਕੇ ਮਾਂ-ਬਾਪ ਦੇ ਘਰ ਜਾਣਾ ਹੋਵੇਗਾ ਤੇ ਫ਼ਿਰ ਕਦੇ ਵੀ ਉਹ ਆਪਣੇ ਬੱਚਿਆਂ ਨੂੰ ਮਿਲ ਨਹੀਂ ਸਕੇਗੀ।

ਇਹ ਸਾਰਾ ਕੁਝ ਬੜਾ ਦੁਖਦਾਈ ਸੀ, ਪਰ ਉਹ ਸੋਚਦੀ ਉਸ ਦੀ ਸਜ਼ਾ ਤੇਮਸੂ ਕਿਉਂ ਭੋਗੇ, ਉਸ ਦਾ ਕੀ ਕਸੂਰ ਹੈ। ਸਜ਼ਾ ਤਾਂ ਮੈਨੂੰ ਭੋਗਣੀ ਚਾਹੀਦੀ ਹੈ। ਉਹ ਬੜੀ ਦ੍ਰਿੜ੍ਹ ਨਿਸ਼ਚੇ ਵਾਲੀ ਕੁੜੀ ਸੀ। ਜਿਸ ਤਰ੍ਹਾਂ ਉਸ ਨੇ ਤੇਮਸੂ ਨਾਲ ਵਿਆਹ ਕਰਨ ਦਾ ਫ਼ੈਸਲਾ ਆਪਣੀ ਮਰਜ਼ੀ ਨਾਲ ਝਟਪਟ ਕਰ ਲਿਆ ਸੀ, ਉਸੇ ਤਰ੍ਹਾਂ ਉਸ ਨੇ ਉਸ ਤੋਂ ਤਲਾਕ ਲੈਣ ਦਾ ਫ਼ੈਸਲਾ ਕਰ ਲਿਆ। ਤਲਾਕ ਪਿੰਡ ਦਾ ਕੌਂਸਲ ਕਰਦੀ ਹੈ ਤੇ ਜੁਰਮਾਨੇ ਦੇ ਤੌਰ 'ਤੇ ਆਦਮੀ ਨੂੰ ਇੱਕ ਗਊ ਪਿੰਡ ਦੀ ਪੰਚਾਇਤ ਨੂੰ ਦੇਣੀ ਪੈਂਦੀ ਹੈ। ਗਊ ਜੋਗੇ ਪੈਸੇ ਕਿੱਥੋਂ ਆਉਂਦੇ। ਤੇਮਸੂ ਨੂੰ ਆਪਣਾ ਘਰ ਵੇਚਣਾ ਪਿਆ। ਸੋ ਤਲਾਕ ਹੋ ਗਿਆ ਤੇ ਦੋਵੇਂ ਜਣੇ ਆਪਣੇ ਘਰ ਆਪਣੇ ਪਿੰਡ ਵਿੱਚ ਚਲੇ ਗਏ। ਇੱਕ ਹੱਸਦਾ-ਵੱਸਦਾ ਘਰ ਹਾਲਾਤ ਦੀ ਬੇਰਹਿਮੀ ਦੀ ਭੇਟ ਚੜ੍ਹ ਗਿਆ। ਤੇਮਸੂ ਤੇ ਅਲੀਲਾ ਤਾਂ ਦੁਖੀ ਹੈ ਹੀ ਸਨ, ਪਰ ਸਭ ਤੋਂ ਭੈੜਾ ਅਸਰ ਬੱਚੇ 'ਤੇ ਪਿਆ। ਉਸ ਨੂੰ ਮਾਂ-ਬਾਪ ਦੋਵੇਂ ਹੀ ਚਾਹੀਦੇ ਸਨ, ਪਰ ਕਬੀਲੇ ਦੇ ਕਾਨੂੰਨ ਅਨੁਸਾਰ ਹੁਣ ਉਸ ਨੇ ਕਦੇ ਆਪਣੀ ਮਾਂ ਨੂੰ ਨਹੀਂ ਸੀ ਮਿਲਣਾ। ਉਹ ਬਹੁਤ ਉਦਾਸ ਰਹਿਣ ਲੱਗ ਪਿਆ, ਪਰ ਇੱਕ ਬਗ਼ਾਵਤ ਉਸ ਦੇ ਅੰਦਰ ਜਨਮ ਲੈ ਰਹੀ ਸੀ। ਉਹ ਸੋਚਦਾ ਕਿ ਜਦ ਉਹ ਵੱਡਾ ਹੋ ਜਾਵੇਗਾ ਤਾਂ ਉਹ ਲੋਕਾਂ ਦੇ ਮਨਾਂ ਵਿੱਚ ਇਸ ਚੰਦਰੇ ਕਾਨੂੰਨ ਖ਼ਿਲਾਫ਼ ਇੰਨੀ ਨਫ਼ਰਤ ਭਰ ਦੇਵੇਗਾ ਕਿ ਹੌਲੀ-ਹੌਲੀ ਹਰ ਕੋਈ ਇਸ ਦੇ ਖ਼ਿਲਾਫ਼ ਹੋ ਜਾਵੇਗਾ।

ਉਸ ਵੇਲੇ ਸਭ ਲੋਕ ਜਾਗ ਜਾਣਗੇ ਤੇ ਉਨ੍ਹਾਂ ਵਿੱਚ ਅਜਿਹੀ ਬਗ਼ਾਵਤ ਦੀ ਲਹਿਰ ਉੱਠੇਗੀ ਕਿ ਉਹ ਇਕਮੁੱਠ ਹੋ ਕੇ ਇਸ ਕਾਨੂੰਨ ਖ਼ਿਲਾਫ਼ ਲੜਨਗੇ ਤੇ ਇਸ ਨੂੰ ਜੜ੍ਹੋਂ ਖਤਮ ਕਰ ਦੇਣਗੇ। ਉਹ ਸੋਚਦਾ- ਮੈਂ ਉਸ ਦਿਨ ਦੀ ਇੰਤਜ਼ਾਰ ਕਰਾਂਗਾ ਜਦ ਇਸ ਕਾਲੇ ਕਾਨੂੰਨ ਦੇ ਛੁਟਕਾਰੇ ਵਾਲੀ ਸੁਬ੍ਹਾ ਹੋਵੇਗੀ ਤੇ ਮੇਰੇ ਮਾਂ-ਬਾਪ ਇਸ ਕਾਨੂੰਨ ਤੋਂ ਆਜ਼ਾਦ ਹੋ ਕੇ ਇੱਕ ਹੋ ਜਾਣਗੇ ਤੇ ਸਾਡਾ ਇੱਕ ਹੱਸਦਾ-ਵੱਸਦਾ ਘਰ ਹੋਵੇਗਾ। ਉਹ ਸੁਬ੍ਹਾ ਜ਼ਰੂਰ ਹੋਵੇਗੀ, ਮੈਂ ਉਸ ਦੀ ਇੰਤਜ਼ਾਰ ਕਰਾਂਗਾ।

## ਜੰਗਜੂ ਕਲਾ ਗੱਤਕੇ ਨੂੰ ਮਾਣ ਦਿਵਾਉਣ ਵਾਲੀ ਬਹੁਪੱਖੀ ਸਿੱਖ ਸ਼ਖਸੀਅਤ-ਹਰਜੀਤ ਸਿੰਘ ਗਰੇਵਾਲ

**ਨਰਿੰਦਰ ਸਿੰਘ ਸੱਤੀ**

ਕੁੱਝ ਵਿਅਕਤੀ ਜਦੋਂ ਦੁਨੀਆਂ ?ਤੇ ਵਿਚਰਦਿਆਂ ਸਮਾਜ, ਕੌਮ ਜਾਂ ਧਰਮ ਲਈ ਕੁੱਝ ਵੱਖਰਾ ਅਤੇ ਸਰਵ-ਪ੍ਰਵਾਨਿਤ ਕਾਰਜ ਕਰ ਰਹੇ ਹੁੰਦੇ ਹਨ ਤਾਂ ਲਾਜ਼ਮੀ ਹੀ ਉਹ ਸੱਜਣ ਵਿਰਲੀਆਂ ਸਖਸ਼ੀਅਤਾਂ ਦੀ ਕਤਾਰ ਵਿੱਚ ਜਾ ਖਲੋਂਦੇ ਹਨ ਅਤੇ ਅਜਿਹੇ ਕਿਰਦਾਰਾਂ ਦਾ ਜ਼ਿਕਰ ਅਕਸਰ ਹੀ ਲੋਕਾਂ ਦੀ ਜ਼ੁਬਾਨ ?ਤੇ ਮੱਲੋ-ਮੱਲੀ ਆ ਜਾਂਦਾ ਹੈ। ਅੱਜ ਅਸੀਂ ਜਿਸ ਬਹੁ-ਪੱਖੀ ਸਖਸ਼ੀਅਤ ਦੀ ਚਰਚਾ ਕਰਨ ਲੱਗੇ ਹਾਂ ਉਸ ਮਿਕਨਾਤੀਸੀ ਸੱਜਣ ਨੇ ਸਰਕਾਰੀ ਨੌਕਰੀ ਦੀਆਂ ਔਖੀਆਂ ਵਲਗਣਾਂ ਵਿੱਚ ਤਨਦੇਹੀ ਨਾਲ ਡਿਊਟੀ ਨਿਭਾਉਂਦਿਆਂ ਪੰਜਾਬੀ ਸਮਾਜ, ਸਿੱਖ ਕੌਮ ਅਤੇ ਆਪਣੇ ਧਰਮ ਲਈ ਅਜਿਹੇ ਨਿਵੇਕਲੇ ਮਰਹਲੇ ਨੂੰ ਸਦੀਵੀਂ ਕਾਇਮ ਕੀਤਾ ਹੈ ਜਿਸ ਨਾਲ ਕੌਮ ਦਾ ਮਾਣ ਹੋਰ ਉਚਾ ਹੋਇਆ ਹੈ ਅਤੇ ਅਜਿਹੀ ਮਿਸਾਲ ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਬਹੁਤ ਘੱਟ ਦੇਖਣ ਨੂੰ ਮਿਲਦੀ ਹੈ।

ਉਹ ਹਰਦਿਲ ਅਜ਼ੀਜ਼ ਸੱਜਣ ਨੇ ਸਿੱਖੀ ਸਰੂਪ ਵਿੱਚ ਵਿਚਰਦੇ ਸ਼ ਹਰਜੀਤ ਸਿੰਘ ਗਰੇਵਾਲ, ਜੋ ਅਸਲ ਮਾਅਨਿਆਂ ਵਿਚ ਇਕ ਬਹੁਪੱਖੀ, ਨਿਵੇਕਲੀ ਅਤੇ ਰੰਗਲੀ ਸਖਸ਼ੀਅਤ ਦੇ ਮਾਲਕ ਹਨ। ਪੰਜਾਬ ਦੇ ਲੋਕ ਸੰਪਰਕ ਵਿਭਾਗ ਵਿੱਚ ਡਿਪਟੀ ਡਾਇਰੈਕਟਰ ਪ੍ਰੈਸ ਦੇ ਅਹੁਦੇ ?ਤੇ ਸੇਵਾ ਨਿਭਾਅ ਰਹੇ ਸ਼ ਗਰੇਵਾਲ ਨੇ ਆਪਣੇ ਜੀਵਨ ਦੌਰਾਨ ਵਿੱਦਿਅਕ, ਪੱਤਰਕਾਰਤਾ ਅਤੇ ਸਮਾਜ ਸੇਵਾ ਦੇ ਖੇਤਰਾਂ ਵਿਚ ਨਿਵੇਕਲੇ ਅਤੇ ਵੱਡੇ ਮਾਅਰਕੇ ਮਾਰੇ ਹਨ।

**ਗੱਤਕਾ ਖੇਡ ਦੀ ਪ੍ਰਫੁੱਲਤਾ ਵਿਚ ਵੱਡਾ ਯੋਗਦਾਨ**

ਕਰੀਬ ਪਿਛਲੇ ਇੱਕ ਦਹਾਕੇ ਤੋਂ ਸ਼ ਗਰੇਵਾਲ ਨੇ ਗੁਰੂ ਸਾਹਿਬਾਨ ਵੱਲੋਂ ਬਖਸ਼ੀ ਪੁਰਾਤਨ ਸਿੱਖ ਜੰਗਜੂ ਖੇਡ ?ਗੱਤਕੇ' ਦੀ ਪੁਨਰ-ਸੁਰਜੀਤੀ, ਇਸ ਨੂੰ ਮਾਨਤਾਪ੍ਰਾਪਤ ਖੇਡ ਵਜੋਂ ਪ੍ਰਫੁੱਲਤ ਕਰਨ ਅਤੇ ਇਸ ਕਲਾ ਦਾ ਦੇਸ਼-ਵਿਦੇਸ਼ ਵਿੱਚ ਪ੍ਰਚਾਰ-ਪਸਾਰ ਕਰਨ ਖਾਤਰ ਵੱਡੀ ਘਾਲਣਾ ਘਾਲੀ ਹੈ। ਕਦੇ ਸਾਰਕ ਸੰਸਥਾ ਅਤੇ ਯੂਨੈਸਕੋ ਵੱਲੋਂ ਲੁਪਤ ਕਰਾਰ ਦਿੱਤੀ ਜਾ ਚੁੱਕੀ ਇਸ ਵਿਰਾਸਤੀ ਅਤੇ ਸੱਭਿਆਚਾਰਕ ਕਲਾ ਨੂੰ ਸ਼ ਗਰੇਵਾਲ ਨੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਸਮੇਤ ਸਰਕਾਰੀ ਦਰਬਾਰੇ ਬਤੌਰ ਖੇਡ ਵਜੋਂ ਮਾਨਤਾ ਦਿਵਾਕੇ ਵਿਧੀਵਤ ਢੰਗ ਨਾਲ ਖਿਡਾਉਣ ਲਈ ਬਹੁਤ ਅਹਿਮ ਯੋਗਦਾਨ ਪਾਇਆ ਹੈ ਜਿਸ ਨਾਲ 21ਵੀਂ ਸਦੀ ਵਿੱਚ ਗੱਤਕੇ ਦੇ ਨਵੇਂ ਇਤਿਹਾਸ ਦੀ ਸਿਰਜਣਾ ਹੋਈ ਹੈ। ਗੱਤਕਾ ਖੇਡ ਸੰਸਥਾ ਦੇ ਗਠਨ ਉਪਰੰਤ ਇਸ ਨੂੰ ਖੇਡ ਵਜੋਂ ਸੂਬਾਈ ਅਤੇ ਕੌਮੀ ਪੱਧਰ 'ਤੇ ਪ੍ਰਫੁੱਲਤ ਕਰਨ ਲਈ ਸਾਲ 2008 ਅਤੇ 2009 ਵਿੱਚ ਉਨ੍ਹਾਂ ਨੂੰ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਪਲੇਠੀ ਗੱਤਕਾ ਨਿਯਮਾਂਵਲੀ ਸੰਪਾਦਨ ਕਰਨ ਦਾ ਮਾਣ ਹਾਸਲ ਹੈ। ਇਸ ਵਿਸਥਾਰਿਤ ਨਿਯਮਾਂਵਲੀ ਨੂੰ ਕਈ ਵਾਰ ਸੋਧਣ ਉਪਰੰਤ ਹੁਣ ਇਸ ਦਾ ਦੂਜਾ ਐਡੀਸ਼ਨ 2017 ਵਿਚ ਵਿਸ਼ਵ ਦੇ ਗੱਤਕਾ ਖਿਡਾਰੀਆਂ ਦੀ ਝੋਲੀ ਪਾਇਆ ਹੈ। ਲੋਕ ਸੰਪਰਕ ਅਫ਼ਸਰ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਅਤੇ ਡਿਪਟੀ ਡਾਇਰੈਕਟਰ ਵਰਗੇ ਅਹਿਮ ਅਹੁਦਿਆਂ ?ਤੇ ਵੱਖ-ਵੱਖ ਸਮੇਂ ?ਤੇ ਬਾਖੂਬੀ ਡਿਊਟੀ ਨਿਭਾਉਂਦਿਆਂ ਉਨ੍ਹਾਂ ਨੇ ਗੱਤਕੇ ਦੀ ਪ੍ਰਫੁੱਲਤਾ ਲਈ ਪੰਜਾਬ ਅਤੇ ਪੰਜਾਬ ਤੋਂ ਬਾਹਰ ਸੈਂਕੜੇ ਟੂਰਨਾਮੈਂਟ ਕਰਵਾਏ। ਬਹੁਤ ਸਾਰੀਆਂ ਗੱਤਕਾ ਵਰਕਸ਼ਾਪਾਂ, ਸਿਖਲਾਈ ਕੈਂਪਾਂ, ਰਿਫਰੈਸ਼ਰ ਕੋਰਸਾਂ ਅਤੇ ਸਮਾਗਮਾਂ ਦਾ ਪ੍ਰਬੰਧ ਕਰਦਿਆਂ ਖੁਦ ਹਾਜ਼ਰੀ ਵੀ ਭਰੀ।

ਉਨ੍ਹਾਂ ਦੇ ਮਨ ਵਿੱਚ ਹਰ ਸਮੇਂ ਗੱਤਕੇ ਦੀ ਬਿਹਤਰੀ ਲਈ ਯੋਜਨਾਵਾਂ ਘੜ੍ਹੀਆਂ-ਬੁਣੀਆਂ ਜਾ ਰਹੀਆਂ ਹੁੰਦੀਆਂ ਹਨ ਅਤੇ ਉਹ ਆਪਣੇ ਸਾਥੀਆਂ ਨੂੰ ਇੰਨਾਂ ?ਸਕੀਮਾਂ' ਦੀ ਸਫ਼ਲਤਾ ?ਤੇ ਕੰਮ ਕਰਨ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ। ਸ਼ ਗਰੇਵਾਲ ਅਤੇ ਉਨਾਂ ਦੀ ਟੀਮ ਦਾ ਟੀਚਾ ਹੈ ਕਿ ਇਸ ਪੁਰਾਤਨ ਕਲਾ ਨੂੰ ਉਲੰਪਿਕ ਖੇਡਾਂ ਵਿੱਚ ਸ਼ਾਮਲ ਕਰਵਾਇਆ ਜਾਵੇ ਜਿਸ ਲਈ ਬਤੌਰ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਦੇ ਪ੍ਰਧਾਨ ਵਜੋਂ ਉਨਾਂ ਇੱਕ ?ਵਿਜ਼ਨ ਡਾਕੂਮੈਂਟ' ਵੀ ਤਿਆਰ ਕੀਤਾ ਹੈ ਜਿਸ ਤਹਿਤ ਸਾਲ 2030 ਤੱਕ ਗੱਤਕਾ ਖੇਡ ਦੇ ਪਸਾਰ ਤੇ ਪ੍ਰਚਾਰ ਹਿੱਤ ਇੱਕ ?ਰੋਡ ਮੈਪ' ਉਲੀਕਿਆ ਗਿਆ ਹੈ।

**ਸਮਾਜ ਸੇਵਾ ਵਿਚ ਮੋਹਰੀ**

ਸਮਾਜ ਸੇਵਾ ਦੇ ਕੰਮਾਂ ਵਿੱਚ ਵਿਚਰਦਿਆਂ ਸ਼ ਗਰੇਵਾਲ ਕਈ ਵੱਡੀਆਂ ਸੰਸਥਾਵਾਂ ਨਾਲ ਜੁੜੇ ਹੋਏ ਹਨ। ਉਹ ਗੱਤਕਾ ਐਸੋਸੀਏਸ਼ਨ ਪੰਜਾਬ ਅਤੇ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਦੇ ਚੇਅਰਮੈਨ ਹਨ। ਇਸ ਤੋਂ ਇਲਾਵਾ ਮਾਂ-ਬੋਲੀ ਨੂੰ ਵੱਖ-ਵੱਖ ਰਾਜਾਂ ਵਿੱਚ ਬਣਦਾ ਰੁਤਬਾ ਦਿਵਾਉਣ ਅਤੇ ਇਸ ਦੀ ਪ੍ਰਫੁੱਲਤਾ ਲਈ ਉਹ ਪੰਜਾਬੀ ਕਲਚਰਲ ਕੌਂਸਲ ਦੇ ਚੇਅਰਮੈਨ ਅਤੇ ਪੰਜਾਬੀ ਆਰਟਸ ਐਂਡ ਕਲਚਰਲ ਫਾਊਂਡੇਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਵਜੋਂ ਸਰਗਰਮੀ ਨਾਲ ਕਾਰਜਸ਼ੀਲ ਹਨ।



ਸਮਾਜ ਸੇਵਾ ਨੂੰ ਸਮਰਪਿਤ ਸ਼ ਗਰੇਵਾਲ ਨੇ ਸਵੈਇੱਛਕ ਖੂਨਦਾਨੀ ਵਜੋਂ ਹੁਣ ਤੱਕ 12 ਵਾਰ ਖੂਨਦਾਨ ਕੀਤਾ ਹੈ ਅਤੇ ਉਹ ਬਲੱਡ ਡੋਨਰਜ਼ ਕੌਂਸਲ ਲੁਧਿਆਣਾ ਦੇ ਪ੍ਰਧਾਨ ਵਜੋਂ ਖੂਨਦਾਨ ਮੁਹਿੰਮ ਵਿੱਚ ਵੀ ਯੋਗਦਾਨ ਪਾ ਰਹੇ ਹਨ। ਇਸ ਤੋਂ ਇਲਾਵਾ ਇਹ ਬਹੁ-ਪੱਖੀ ਸਖਸ਼ੀਅਤ ਗਲੋਬਲ ਆਰਗਨ ਡੋਨਰਜ਼ ਫਾਊਂਡੇਸ਼ਨ (ਗਾਡ ਫਾਊਂਡੇਸ਼ਨ) ਦੇ ਮੈਨੇਜਿੰਗ ਡਾਇਰੈਕਟਰ ਵਜੋਂ ਅੰਗ-ਦਾਨ ਅਤੇ ਟਿਸ਼ੂ ਦਾਨ ਦੀ ਚੇਤਨਾ ਫੈਲਾਉਣ ਵਿਚ ਵੀ ਮੋਹਰੀ ਭੂਮਿਕਾ ਅਦਾ ਕਰ ਰਹੀ ਹੈ। ਪੰਜਾਬ ਦੇ ਅਹਿਮ ਮਸਲਿਆਂ ਅਤੇ ਮੁੱਦਿਆਂ ?ਤੇ ਖੋਜ ਵਿਸ਼ਿਆਂ ਲਈ ਉਹ ?ਸੈਂਟਰ ਫਾਰ ਰਿਸਰਚ ਐਂਡ ਡਿਵੈਲਪਮੈਂਟ ਸਟੱਡੀਜ਼ ਪੰਜਾਬ' ਦੇ ਚੇਅਰਮੈਨ ਵਜੋਂ ਵੀ ਸਰਗਰਮ ਭੂਮਿਕਾ ਅਦਾ ਕਰ ਰਹੇ ਹਨ। ਕਈ ਸਾਲ ਲੋਕ ਸੰਪਰਕ ਵਿਭਾਗ ਦੀ ਆਫ਼ੀਸਰਜ਼ ਐਸੋਸੀਏਸ਼ਨ ਦੇ ਪ੍ਰਧਾਨ ਵੀ ਰਹੇ। ਇਸ ਵੇਲੇ ਉਹ ਪਬਲਿਕ ਰਿਲੇਸ਼ਨਜ਼ ਸੁਸਾਇਟੀ ਆਫ਼ ਇੰਡੀਆ ਦੇ ਚੰਡੀਗੜ੍ਹ ਚੈਪਟਰ ਦੇ ਚੇਅਰਮੈਨ ਵੀ ਹਨ।

ਵੱਕਾਰੀ ?ਸਟੇਟ ਐਵਾਰਡ' ਨਾਲ ਸਨਮਾਨ ਗੱਤਕੇ ਦੀ ਪ੍ਰਫੁੱਲਤਾ, ਮਾਂ-ਬੋਲੀ ਅਤੇ ਸਮਾਜ ਸੇਵਾ ਪ੍ਰਤੀ ਬਹੁਮੁੱਲੀਆਂ ਪ੍ਰਾਪਤੀਆਂ ਨੂੰ ਦੇਖਦਿਆਂ ਪੰਜਾਬ ਸਰਕਾਰ ਨੇ ਉਨਾਂ ਨੂੰ ਸਾਲ 2010 ਵਿਚ ਵੱਕਾਰੀ ?ਸਟੇਟ ਐਵਾਰਡ' ਨਾਲ ਸਨਮਾਨਿਤ ਕੀਤਾ। ਸਮਾਜ ਦੀਆਂ ਕਈ ਸੰਸਥਾਵਾਂ ਵੱਲੋਂ ਸ਼ ਗਰੇਵਾਲ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ ਜਿਨਾਂ ਵਿੱਚ ਯੂਥਕੇਥ ਗੱਤਕਾ ਫੈਡਰੇਸ਼ਨ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਕਲਾ ਮੰਚ ਸੰਗਰੂਰ, ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਆਲ ਇੰਡੀਆ ਪਿੰਗਲਵਾੜਾ ਸੁਸਾਇਟੀ, ਦਾ ਗ੍ਰੀਨ ਸੰਗਰੂਰ, ਅਦਾਰਾ ਜਾਗਰਨ ਗਰੁੱਪ, ਚੀਫ ਖਾਲਸਾ ਦੀਵਾਨ ਅੰਮ੍ਰਿਤਸਰ, ਦਿੱਲੀ ਸਿੱਖ ਗੁਰਦਵਾਰਾ ਮੈਨੇਜਮੈਂਟ ਕਮੇਟੀ, ਗੱਤਕਾ ਫੈਡਰੇਸ਼ਨ ਆਫ ਨਿਪਾਲ ਅਤੇ ਯੂਰਪੀਅਨ ਪੰਜਾਬੀ ਸੱਥ ਆਦਿ ਸਮੇਤ ਹੋਰ ਦੋ ਦਰਜਨ ਸੰਸਥਾਵਾਂ ਸ਼ਾਮਲ ਹਨ। ਸ਼ ਗਰੇਵਾਲ ਦੇਸ਼-ਦੁਨੀਆਂ ਘੁੰਮਣ ਵਾਲੀ ਸਖਸ਼ੀਅਤ ਹੈ ਅਤੇ ਉਨ੍ਹਾਂ ਕਈ ਦੇਸ਼ਾਂ ਦਾ ਦੌਰਾ ਵੀ ਕੀਤਾ ਹੈ ਜਿਨ੍ਹਾਂ ਵਿਚ ਇੰਗਲੈਂਡ ਆਸਟਰੇਲੀਆ ਅਤੇ ਨਿਪਾਲ ਵਰਗੇ ਮੁਲਕ ਸ਼ਾਮਲ ਹਨ।

ਪੇਸ਼ੇਵਰ ਜ਼ਿੰਦਗੀ ਦੀਆਂ ਪ੍ਰਾਪਤੀਆਂ ਸਾਇੰਸ ਗ੍ਰੈਜੁਏਟ ਸ਼ ਗਰੇਵਾਲ ਸਾਲ 1991 ਵਿੱਚ ਵਕਾਲਤ ਦੀ ਡਿਗਰੀ ਪਾਸ ਕਰਨ ਤੋਂ ਬਾਅਦ ਬਾਰ ਕੌਂਸਲ ਪੰਜਾਬ ਅਤੇ ਹਰਿਆਣਾ ਦੇ ਮੈਂਬਰ ਵੀ ਰਹੇ। ਉਪਰੰਤ ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ ਵਿਚ ਮਾਸਟਰ ਡਿਗਰੀ ਪ੍ਰਾਪਤ ਕੀਤੀ। ਸਾਲ 1992 ਵਿਚ ?ਪੰਜਾਬੀ ਟ੍ਰਿਬਿਊਨ' ਤੋਂ ਸਿਖਲਾਈ ਲੈ ਕੇ ਪੱਤਰਕਾਰਤਾ ਦੀਆਂ ਬਾਰੀਕੀਆਂ ਸਿੱਖਣ ਉਪਰੰਤ ਉਹ ਕਰੀਬ ਇੱਕ ਸਾਲ ?ਰੋਜ਼ਾਨਾ ਚੜ੍ਹਦੀ ਕਲਾ' (ਪਟਿਆਲਾ) ਵਿਖੇ ਉਪ-ਸੰਪਾਦਕ ਰਹੇ। ਇਨਾਂ ਦਿਨਾਂ ਵਿੱਚ ਹੀ ਉਨ੍ਹਾਂ ਨੇ ?ਆਲ ਇੰਡੀਆ ਰੇਡੀਓ' ਪਟਿਆਲਾ ਅਤੇ ਜਲੰਧਰ ਦੇ ਹਫਤਾਵਾਰੀ ਪ੍ਰੋਗਰਾਮਾਂ ਨੂੰ ਬਾਖੂਬੀ ਪੇਸ਼ ਕੀਤਾ। ਨਵੰਬਰ 1993 ਤੋਂ ਉਨ੍ਹਾਂ ?ਰੋਜ਼ਾਨਾ ਅਜੀਤ' ਵਿਚ ਉਪ-ਸੰਪਾਦਕ ਵਜੋਂ ਆਪਣੀ ਪੇਸ਼ੇਵਰ ਜ਼ਿੰਦਗੀ ਦਾ ਇਕ ਨਵਾਂ ਅਧਿਆਏ ਸ਼ੁਰੂ ਕੀਤਾ ਅਤੇ ਇਸ ਅਦਾਰੇ ਵਿਚ ਪੂਰੀ ਤਨਦੇਹੀ ਨਾਲ ਅੱਠ ਸਾਲ ਤੱਕ ਸ਼ਾਨਦਾਰ ਸੇਵਾਵਾਂ ਨਿਭਾਈਆਂ। ਉਪਰੰਤ ਸ਼ ਗਰੇਵਾਲ ਲੋਕ ਸੰਪਰਕ ਵਿਭਾਗ ਪੰਜਾਬ ਵਿਚ ਬਤੌਰ ਲੋਕ ਸੰਪਰਕ ਅਫਸਰ ਭਰਤੀ ਹੋ ਗਏ। ਕਰੀਬ 16 ਸਾਲਾਂ ਦੀ ਇਸ ਬੇਦਾਗ ਨੌਕਰੀ ਦੌਰਾਨ ਉਨਾਂ ਬਹੁਤ ਅਹਿਮ ਜ਼ਿੰਮੇਵਾਰੀਆਂ ?ਤੇ ਕੰਮ ਕੀਤਾ ਅਤੇ ਹਰ ਤਰ੍ਹਾਂ ਦੀਆਂ ਚੁਣੌਤੀਆਂ ਨੂੰ ਸਫਲਤਾਪੂਰਬਕ ਸਰ ਕੀਤਾ ਹੈ। ਉਨਾਂ ਡੀਥਪੀਥਆਰਥਓ ਰੂਪਨਗਰ ਤੋਂ ਇਲਾਵਾ ਵਿਜੀਲੈਂਸ ਬਿਓਰੋ, ਡੀਥਜੀਥਪੀ ਪੰਜਾਬ ਸਮੇਤ ਕਈ ਮੰਤਰੀਆਂ ਨਾਲ ਬਤੌਰ ਪੀਥਆਰਥਓ ਵਜੋਂ ਸ਼ਾਨਦਾਰ ਸੇਵਾਵਾਂ ਨਿਭਾਈਆਂ ਹਨ। ਨੌਕਰੀ ਪ੍ਰਤੀ ਲਗਨ, ਮਿਹਨਤ ਅਤੇ ਸਮਰਪਣ ਦੀ ਭਾਵਨਾ ਨੂੰ ਦੇਖਦਿਆਂ ਉਨ੍ਹਾਂ ਨੂੰ ਉਪ ਮੁੱਖ ਮੰਤਰੀ ਪੰਜਾਬ ਨਾਲ ਡਿਪਟੀ ਡਾਇਰੈਕਟਰ ਪ੍ਰੈਸ ਵਜੋਂ ਤਾਇਨਾਤ ਕੀਤਾ ਗਿਆ।

ਇੱਥੇ ਵੀ ਉਨ੍ਹਾਂ ਸਿੱਧ ਕੀਤਾ ਕਿ ਆਪਣੇ ਪੇਸ਼ੇ ਪ੍ਰਤੀ ਉਹ ਕਿਸੇ ਵੀ ਪ੍ਰਕਾਰ ਦਾ ਸਮਝੌਤਾ ਨਹੀਂ ਕਰਦੇ। ਆਪ ਇਕ ਬੇਹਤਰੀਨ ਖਿਡਾਰੀ ਵੀ ਰਹੇ। ਉਨ੍ਹਾਂ 35ਵੀਂ ਸੀਨੀਅਰ ਨੈਸ਼ਨਲ ਮੁੱਕੇਬਾਜੀ ਚੈਂਪੀਅਸ਼ਿਪ ਵਿਚ ਹਿੱਸਾ ਲਿਆ ਅਤੇ 21ਵੀਂ ਪੰਜਾਬ ਸੀਨੀਅਰ ਮੁੱਕੇਬਾਜੀ ਚੈਂਪੀਅਨਸ਼ਿਪ ਵਿਚ ਤੀਜਾ ਸਥਾਨ ਹਾਸਲ ਕੀਤਾ। ਉਨਾਂ ਸਕੂਲ ਅਤੇ ਕਾਲਜ ਦੌਰਾਨ ਹੋਰ ਖੇਡਾਂ ਵਿੱਚ ਵੀ ਆਪਣੀ ਹਾਜ਼ਰੀ ਲਵਾਈ।

ਇਸ ਤੋਂ ਇਲਾਵਾ ਬਹੁਤ ਸਾਰੇ ਵੱਖ-ਵੱਖ ਸਮਾਜਿਕ ਮੁੱਦਿਆਂ 'ਤੇ ਉਹ ਆਪਣੀ ਕਲਮ ਰਾਹੀਂ ਆਵਾਜ਼ ਬੁਲੰਦ ਕਰਦੇ ਆ ਰਹੇ ਹਨ। ਅਖਬਾਰਾਂ, ਮੈਗਜ਼ੀਨਾਂ, ਚੈਨਲਾਂ, ਰੇਡੀਓ ਤੇ ਹੋਰ ਮੀਡੀਆ ਸਾਧਨਾਂ ਵਿਚ ਉਨ੍ਹਾਂ ਦੇ ਲੇਖ ਅਤੇ ਵਿਚਾਰ-ਚਰਚਾ ਛਪਦੀ ਅਤੇ ਪ੍ਰਸਾਰਿਤ ਹੁੰਦੀ ਰਹਿੰਦੀ ਹੈ। ਅੱਜ ਦੇ ਤੇਜ਼-ਤਰਾਰ ਅਤੇ ਪਦਾਰਥਵਾਦੀ ਯੁੱਗ ਵਿੱਚ ਸਮਾਜ ਨੂੰ ਅਜਿਹੇ ਮਾਣਮੱਤੇ ਰੰਗਲੇ ਸੱਜਣਾਂ ਦੀ ਬੇਹੱਦ ਲੋੜ ਹੈ ਜਿਨਾਂ ਤੋਂ ਆਉਣ ਵਾਲੀਆਂ ਨਸਲਾਂ ਬਹੁਤ ਕੁੱਝ ਸਿੱਖ ਅਤੇ ਸੇਧ ਲੈ ਸਕਦੀਆਂ ਹਨ। ਸ਼ਾਲਾ, ਸਮਾਜ ਸੇਵਾ ਨੂੰ ਪ੍ਰਣਾਈ ਹੋਈ ਰੂਹਾਨੀਅਤ ਵਿੱਚ ਰੰਗੀ ਇਹ ਸਖਸ਼ੀਅਤ ਲੰਮੀਆਂ ਉਮਰਾਂ ਮਾਣੇ ਅਤੇ ਹੋਰ ਵੱਡੀਆਂ ਪੁਲਾਂਘਾਂ ਪੁੱਟ ਕੇ ਕੌਮ, ਦੇਸ਼, ਪੰਜਾਬ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰਦੀ ਰਹੇ।

# ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਨਾਜਾਇਜ਼ ਖਰਚ ਨਹੀਂ ਕਰੇਗੀ: ਝੀਂਡਾ



**ਸ਼ਾਹਬਾਦ ਮਾਰਕੰਡਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵਿੱਚ ਕਿਸੇ ਵੀ ਤਰ੍ਹਾਂ ਦਾ ਨਾਜਾਇਜ਼ ਖਰਚ ਨਹੀਂ ਹੋਣ ਦਿੱਤਾ ਜਾਵੇਗਾ। ਸੰਸਥਾ ਵੱਲੋਂ ਕੀਤੇ ਜਾਣ ਵਾਲੇ ਹਰ ਖਰਚ ’ਤੇ ਪਹਿਲਾਂ ਗੰਭੀਰਤਾ ਨਾਲ ਵਿਚਾਰ ਹੋਵੇਗਾ ਫਿਰ ਹੀ ਉਸ ਨੂੰ ਮੰਨਜ਼ੂਰੀ ਦਿੱਤੀ ਜਾਏਗੀ। ਇਹ ਦਾਅਵਾ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੇ ਕਮੇਟੀ ਦੇ ਹੈੱਡਕੁਆਰਟਰ ਕੁਰੂਕਸ਼ੇਤਰ ਵਿੱਚ ਕੀਤਾ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਬਾਅਦ ਸੇਵਾ ਸੰਭਾਲਣ ਵਾਲੀ ਹਰਿਆਣਾ ਕਮੇਟੀ ਦੇ ਪਹਿਲੇ ਆਮ ਬਜਟ ਦੇ ਹਰ ਬਿੰਦੂ ’ਤੇ ਸਲਾਹ ਮਸ਼ਵਰਾ ਹੋਵੇਗਾ। ਜੇ ਕਿਸੇ ਵੀ ਪ੍ਰਕਾਰ ਦਾ ਕੋਈ ਨਾਜਾਇਜ਼ ਖਰਚ ਕਿਧਰੇ ਨਜ਼ਰ ਆਇਆ ਤਾਂ ਉਸ ਨੂੰ ਬਜਟ ਤੋਂ ਬਾਹਰ ਕਰ ਦਿੱਤਾ ਜਾਵੇਗਾ।

ਜਥੇਦਾਰ ਝੀਂਡਾ ਨੇ ਦੱਸਿਆ ਕਿ 25 ਜੂਨ ਨੂੰ ਇਤਿਹਾਸਕ ਗੁਰਦੁਆਰੇ ਵਿੱਚ ਆਮ ਬਜਟ ਦੀ ਬੈਠਕ ਹੋਵੇਗੀ। ਇਸ ਵਿੱਚ ਸੰਸਥਾ ਦੇ ਸਾਰੇ 49 ਮੈਂਬਰ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਹਰਿਆਣਾ ਕਮੇਟੀ ਦੇ ਅਧੀਨ ਗੁਰਦੁਆਰਿਆਂ ਦੀ ਖਾਲੀ ਪਈ ਜ਼ਮੀਨ ’ਤੇ ਬਾਗ ਲਗਾਏ ਜਾਣਗੇ। ਉਨ੍ਹਾਂ ਚੋਣਾਂ ਤੋਂ ਪਹਿਲਾਂ ਪਿਛਲੇ ਤਿੰਨ ਮਹੀਨਿਆ ਵਿੱਚ ਸੰਸਥਾ ਵੱਲੋਂ ਕਰਵਾਈ ਗਈ 25 ਕਰੋੜ ਰੁਪਏ ਦੀ ਐੱਫਡੀ ਦਾ ਜ਼ਿਕਰ ਵੀ ਕੀਤਾ। ਉਨ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਦੇ ਇਸ ਸਾਲ ਮਨਾਏ ਗਏ ਪ੍ਰਕਾਸ਼ ਪੁਰਬ ਸਮਾਗਮ ਵਿਚ ਤਿੰਨ ਲੱਖ 29 ਹਜ਼ਾਰ 688 ਰੁਪਏ ਦਾ ਵਾਧਾ ਹੋਣ ’ਤੇ ਵੀ ਸੰਗਤ ਨੂੰ ਸ਼ੁਭ ਕਾਮਨਾਵਾਂ ਦਿੰਦੇ ਹੋਏ ਉਨ੍ਹਾਂ ਦਾ ਧੰਨਵਾਦ ਕੀਤਾ। ਝੀਂਡਾ ਨੇ ਕਿਹਾ ਕਿ ਗੁਰੂਘਰ ਦੀ ਗੋਲਕ ਦੀ ਵਰਤੋਂ ਧਰਮ ਪ੍ਰਚਾਰ, ਸਿੱਖਿਆ ਦੇ ਖੇਤਰ, ਸਿਹਤ ਦੇ ਖੇਤਰ ਤੇ ਸਮਾਜ ਸੇਵਾ ਲਈ ਹੋਵੇਗਾ। ਇਸ ਮੌਕੇ ਕਮੇਟੀ ਦੇ ਸੰਯੁਕਤ ਸਕੱਤਰ ਬਲਵਿੰਦਰ ਸਿੰਘ ਭਿੰਡਰ, ਕਾਰਜਕਾਰਨੀ ਮੈਂਬਰ ਕੁਲਦੀਪ ਸਿੰਘ ਮੁਲਤਾਨੀ, ਇੰਦਰਜੀਤ ਸਿੰਘ, ਕਰਨੈਲ ਸਿੰਘ ਨਿਮਨਾਬਾਦ, ਗੁਰਨਾਮ ਸਿੰਘ ਲਾਡੀ, ਬਲਦੇਵ ਸਿੰਘ ਹਾਬੜੀ, ਜੋਗਾ ਸਿੰਘ ਤੇ ਵਧੀਕ ਸਕੱਤਰ ਦਫਤਰ ਸਤਪਾਲ ਸਿੰਘ ਡਾਚਰ ਮੌਜੂਦ ਸਨ।

ਜਥੇਦਾਰ ਝੀਂਡਾ ਨੇ ਦੱਸਿਆ ਕਿ ਹਰਿਆਣਾ ਕਮੇਟੀ ਦੇ ਅਧੀਨ ਚਲ ਰਹੀ ਗੁਰੂ ਗ੍ਰੰਥ ਸਾਹਿਬ ਭਵਨ ਸ਼ਾਹਪੁਰ ਅੰਬਾਲਾ ਵਿਚ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਸਰੂਪ ਦਾ ਪ੍ਰਕਾਸ਼ਨ ਨਾ ਹੋਣ ਕਾਰਨ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੱਤਰ ਲਿਖਿਆ ਹੈ ਜਿਸ ਵਿਚ ਦੋਹਾਂ ਸੰਸਥਾਵਾਂ ਨੂੰ 500, 500 ਸਰੂਪ ਤੇ 21, 21 ਹਜ਼ਾਰ ਗੁਟਕਾ ਸਾਹਿਬ ਜਿਨ੍ਹਾਂ ਵਿੱਚ 16, 16 ਹਜ਼ਾਰ ਪੰਜਾਬੀ ਭਾਸ਼ਾ ਵਿਚ ਤੇ 5, 5 ਹਜ਼ਾਰ ਹਿੰਦੀ ਭਾਸ਼ਾ ਵਿਚ ਮੁਫ਼ਤ ਦੇਣ ਲਈ ਕਿਹਾ ਹੈ।

ਜਥੇਦਾਰ ਝੀਂਡਾ ਨੇ ਕਿਹਾ ਕਿ ਉਨ੍ਹਾਂ ਨੇ ਪੰਥਕ ਵਿਚਾਰਾਂ ਤੇ ਤਾਲਮੇਲ ਕਮੇਟੀ ਬਣਾਉਣ ਲਈ ਐੱਸਜੀਪੀਸੀ ਨੂੰ ਵੀ ਸੱਦਾ ਦਿੱਤਾ ਹੈ ਜਿਸ ਲਈ ਹਰਿਆਣਾ ਕਮੇਟੀ ਵੱਲੋਂ ਬਾਕਾਇਦਾ ਐੱਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਪੱਤਰ ਲਿਖਿਆ ਹੈ। ਉਨ੍ਹਾਂ ਕਿਹਾ ਕਿ ਇਹ ਤਾਲਮੇਲ ਪੰਥਕ ਵਿਚਾਰਾਂ, ਧਰਮ ਪ੍ਰਚਾਰ ਤੇ ਹਰਿਆਣਾ ਵਿਚ ਐੱਸਜੀਪੀਸੀ ਦੇ ਨਾਂ ਬੋਲ ਰਹੀ ਚੱਲ ਅਚੱਲ ਸੰਪਤੀ ਨੂੰ ਹਰਿਆਣਾ ਕਮੇਟੀ ਦੇ ਨਾਂ ਕਰਾਉਣ ਲਈ ਵੀ ਜ਼ਰੂਰੀ ਹੈ।

# ਬਲਾ ਕਾਂਗਰਸ ਕਮੇਟੀ ਮਾਛੀਵਾੜਾ ਦੀ ਹੋਈ ਮਹੀਨਾਵਾਰ ਮੀਟਿੰਗ



**ਮਾਛੀਵਾੜਾ ਸਾਹਿਬ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਲੱਖਾ ਅਤੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੀਆਂ ਹਦਾਇਤਾਂ ਅਨੁਸਾਰ ਬਲਾਕ ਕਾਂਗਰਸ ਕਮੇਟੀ ਮਾਛੀਵਾੜਾ ਸਾਹਿਬ ਦੀ ਇੱਕ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਪਹੁੰਚੇ ਅਹੁਦੇਦਾਰਾਂ ਵੱਲੋਂ ਸਭ ਤੋਂ ਪਹਿਲਾਂ ਸਮਰਾਲਾ ਸ਼ਹਿਰੀ ਦੇ ਪ੍ਰਧਾਨ ਮਰਹੂਮ ਸੰਜੀਵ ਕੁਮਾਰ ਦੂਆ ਦੀ ਹੋਈ ਬੇਵਕਤੀ ਮੌਤ ਤੇ ਇੱਕ ਮਿੰਟ ਦਾ ਮੌਨ ਧਾਰ ਕੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਬਲਾਕ ਮੀਡੀਆ ਇੰਚਾਰਜ ਵਿਨੀਤ ਕੁਮਾਰ ਝੜੌਦੀ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਆਉਣ ਵਾਲੀਆਂ ਬਲਾਕ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਨੇ ਆਉਣ ਵਾਲੀਆਂ ਬਲਾਕ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਦੇ ਮੱਦੇਨਜ਼ਰ ਬਲਾਕ, ਮੰਡਲ ਅਤੇ ਬੂਥ ਪੱਧਰੀ ਕਮੇਟੀਆਂ ਦਾ ਪਿੰਡ ਪੱਧਰ ਤੇ ਵਿਸਥਾਰ ਕਰਨ ਦੀ ਹਦਾਇਤ ਕੀਤੀ ਗਈ।

ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਨੇ ਕਿਹਾ ਕਿ ਆਉਣ ਵਾਲੀਆਂ ਚੋਣਾਂ ਲਈ ਬਲਾਕ ਕਾਂਗਰਸ ਦੀ ਪੂਰੀ ਟੀਮ ਤਿਆਰ ਬਰ ਤਿਆਰ ਹੈ। ਇਸ ਮੌਕੇ ਸੁਰਿੰਦਰ ਕੁੰਦਰਾ, ਸੁਖਦੀਪ ਸਿੰਘ ਬਾਜਵਾ, ਅਮਨਦੀਪ ਸਿੰਘ ਰਾਣਵਾਂ, ਅਮਰਜੀਤ ਸਿੰਘ ਕਾਲਾ, ਨੰਦ ਕਿਸ਼ੋਰ, ਅੰਗਰੇਜ਼ ਸਿੰਘ, ਅੰਮ੍ਰਿਤ ਪਾਲ ਸਿੰਘ, ਰਮੇਸ਼ ਕੁਮਾਰ, ਸੁਭਾਸ਼ ਬੀਟਨ, ਬਲਵਿੰਦਰ ਰਾਏ, ਕਸ਼ਮੀਰੀ ਲਾਲ, ਰਾਕੇਸ਼ ਕੁਮਾਰ, ਯੁਵਰਾਜਜੀਤ ਸਿੰਘ ਰਾਏ, ਸ਼ੇਰ ਸਿੰਘ, ਰਾਜਨ ਸਰਪੰਚ, ਚਰਨਜੀਤ ਸਿੰਘ, ਨਿਤਿਨ ਜੈਨ ਤੇ ਨਿਤਿਸ਼ ਕੁੰਦਰਾ ਵੀ ਮੌਜੂਦ ਸਨ।

# ਤੁਹਾਡੇ ਵਰਗਿਆਂ ਕਾਰਨ ਭਾਰਤੀ ਪਾਸਪੋਰਟ ਦੀ ਬਦਨਾਮੀ ਹੋਈ : ਸੁਪਰੀਮ ਕੋਰਟ ਤੋਂ ਡੰਕੀ ਏਜੰਟ ਨੂੰ ਨਾ ਮਿਲੀ ਰਾਹਤ

**ਨਵੀਂ ਦਿੱਲੀ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਸੁਪਰੀਮ ਕੋਰਟ ਨੇ ਸੋਮਵਾਰ ਨੂੰ ਇੱਕ ਵਿਅਕਤੀ ਨੂੰ ‘ਡੰਕੀ’ ਰੂਟ ਰਾਹੀਂ ਅਮਰੀਕਾ ਭੇਜਣ ਦਾ ਵਾਅਦਾ ਕਰ ਕੇ ਠੱਗੀ ਮਾਰਨ ਦੇ ਕੇਸ ਦੇ ਇਕ ਮੁਲਜ਼ਮ ਏਜੰਟ ਨੂੰ ਅਗਾਊਂ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਅਜਿਹੇ ਲੋਕ ਭਾਰਤੀ ਪਾਸਪੋਰਟਾਂ ਦੀ ਬਦਨਾਮੀ ਕਰਦੇ ਹਨ।

ਜਸਟਿਸ ਉੱਜਲ ਭੂਈਆਂ ਅਤੇ ਜਸਟਿਸ ਮਨਮੋਹਨ (Justices Ujjal Bhuyyan and Manmohan) ਦੇ ਬੈਂਚ ਨੇ ਕਿਹਾ, ਤੁਹਾਡੇ ਵਰਗੇ ਲੋਕਾਂ ਕਾਰਨ, ਭਾਰਤੀ ਪਾਸਪੋਰਟ ਦੀ ਬਦਨਾਮੀ ਹੁੰਦੀ ਹੈ। ਸਿਖਰਲੀ ਅਦਾਲਤ ਨੇ ਕਿਹਾ ਕਿ ਕੁਝ ਲੋਕਾਂ ਦੇ ਅਜਿਹੇ ਕੰਮਾਂ ਨਾਲ ਭਾਰਤੀ ਪਾਸਪੋਰਟਾਂ ਦੀ ਬੇਕਦਰੀ ਹੁੰਦੀ ਹੈ।

ਡੰਕੀ ਰੂਟ ਜਾਂ ਡੰਕੀ ਯਾਤਰਾ ਪਰਵਾਸ ਦੇ ਇੱਕ ਗੈਰ-ਕਾਨੂੰਨੀ ਢੰਗ ਨੂੰ ਦਰਸਾਉਂਦਾ ਹੈ, ਜੋ ਆਮ ਤੌਰ ’ਤੇ ਅਮਰੀਕਾ ਜਾਂ ਬਰਤਾਨੀਆ ਵਰਗੇ ਮੁਲਕਾਂ ਵਿੱਚ ਦਾਖਲ ਹੋਣ ਲਈ ਵਰਤਿਆ ਜਾਂਦਾ ਹੈ।

ਇਹ ਕਾਰਵਾਈ ਮਨੁੱਖੀ ਤਸਕਰਾਂ ਵੱਲੋਂ ਕਾਨੂੰਨੀ ਇਮੀਗ੍ਰੇਸ਼ਨ ਪ੍ਰਕਿਰਿਆਵਾਂ ਨੂੰ ਬਾਈਪਾਸ ਕਰਦਿਆਂ ਅਮਲ ਵਿਚ ਲਿਆਂਦੀ ਜਾਂਦੀ ਹੈ, ਜਿਸ ਤਹਿਤ ਵੱਖ-ਵੱਖ ਦੇਸ਼ਾਂ ਵਿੱਚੋਂ ਲੰਘਣਾ ਅਤੇ ਅਕਸਰ ਔਖੇ ਤੇ ਖ਼ਤਰਨਾਕ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ।

ਮਾਮਲੇ ਦੇ ਤੱਥਾਂ ਦਾ ਹਵਾਲਾ ਦਿੰਦੇ ਹੋਏ ਬੈਂਚ ਨੇ ਕਿਹਾ ਕਿ ਮੁਲਜ਼ਮ ਨੇ ਨਾ ਸਿਰਫ਼ ਵਿਅਕਤੀ ਨੂੰ ਧੋਖਾ ਦਿੱਤਾ, ਸਗੋਂ ਉਸਨੂੰ ਅਮਰੀਕਾ ਵਿਚ ਗ਼ੈਰਕਾਨੂੰਨੀ ਢੰਗ ਨਾਲ ਦਾਖ਼ਲ ਕਰਾਉਣ ਲਈ ਉਥੋਂ ਦੀ ਸਰਹੱਦ ਨਾਲ ਲੱਗਦੇ ਕਈ ਦੇਸ਼ਾਂ ਵਿੱਚ ਅਣਮਨੁੱਖੀ ਹਾਲਾਤ ਵਿੱਚ ਯਾਤਰਾ ਕਰਨ ਲਈ ਮਜਬੂਰ ਕੀਤਾ। ਬੈਂਚ ਨੇ ਦੋਸ਼ਾਂ ਨੂੰ ਬਹੁਤ ਗੰਭੀਰ ਕਰਾਰ ਦਿੱਤਾ ਅਤੇ ਹਰਿਆਣਾ ਦੇ ਰਹਿਣ ਵਾਲੇ ਓਮ ਪ੍ਰਕਾਸ਼ ਦੀ ਅਗਾਊਂ ਜ਼ਮਾਨਤ ਪਟੀਸ਼ਨ ’ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ।

ਇਹ ਪਟੀਸ਼ਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ (Punjab and Haryana High Court) ਦੇ ਉਸ ਹੁਕਮ ਖ਼ਿਲਾਫ਼ ਦਾਇਰ ਕੀਤੀ ਗਈ ਸੀ ਜਿਸ ਵਿੱਚ ਉਸ ਨੂੰ ਰਾਹਤ ਦੇਣ ਤੋਂ ਇਨਕਾਰ ਕੀਤਾ ਗਿਆ ਸੀ।

ਐਫਆਈਆਰ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਪ੍ਰਕਾਸ਼ ਮੁੱਖ ਮੁਲਜ਼ਮ ਏਜੰਟ ਦਾ ਸਾਥੀ ਸੀ, ਜਿਸ ਨੇ ਸ਼ਿਕਾਇਤਕਰਤਾ ਨੂੰ ਭਰੋਸਾ ਦਿੱਤਾ ਸੀ ਕਿ ਉਹ ਉਸ ਨੂੰ 43 ਲੱਖ ਰੁਪਏ ਦੀ ਅਦਾਇਗੀ ’ਤੇ ਜਾਇਜ਼ ਤਰੀਕਿਆਂ ਨਾਲ ਅਮਰੀਕਾ ਭੇਜਿਆ ਜਾਵੇਗਾ, ਪਰ ਅਜਿਹਾ ਨਹੀਂ ਹੋਇਆ। ਉਸ ਨੂੰ ਡੰਕੀ ਰੂਟ ਰਾਹੀਂ ਅਮਰੀਕਾ ਦਾਖ਼ਲ ਕਰਵਾਇਆ ਗਿਆ, ਜਿਥੇ ਉਹ ਫੜਿਆ ਗਿਆ ਤੇ ਅਮਰਕੀ ਵੱਲੋਂ 16 ਫਰਵਰੀ, 2025 ਨੂੰ ਉਸ ਨੂੰ ਹੋਰ ਲੋਕਾਂ ਨਾਲ ਡਿਪੋਰਟ ਕਰ ਕੇ ਭਾਰਤ ਭੇਜ ਦਿੱਤਾ ਗਿਆ।

# ਨਿਸ਼ਾ ਦੇਵੀ ਸੈਂਟਰਲ ਕੋਆਪਰੇਟਿਵ ਬੈਂਕ ਦੀ ਡਾਇਰੈਕਟਰ ਬਣੀ



**ਸ਼ਾਹਬਾਦ ਮਾਰਕੰਡਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁਰੂਕਸ਼ੇਤਰ ਕੇਂਦਰੀ ਸਹਿਕਾਰੀ ਬੈਂਕ ਲਿਮਟਿਡ ਕੁਰੂਕਸ਼ੇਤਰ ਦੇ ਬੋਰਡ ਆਫ ਡਾਇਰੈਕਟਰਜ਼ ਦੀ ਚੋਣ ਵਿੱਚ ਜ਼ੋਨ ਨੰਬਰ 3 ਤੋਂ ਮਹਿਲਾ ਕਿਸਾਨ ਸ਼੍ਰੇਣੀ ਸੀਟ ’ਤੇ ਬ੍ਰਿਜ ਮੋਹਨ ਫਾਲਸੰਡਾ ਦੀ ਪਤਨੀ ਨਿਸ਼ਾ ਦੇਵੀ ਨੇ ਜਿੱਤ ਹਾਸਲ ਕੀਤੀ ਹੈ।

ਇਸ ਅਹੁਦੇ ਲਈ ਹੋਈ ਚੋਣ ਵਿਚ ਕੁਲ 12 ਵੋਟਾਂ ਵਿੱਚ ਨਿਸ਼ਾ ਦੇਵੀ ਨੂੰ 8 ਤੇ ਪੁਸ਼ਪਾ ਦੇਵੀ ਨੂੰ ਚਾਰ ਵੋਟਾਂ ਮਿਲੀਆਂ। ਉਨ੍ਹਾਂ ਦੀ ਇਸ ਜਿੱਤ ਨੂੰ ਨਾ ਸਿਰਫ ਨਿੱਜੀ ਸਫ਼ਲਤਾ ਮੰਨਿਆ ਜਾ ਰਿਹਾ ਹੈ ਸਗੋਂ ਇਸ ਨੂੰ ਖੇਤਰ ਦੀਆਂ ਪੇਂਡੂ ਔਰਤਾਂ ਦੀ ਅਗਵਾਈ ਸਮਰਥਾ ਦਾ ਪ੍ਰਤੀਕ ਵੀ ਮੰਨਿਆ ਜਾ ਰਿਹਾ ਹੈ। ਇਸ ਮੌਕੇ ਬ੍ਰਿਜ ਮੋਹਨ ਸੈਣੀ, ਗੀਨਾ ਦੇਵੀ, ਕੌਸ਼ਲ ਸੈਣੀ, ਸੁਖਸ਼ਿਆਮ ਧਨਾਨੀ, ਸੁਭਾਸ਼ ਕਸੀਥਲ, ਡਿੰਪਲ ਸੈਣੀ, ਗੁਰਮੀਤ ਕਲਾਲ ਮਜਾਰਾ, ਰਾਮ ਕਰਨ ਮਹੂਆ ਖੇੜੀ, ਨੇ ਨਿਸ਼ਾ ਦੇਵੀ ਦੀ ਜਿੱਤ ’ਤੇ ਖੁਸ਼ੀ ਪ੍ਰਗਟਾਈ। ਬੈਂਕ ਮੈਨੇਜਰ ਧਰਮਵੀਰ, ਰਾਕੇਸ਼ ਕੁਮਾਰ ਨੇ ਸ਼ਾਂਤੀਪੂਰਨ ਤੇ ਨਿਰਪੱਖ ਚੋਣ ਪ੍ਰਕਿਰਿਆ ਲਈ ਸਾਰੇ ਉਮੀਦਵਾਰਾਂ ਤੇ ਵੋਟਰਾਂ ਦਾ ਧੰਨਵਾਦ ਕੀਤਾ।

ਨਿਸ਼ਾ ਦੇਵੀ ਨੇ ਵੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਸ ਦੀ ਕੋਸ਼ਿਸ਼ ਹੋਵੇਗੀ ਕਿ ਨਾਇਬ ਸਰਕਾਰ ਵੱਲੋਂ ਉਨ੍ਹਾਂ ਦੇ ਹਿੱਤਾਂ ਲਈ ਕੀਤੇ ਜਾ ਰਹੇ ਕੰਮਾਂ ਵਿਚ ਮਹਿਲਾ ਕਿਸਾਨਾਂ ਦੀ ਆਵਾਜ਼ ਬਣਾਂ ਤੇ ਇਹ ਯਕੀਨੀ ਬਣਾਇਆ ਜਾ ਸਕੇ ਕਿ ਔਰਤਾਂ ਨੂੰ ਬੈਂਕ ਦੀਆਂ ਯੋਜਨਾਵਾਂ ਦਾ ਵੱਧ ਤੋਂ ਵੱਧ ਲਾਭ ਮਿਲ ਸਕੇ। ਇਸ ਮੌਕੇ ਅੰਗਰੇਜ ਬਾਬੈਨ ,ਰਵਿੰਦਰ ਮੰਗੋਲੀ, ਵਿਨੋਦ ਸੈਣੀ, ਰਾਕੇਸ਼ ਸੈਣੀ, ਸ਼ੇਰ ਸਿੰਘ, ਜਨਕ ਰਾਜ, ਸੁਸ਼ੀਲ ਕੁਮਾਰ, ਮਨੀਸ਼ ਟਾਟਕੀ ਮੌਜੂਦ ਸਨ।

# ਤੇਜ਼ਧਾਰ ਹਥਿਆਰ ਨਾਲ ਪਸ਼ੂ ਵਪਾਰੀ ਦਾ ਕਤਲ

**ਰਤੀਆ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਪਿੰਡ ਲਾਂਬਾ ਵਾਸੀ ਪਸ਼ੂ ਵਪਾਰੀ ਵਿਨੋਦ ਦੀ ਘਰ ਵਿੱਚ ਸੁੱਤੇ ਸਮੇਂ ਤੇਜ਼ਧਾਰ ਹਥਿਆਰ ਨਾਲ ਹੱਤਿਆ ਕਰ ਦਿੱਤੀ ਗਈ। ਹੱਤਿਆ ਕਰਨ ਦਾ ਕੀ ਕਾਰਨ ਰਿਹਾ, ਇਸ ਬਾਰੇ ਪੁਲੀਸ ਜਾਂਚ ਕਰ ਰਹੀ ਹੈ। ਮ੍ਰਿਤਕ ਦੇ ਭਤੀਜੇ ਰਵੀ ਨੇ ਦੱਸਿਆ ਕਿ ਬੀਤੇ ਦਿਨ ਰਾਤ ਨੂੰ ਜਦੋਂ ਉਹ ਸੁੱਤੇ ਪਏ ਸੀ ਤਾਂ ਉਨ੍ਹਾਂ ਦੇ ਘਰ ਵਿਚ ਤਿੰਨ ਨੌਜਵਾਨ ਵੜ ਗਏ ਅਤੇ ਉਨ੍ਹਾਂ ਸੁੱਤੇ ਪਏ ਵਿਨੋਦ ਅਤੇ ਉਸ ਦੀ ਪਤਨੀ ’ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ।

ਮ੍ਰਿਤਕ ਦੀ ਪਤਨੀ ਵੱਲੋਂ ਪਾਏ ਰੌਲੇ ਦੀ ਆਵਾਜ਼ ਸੁਣ ਕੇ ਮ੍ਰਿਤਕ ਦੇ ਪਰਿਵਾਰ ਦੇ ਹੋਰ ਲੋਕ ਜਦੋਂ ਮੌਕੇ ’ਤੇ ਪਹੁੰਚੇ ਤਾਂ ਹਮਲਾਵਰ ਭੱਜ ਗਏ। ਇਸ ਘਟਨਾ ਨਾਲ ਪਿੰਡ ਲਾਂਬਾ ਵਾਸੀ ਸਹਿਮੇ ਹੋਏ ਹਨ। ਘਟਨਾ ਦੀ ਸੂਚਨਾ ਮਿਲਦੇ ਹੀ ਸਦਰ ਥਾਣਾ ਰਤੀਆ ਦੀ ਪੁਲੀਸ ਮੌਕੇ ’ਤੇ ਪਹੁੰਚੀ। ਸਥਿਤੀ ਦਾ ਜਾਇਜ਼ਾ ਲੈਂਦੇ ਹੋਏ ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਰਤੀਆ ਦੇ ਸਿਵਲ ਹਸਪਤਾਲ ਵਿੱਚ ਭੇਜ ਦਿੱਤਾ ਗਿਆ ਅਤੇ ਪੁਲੀਸ ਕਪਤਾਨ ਸਿਧਾਂਤ ਜੈਨ ਦੇ ਦਿਸ਼ਾ ਨਿਰਦੇਸ਼ ਅਨੁਸਾਰ ਡੀਐੱਸਪੀ ਦੀ ਨਿਗਰਾਨੀ ਹੇਠ ਟੀਮ ਦਾ ਗਠਨ ਕਰਕੇ ਕਤਲ ਦੇ ਲਗਪਗ ਘੰਟੇ ਬਾਅਦ ਹੀ ਇਕ ਮਲਜ਼ਮ ਸੁਖਦੇਵ ਰਾਮ ਵਾਸੀ ਲਾਂਬਾ ਨੂੰ ਪਿੰਡ ਦੇ ਨੇੜੇ ਤੋਂ ਹੀ ਕਾਬੂ ਕਰ ਲਿਆ। ਮੁੱਢਲੀ ਜਾਂਚ ਵਿਚ ਸਾਹਮਣੇ ਆਇਆ ਕਿ ਸੁਖਦੇਵ ਨੇ ਆਪਣੇ ਹੋਰ ਪਰਿਵਾਰਕ ਮੈਂਬਰਾਂ ਨਾਲ ਮਿਲ ਕੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਇਸ ਸਬੰਧ ਵਿਚ ਥਾਣਾ ਸਦਰ ਰਤੀਆ ਵਿੱਚ ਕੇਸ ਦਰਜ ਕੀਤਾ ਗਿਆ ਹੈ। ਪੁਲੀਸ ਵੱਲੋਂ ਮੁਲਜ਼ਮ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲੀਸ ਹੋਰ ਮੁਲਜ਼ਮਾਂ ਦੀ ਭਾਲ ਲਈ ਛਾਪੇ ਮਾਰ ਰਹੀ ਹੈ।

# ਭਾਰੀ ਮੀਂਹ ਨੇ ਲੋਕਾਂ ਨੂੰ ਗਰਮੀ ਤੋਂ ਦਿਵਾਈ ਰਾਹਤ, ਪਰ ਮੰਡੀ ਵਿੱਚ ਵਿਕਣ ਆਈ ਕਿਸਾਨਾਂ ਦੀ ਹਜ਼ਾਰਾਂ ਕੁਇੰਟਲ ਮੱਕੀ ਭਿੱਜ ਕੇ ਹੋਈ ਖਰਾਬ



**ਮਾਛੀਵਾੜਾ ਸਾਹਿਬ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜੂਨ (ਮਾਸਟਰ ਸਤੀਸ਼ ਕੁਮਾਰ) ਕੱਲ੍ਹ ਤੋਂ ਹੋ ਰਹੀ ਬਾਰਿਸ਼ ਕਾਰਨ ਜਿੱਥੇ ਮੱਕੀ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਦਾ ਆਰਥਿਕ ਨੁਕਸਾਨ ਹੋਇਆ ਦੱਸਿਆ ਜਾ ਰਿਹਾ ਹੈ ਉੱਥੇ ਝੋਨੇ ਦੀ ਬਿਜਾਈ ਕਰਨ ਵਾਲੇ ਕਿਸਾਨ ਬਾਗੋ ਬਾਗ ਨਜ਼ਰ ਆਏ। ਮਾਛੀਵਾੜ ?ਾ ਮੰਡੀ ਵਿਚ ਹਜ਼ਾਰਾਂ ਕੁਇੰਟਲ ਮੱਕੀ ਦੀ ਫਸਲ ਕਿਸਾਨ ਵੇਚਣ ਲਈ ਲੈ ਕੇ ਆਏ ਸਨ ਪਰ ਅਚਨਚੇਤ ਪਏ ਭਾਰੀ ਮੀਂਹ ਕਾਰਨ ਉਨ੍ਹਾਂ ਦੀ ਇਹ ਫਸਲ ਭਿੱਜ ਗਈ। ਮੀਂਹ ਐਨੀ ਤੇਜ਼ੀ ਨਾਲ ਆਇਆ ਕਿ ਕਿਸਾਨਾਂ ਤੇ ਮਜ਼ਦੂਰਾਂ ਨੂੰ ਫਡ ?ਾਂ ਵਿਚ ਪਈ ਫਸਲ ਸੰਭਾਲਣ ਦਾ ਮੌਕਾ ਵੀ ਨਹੀਂ ਮਿਲਿਆ। ਮੰਡੀ ਦੇ ਸੀਵਰੇਜ ਦੇ ਪਾਣੀ ਨਿਕਾਸੀ ਨਾ ਹੋਣ ਕਾਰਨ ਮੱਕੀ ਦੀ ਫਸਲ ਕਈ ਥਾਵਾਂ ’ਤੇ ਰੁਡ ?ਦੀ ਨਜ਼ਰ ਆਈ ਅਤੇ ਕਈ ਥਾਵਾਂ ’ਤੇ ਡੁੱਬ ਗਈ। ਮਾਛੀਵਾਡ ?ਾ ਇਲਾਕੇ ਵਿਚ ਇਸ ਵਾਰ ਮੱਕੀ ਫਸਲ ਦੀ ਕਾਸ਼ਤ ਬਹੁਤ ਜਿਆਦਾ ਹੈ ਅਤੇ ਅਜੇ 25 ਫੀਸਦੀ ਫਸਲ ਹੀ ਵਿਕਣ ਲਈ ਆਈ ਸੀ ਪਰ ਤੇਜ਼ ਮੀਂਹ ਨੇ ਕਿਸਾਨਾਂ ਦਾ ਆਰਥਿਕ ਨੁਕਸਾਨ ਕਰ ਦਿੱਤਾ। ਖੇਤਾਂ ਵਿਚ ਖਡ ?ੀ ਮੱਕੀ ਦੀ ਫਸਲ ਵੀ ਮੀਂਹ ਕਾਰਨ ਉਸਦੀ ਕਟਾਈ ਦਾ ਕੰਮ ਵੀ ਪੱਛਡ ? ਜਾਵੇਗਾ। ਦੂਸਰੇ ਪਾਸੇ ਝੋਨੇ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ ਇਸ ਦਾ ਲਾਭ ਹੋਵੇਗਾ ਕਿਉਂਕਿ ਗਰਮੀ ਕਾਰਨ ਉਹ ਖੇਤਾਂ ਵਿਚ ਝੋਨੇ ਦੀ ਬਿਜਾਈ ਲਈ ਰੋਜ਼ਾਨਾ ਡੀਜ਼ਲ ਫੂਕ ਰਹੇ ਸਨ ਪਰ ਹੁਣ ਭਾਰੀ ਮੀਂਹ ਉਨ੍ਹਾਂ ਨੂੰ ਰਾਹਤ ਦੇਵੇਗਾ ਅਤੇ ਝੋਨੇ ਦੀ ਬਿਜਾਈ ਵਿਚ ਤੇਜ਼ੀ ਆਵੇਗੀ।

ਮੰਡੀ ਵਿਚ ਮੱਕੀ ਦੀ ਫਸਲ ਵੇਚਣ ਆਏ ਕਿਸਨਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਅਚਨਚੇਤ ਆਇਆ ਮੀਂਹ ਕੁਦਰਤੀ ਕ੍ਰੋਪੀ ਹੈ ਜਿਸ ਨਾਲ ਕਿਸਾਨਾਂ ਦਾ ਆਰਥਿਕ ਨੁਕਸਾਨ ਹੋਇਆ। ਉਨ੍ਹਾਂ ਕਿਹਾ ਕਿ ਮੰਡੀ ਵਿਚ ਸੀਵਰੇਜ ਸੁਚਾਰੂ ਢੰਗ ਨਾਲ ਚੱਲਣ ਕਾਰਨ ਪਾਣੀ ਦੀ ਨਿਕਾਸੀ ਨਹੀਂ ਹੋ ਰਹੀ ਜਿਸ ਕਾਰਨ ਫਸਲ ਪਾਣੀ ਵਿਚ ਡੁੱਬ ਕੇ ਖ਼ਰਾਬ ਹੋ ਗਈ। ਭਾਵੇਂ ਆਡ ?ਤੀਆਂ ਵਲੋਂ ਮਜ਼ਦੂਰਾਂ ਨੂੰ ਤਰਪਾਲਾਂ ਆਦਿ ਦੇ ਕੇ ਫਸਲ ਢੱਕ ਦਿੱਤਾ ਪਰ ਤੇਜ਼ ਆਈ ਹਨ੍ਹੇਰੀ ਕਾਰਨ ਸਭ ਕੁਝ ਉੱਡ ਗਿਆ ਤੇ ਫਸਲ ਖ਼ਰਾਬ ਹੋ ਗਈ।ਆਡ ?ਤੀ ਐਸੋਸ਼ੀਏਸ਼ਨ ਦੇ ਸੂਬਾ ਸਕੱਤਰ ਅਰਵਿੰਦਰਪਾਲ ਸਿੰਘ ਵਿੱਕੀ ਨੇ ਕਿਹਾ ਕਿ ਅਚਾਨਕ ਆਏ ਮੀਂਹ ਕਾਰਨ ਮੰਡੀ ਵਿਚ ਪਹੁੰਚੀ ਮੱਕੀ ਦੀ ਫਸਲ ਕਾਫ਼ੀ ਹੱਦ ਤੱਕ ਸੰਭਾਲੀ ਗਈ ਸੀ ਪਰ ਤੇਜ਼ ਹਵਾ ਅੱਗੇ ਅਸੀਂ ਬੇਵੱਸ ਹੋ ਗਏ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਘਬਰਾਉਣ ਦੀ ਲੋਡ ? ਨਹੀਂ ਕਿਉਂਕਿ ਉਨ੍ਹਾਂ ਦੀ ਫਸਲ ਆਉਣ ਵਾਲੇ ਦਿਨਾਂ ਵਿਚ ਸੰਭਾਲ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਭਾਵੇਂ ਸਾਡੇ ਕੋਲ ਮਜ਼ਦੂਰਾਂ ਦੀ ਘਾਟ ਨਹੀਂ ਹੈ ਪਰ ਫਿਰ ਵੀ ਉਹ ਕੁਦਰਤ ਅੱਗੇ ਬੇਵੱਸ ਹੋ ਜਾਂਦੇ ਹਨ।

# ਐੱਸਡੀਐੱਮ ਵੱਲੋਂ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ

**ਨਰਾਇਣਗੜ੍ਹ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਐੱਸਡੀਐੱਮ ਸ਼ਿਵਜੀਤ ਭਾਰਤੀ ਨੇ ਅੱਜ ਹੜ੍ਹ ਕੰਟਰੋਲ ਅਤੇ ਐਮਰਜੈਂਸੀ ਪ੍ਰਬੰਧਨ ਸਬੰਧੀ ਵੱਖ-ਵੱਖ ਸਬ-ਡਿਵੀਜ਼ਨ ਪੱਧਰੀ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ।

ਮੀਟਿੰਗ ਵਿੱਚ ਸੰਭਾਵੀ ਮੀਂਹ ਅਤੇ ਹੜ੍ਹ ਦੇ ਮੱਦੇਨਜ਼ਰ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ ਅਤੇ ਸਬੰਧਤ ਵਿਭਾਗਾਂ ਨੂੰ ਚੌਕਸੀ ਅਤੇ ਤੁਰੰਤ ਕਾਰਵਾਈ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ ਗਏ। ਉਨ੍ਹਾਂ ਮਾਲ ਵਿਭਾਗ, ਪੰਚਾਇਤ ਵਿਭਾਗ, ਐਨਐਚਏਆਈ, ਸਿੰਚਾਈ ਵਿਭਾਗ, ਲੋਕ ਨਿਰਮਾਣ ਵਿਭਾਗ (ਪੀਡਬਲਿਊਡੀ), ਜਨ ਸਿਹਤ ਅਤੇ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ। ਇਸ ਮੌਕੇ ਨਾਇਬ ਤਹਿਸੀਲਦਾਰ ਨਰਾਇਣਗੜ੍ਹ ਸੰਜੀਵ ਅੱਤਰੀ, ਨਾਇਬ ਤਹਿਸੀਲਦਾਰ ਸ਼ਹਿਜ਼ਾਦਪੁਰ ਅਮਿਤ ਵਰਮਾ, ਬੀਡੀਪੀਓ ਜੋਗੇਸ਼ ਕੁਮਾਰ, ਸਟੈਨੋ ਨਵੀਨ ਸੈਣੀ ਮੌਜੂਦ ਸਨ।

# ਹਰਿਆਣਾ ਵਿੱਚ ਕਾਨੂੰਨ ਵਿਵਸਥਾ ਦਾ ਮਾੜਾ ਹਾਲ: ਚੌਟਾਲਾ

**ਯਮੁਨਾਨਗਰ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੰਡੀਅਨ ਨੈਸ਼ਨਲ ਲੋਕ ਦਲ ਮਹਿਲਾ ਸੈੱਲ ਇੰਚਾਰਜ ਸੁਨੈਨਾ ਚੌਟਾਲਾ ਅੱਜ ਇੱਥੇ ਪਹੁੰਚੀ। ਮਹਿਲਾਵਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿੱਚ ਮਹਿਲਾਵਾਂ ਇਨੈਲੋ ਵਿੱਚ ਸ਼ਾਮਲ ਹੋ ਰਹੀਆਂ ਹਨ। ਇਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਸੁਨੈਨਾ ਚੌਟਾਲਾ ਨੇ ਕਿਹਾ ਕਿ ਹਰਿਆਣਾ ਵਿੱਚ ਕਾਨੂੰਨ ਵਿਵਸਥਾ ਢਹਿ ਢੇਰੀ ਹੋ ਗਈ ਹੈ। ਹਰ ਰੋਜ਼ ਧਮਕੀਆਂ, ਕਤਲ ਅਤੇ ਅਗਵਾ ਹੋਣ ਦੀਆਂ ਖਬਰਾਂ ਮਿਲ ਰਹੀਆਂ ਹਨ, ਜਦੋਂ ਗੁੜਗਾਓਂ ਵਿੱਚ ਸ਼ਰਾਬ ਦੇ ਠੇਕਿਆਂ ਲਈ ਬੋਲੀ ਲਗਾਈ ਜਾਂਦੀ ਹੈ ਤਾਂ ਗੋਲੀਆਂ ਚਲਾਈਆਂ ਜਾਂਦੀਆਂ ਹਨ। ਇਨ੍ਹਾਂ ਘਟਨਾਵਾਂ ਕਾਰਨ ਲੋਕਾਂ ਵਿੱਚ ਡਰ ਦਾ ਮਾਹੌਲ ਹੈ, ਲੋਕ ਸੁਰੱਖਿਅਤ ਮਹਿਸੂਸ ਕਰ ਰਹੇ ਹਨ। ਸੁਨੈਨਾ ਚੌਟਾਲਾ ਨੇ ਕਿਹਾ ਕਿ ਭਾਜਪਾ ਮਹਿੰਗਾਈ ਅਤੇ ਭ੍ਰਿਸ਼ਟਾਚਾਰ ਦੇ ਮੁੱਦਿਆਂ ’ਤੇ ਵੋਟਾਂ ਨਹੀਂ ਮੰਗਦੀ, ਸਗੋਂ ਜਾਤ ਅਤੇ ਧਰਮ ਦੇ ਨਾਮ ’ਤੇ ਵੋਟਾਂ ਮੰਗਦੀ ਹੈ। ਸੁਨੈਨਾ ਚੌਟਾਲਾ ਨੇ ਭਾਜਪਾ ਵੱਲੋਂ ਹਰਿਆਣਾ ਵਿੱਚ ਔਰਤਾਂ ਨੂੰ 2100 ਰੁਪਏ ਦੇਣ ਦੇ ਐਲਾਨ ’ਤੇ ਸਵਾਲ ਉਠਾਇਆ ਅਤੇ ਕਿਹਾ ਕਿ ਭਾਜਪਾ ਨੇ ਜੋ ਵੀ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਪੂਰਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਹੁਣ ਤੱਕ ਕਈ ਤਰ੍ਹਾਂ ਦਾ ਮੁਆਵਜ਼ਾ ਨਹੀਂ ਮਿਲਿਆ ਹੈ। ਇਨੈਲੋ ਇਸ ਮੁੱਦੇ ਨੂੰ ਵਿਧਾਨ ਸਭਾ ਵਿੱਚ ਉਠਾਏਗੀ। ਇਸ ਮੌਕੇ ਇਨੈਲੋ ਮਹਿਲਾ ਜ਼ਿਲ੍ਹਾ ਪ੍ਰਧਾਨ ਗੀਟਾ ਮਹਿਤਾ, ਸੂਬਾ ਜਨਰਲ ਸਕੱਤਰ ਮੰਗਤਰਾਮ ਸੈਣੀ, ਘੱਟ ਗਿਣਤੀ ਸੈੱਲ ਦੇ ਸੂਬਾ ਪ੍ਰਧਾਨ ਚੌਧਰੀ ਜ਼ਾਹਿਦ ਖ਼ਾਨ, ਜ਼ਿਲ੍ਹਾ ਯਮੁਨਾਨਗਰ ਪਾਰਟੀ ਦੇ ਸਕੱਤਰ ਸੁਰੇਸ਼ ਸ਼ਰਮਾ ਤੇ ਜ਼ਿਲ੍ਹਾ ਪ੍ਰਧਾਨ ਰੋਸ਼ਨ ਲਾਲ ਹਾਜ਼ਰ ਸਨ।

# ਨਹਿਰ ਵਿੱਚੋਂ ਮਿਲੀ ਹਰਿਆਣਵੀ ਮਾਡਲ ਦੀ ਲਾਸ਼

**ਸੋਨੀਪਤ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਖਰਖੌਦਾ ਖੇਤਰ ਵਿੱਚ ਕੌਮੀ ਰਾਜਧਾਨੀ ਖੇਤਰ ਨੂੰ ਲੱਗਦੀ ਨਹਿਰ ’ਚੋਂ ਮਿਲੀ ਲਾਸ਼ ਦੀ ਪਛਾਣ ਹੋ ਗਈ ਹੈ। ਇਹ ਲਾਸ਼ ਹਰਿਆਣਵੀ ਮਾਡਲ ਸ਼ੀਤਲ ਦੀ ਦੱਸੀ ਜਾਂਦੀ ਹੈ। ਉਹ ਪਾਨੀਪਤ ਦੇ ਖਲੀਲਾ ਮਜ਼ਰਾ ਦੀ ਰਹਿਣ ਵਾਲੀ ਸੀ ਤੇ ਇਸ ਵੇਲੇ ਪਾਨੀਪਤ ਦੀ ਸਤ ਕਰਤਾਰ ਕਲੋਨੀ ਵਿੱਚ ਆਪਣੀ ਭੈਣ ਨੇਹਾ ਨਾਲ ਰਹਿ ਰਹੀ ਸੀ। ਸ਼ੀਤਲ ਦੀ ਭੈਣ ਨੇ ਐਤਵਾਰ ਨੂੰ ਪਾਨੀਪਤ ਦੇ ਪੁਰਾਣੇ ਸਨਅਤੀ ਏਰੀਆ ਵਿਚਲੇ ਪੁਲੀਸ ਥਾਣੇ ਵਿੱਚ ਸ਼ੀਤਲ ਦੀ ਗੁੰਮਸ਼ੁਦਗੀ ਬਾਰੇ ਸ਼ਿਕਾਇਤ ਦਰਜ ਕਰਵਾਈ ਸੀ।

ਦੱਸਿਆ ਜਾ ਰਿਹਾ ਹੈ ਕਿ ਸ਼ੀਤਲ ਆਪਣੇ ਬੁਆਏਫਰੈਂਡ ਨਾਲ ਸੀ, ਜਿਸ ਦੀ ਕਾਰ ਨਹਿਰ ਨੇੜਿਓਂ ਬਰਾਮਦ ਕਰ ਲਈ ਗਈ ਹੈ। ਸੁਣਨ ਵਿਚ ਆਇਆ ਹੈ ਕਿ ਸ਼ੀਤਲ ਨੇ ਆਪਣੀ ਭੈਣ ਨੂੰ ਵੀਡੀਓ ਕਾਲ ਰਾਹੀਂ ਦੱਸਿਆ ਸੀ ਕਿ ਉਸ ਦੇ ਬੁਆਏਫਰੈਂਡ ਨੇ ਉਸ ਨੂੰ ਮਾਰਿਆ ਕੁੱਟਿਆ ਹੈ ਅਤੇ ਉਸ ਦੀ ਗਰਦਨ ’ਤੇ ਵੀ ਸੱਟ ਲੱਗੀ ਹੈ। ਇਸ ਮਗਰੋਂ ਉਸ ਦਾ ਆਪਣੀ ਭੈਣ ਨਾਲ ਸੰਪਰਕ ਟੁੱਟ ਗਿਆ।

# ਅੰਬਾਲਾ ਦੇ ਵਿਕਾਸ ਕਾਰਜਾਂ ਸਬੰਧੀ ਵਿੱਜ ਵੱਲੋਂ ਰਾਜਨਾਥ ਨਾਲ ਮੁਲਾਕਾਤ

**ਅੰਬਾਲਾ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਊਰਜਾ, ਟਰਾਂਸਪੋਰਟ ਤੇ ਕਿਰਤ ਮੰਤਰੀ ਅਨਿਲ ਵਿੱਜ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ ਨਾਲ ਉਨ੍ਹਾਂ ਦੇ ਨਿਵਾਸ ਸਥਾਨ ਵਿਖੇ ਮੁਲਾਕਾਤ ਕੀਤੀ। ਇਸ ਦੌਰਾਨ ਵਿੱਜ ਨੇ ਅੰਬਾਲਾ ਛਾਉਣੀ ਵਿੱਚ ਕਈ ਅਹਿਮ ਵਿਕਾਸ ਪ੍ਰਾਜੈਕਟਾਂ ਦੀ ਮੰਗ ਰਾਜਨਾਥ ਸਿੰਘ ਕੋਲ ਰੱਖੀ।

ਸ੍ਰੀ ਵਿੱਜ ਨੇ ਰੱਖਿਆ ਮੰਤਰੀ ਕੋਲ ਅੰਬਾਲਾ ਛਾਉਣੀ ਦੇ ਸਿਵਲ ਹਸਪਤਾਲ ਦੇ ਵਿਸਥਾਰ ਲਈ ਫੌਜੀ ਜ਼ਮੀਨ, ਘਰੇਲੂ ਹਵਾਈ ਅੱਡੇ ਲਈ ਬੀ.ਸੀ. ਬਾਜ਼ਾਰ ਤੋਂ ਜੀ.ਟੀ. ਰੋਡ ਤੱਕ ਚਹੁੰਮਾਰਗੀ ਸੜਕ ਬਣਾਉਣ ਅਤੇ ਕੈਂਟ ਇਲਾਕੇ ਦੀਆਂ ਕਈ ਪੁਰਾਣੀਆਂ ਤੇ ਤੰਗ ਸੜਕਾਂ ਨੂੰ ਵਿਸਥਾਰ ਦੇਣ ਦੀ ਮੰਗ ਕੀਤੀ। ਉਨ੍ਹਾਂ ਦੱਸਿਆ ਕਿ ਅੰਬਾਲਾ ਛਾਉਣੀ ਦੇ ਸਿਵਲ ਤੇ ਕੈਂਸਰ ਹਸਪਤਾਲ ਵਿੱਚ ਇਲਾਜ ਲਈ ਨਵਾਂ ਢਾਂਚਾ ਲੋੜੀਂਦਾ ਹੈ।

ਉਨ੍ਹਾਂ ਦੱਸਿਆ ਕਿ 9 ਮਈ 2022 ਨੂੰ ਇੱਥੇ ਅਟਲ ਕੈਂਸਰ ਹਸਪਤਾਲ ਦੀ ਸ਼ੁਰੂਆਤ ਹੋਈ ਸੀ, ਜਿਸ ਵਿੱਚ ਹੁਣ ਸੱਤ ਗੁਆਂਢੀ ਰਾਜਾਂ ਤੋਂ ਵੀ ਮਰੀਜ਼ ਇਲਾਜ ਲਈ ਆਉਂਦੇ ਹਨ। ਉਨ੍ਹਾਂ ਦੀ ਦੇਖਭਾਲ ਲਈ ਆਉਣ ਵਾਲੇ ਤਾਮੀਰਦਾਰਾਂ ਦੇ ਰਹਿਣ ਲਈ ਕੋਈ ਢੰਗ ਦੀ ਥਾਂ ਨਹੀਂ ਹੈ। ਇਸੇ ਲਈ ਉਨ੍ਹਾਂ ਉੱਥੇ ਧਰਮਸ਼ਾਲਾ ਬਣਾਉਣ ਵਾਸਤੇ ਜ਼ਮੀਨ ਦੀ ਮੰਗ ਕੀਤੀ। ਇਸ ਤੋਂ ਇਲਾਵਾ ਹਸਪਤਾਲ ਵਿੱਚ ਕ੍ਰੀਟਿਕਲ ਕੇਅਰ ਸੈਂਟਰ ਬਣਾਉਣ ਦੀ ਯੋਜਨਾ ਤਹਿਤ ਰਾਸ਼ੀ ਪਹਿਲਾਂ ਹੀ ਮਨਜ਼ੂਰ ਹੋ ਚੁੱਕੀ ਹੈ। ਨਾਲ ਹੀ, ਸਪਾਈਨਲ ਇੰਜਰੀ ਸੈਂਟਰ ਬਣਾਉਣ ਲਈ ਵੀ ਦੋ ਤੋਂ ਤਿੰਨ ਏਕੜ ਜ਼ਮੀਨ ਦੀ ਲੋੜ ਹੈ, ਜਿਸ ਦੀ ਮਨਜ਼ੂਰੀ ਪਹਿਲਾਂ ਹੀ ਮਿਲ ਚੁੱਕੀ ਹੈ।

ਇੱਥੇ ਰੀੜ੍ਹ ਦੀ ਹੱਡੀ ਨਾਲ ਜੁੜੀਆਂ ਬਿਮਾਰੀਆਂ ਦੇ ਇਲਾਜ ਦੀ ਸਹੂਲਤ ਮਿਲੇਗੀ। ਅੰਬਾਲਾ ਛਾਉਣੀ ਵਿੱਚ ਬਣੇ ਨਵੇਂ ਘਰੇਲੂ ਹਵਾਈ ਅੱਡੇ ਦੀ ਸੁਗਮ ਆਵਾਜਾਈ ਲਈ ਬੀ.ਸੀ. ਬਾਜ਼ਾਰ ਤੋਂ ਜੀ.ਟੀ. ਰੋਡ ਤੱਕ ਚਹੁੰਮਾਰਗੀ ਸੜਕ ਬਣਾਉਣ ਦੀ ਮੰਗ ਵੀ ਕੀਤੀ ਗਈ ਹੈ। ਯਾਦ ਰਹੇ ਕਿ ਹਵਾਈ ਅੱਡੇ ਲਈ ਪਹਿਲਾਂ ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਸਹਿਯੋਗ ਨਾਲ 20 ਏਕੜ ਫੌਜੀ ਜ਼ਮੀਨ ਦੇ ਬਦਲੇ 133 ਕਰੋੜ ਰੁਪਏ ਦੀ ਅਦਾਇਗੀ ਕਰ ਕੇ ਜ਼ਮੀਨ ਪ੍ਰਾਪਤ ਕੀਤੀ ਗਈ ਸੀ। ਇਸ ਦੇ ਨਾਲ ਹੀ ਉਨ੍ਹਾਂ ਬੋਹ, ਬਬਿਆਲ ਆਦਿ ਇਲਾਕਿਆਂ ਦੀਆਂ ਕਈ ਪੁਰਾਣੀਆਂ ਤੇ ਤੰਗ ਸੜਕਾਂ ਨੂੰ ਵੀ ਦੁਬਾਰਾ ਵਿਸਥਾਰ ਦੇ ਕੇ ਚੌੜੀਆਂ ਕਰਵਾਉਣ ਦੀ ਅਪੀਲ ਰੱਖਿਆ ਮੰਤਰੀ ਕੋਲ ਕੀਤੀ। ਉਨ੍ਹਾਂ ਕਿਹਾ ਕਿ ਅੰਬਾਲਾ ਦੀ ਵਧ ਰਹੀ ਅਬਾਦੀ ਨੂੰ ਦੇਖਦਿਆਂ ਇਹ ਜ਼ਰੂਰੀ ਹੈ।

# ਪੰਜਾਬ ਕੈਬਨਿਟ ਸਬ-ਕਮੇਟੀ ਵੱਲੋਂ 12 ਮੁਲਾਜ਼ਮ ਯੂਨੀਅਨਾਂ ਨਾਲ ਮੀਟਿੰਗਾਂ, ਜਾਇਜ਼ ਮੰਗਾਂ ’ਤੇ ਜਲਦੀ ਕਾਰਵਾਈ ਦਾ ਦਿੱਤਾ ਭਰੋਸਾ

**ਚੰਡੀਗੜ੍ਹ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਾਲੀ ਕੈਬਨਿਟ ਸਬ-ਕਮੇਟੀ ਨੇ ਅੱਜ ਇਥੇ ਲਗਭਗ ਇੱਕ ਦਰਜਨ ਮੁਲਾਜਮ ਯੂਨੀਅਨਾਂ ਨਾਲ ਵਿਆਪਕ ਵਿਚਾਰ-ਵਟਾਂਦਰਾ ਕਰਦਿਆਂ ਉਨ੍ਹਾਂ ਦੀਆਂ ਮੰਗਾਂ ਅਤੇ ਮੁੱਦਿਆਂ ਬਾਰੇ ਚਰਚਾ ਕੀਤੀ। ਇਸ ਮੌਕੇ ਕਮੇਟੀ ਨੇ ਸਬੰਧਤ ਵਿਭਾਗਾਂ ਨੂੰ ਜਾਇਜ਼ ਮੁੱਦਿਆਂ ਨੂੰ ਸਮਾਂਬੱਧ ਢੰਗ ਨਾਲ ਹੱਲ ਕਰਨ ਲਈ ਲੋੜੀਂਦੀਆਂ ਕਾਰਵਾਈਆਂ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ।

ਪੰਜਾਬ ਸਿਵਲ ਸਕੱਤਰੇਤ ਵਿਖੇ ਵਿੱਤ ਮੰਤਰੀ ਦੇ ਦਫ਼ਤਰ ਵਿਖੇ ਲਗਭਗ ਚਾਰ ਘੰਟੇ ਚੱਲੀਆਂ ਮੀਟਿੰਗਾਂ ਨੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਕੁਲਦੀਪ ਸਿੰਘ ਧਾਲੀਵਾਲ ਅਤੇ ਡਾ. ਰਵਜੋਤ ਸਿੰਘ ਵੱਲੋਂ ਵੱਖ-ਵੱਖ ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਕੀਤੇ ਗਏ ਉਸਾਰੂ ਵਿਚਾਰ-ਵਟਾਂਦਰੇ ਦੀ ਗਵਾਹੀ ਭਰੀ।

ਮੀਟਿੰਗ ਵਿੱਚ ਹਿੱਸਾ ਲੈਣ ਵਾਲੀਆਂ ਮੁਲਾਜ਼ਮ ਯੂਨੀਅਨਾਂ ਵਿੱਚ ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ, ਸੈਂਟਰ ਆਫ ਟਰੇਡ ਯੂਨੀਅਨ, ਸਰਵ ਸਿੱਖਿਆ ਅਭਿਆਨ/ ਮਿਡ ਡੇਅ ਮੀਲ ਦਫ਼ਤਰੀ ਕਰਮਚਾਰੀ ਯੂਨੀਅਨ, ਪੀ.ਐਸ. ਟੈਟ ਪਾਸ ਡੀ.ਪੀ.ਈ ਯੂਨੀਅਨ, ਬੇਰੋਜਗਾਰ ਪੀ.ਐਸ.ਟੈਟ ਆਰਟ ਐਂਡ ਕਰਾਫਟ ਸੰਘਰਸ਼ ਯੂਨੀਅਨ, ਡੈਮੋਕੈਟਿਕ ਟੀਚਰਜ਼ ਫਰੰਟ, ਆਦਰਸ਼ ਸਕੂਲ ਟੀਚਿੰਗ ਤੇ ਨਾਨ-ਟੀਚਿੰਗ ਮੁਲਾਜ਼ਮ ਯੂਨੀਅਨ, ਪਾਵਰ ਕਾਮ ਟਰਾਂਸਕੋ ਆਊਟਸੋਰਸ ਵਰਕਰ ਯੂਨੀਅਨ, ਮਾਣਭੱਤਾ ਵਰਕਰ ਸਾਂਝਾ ਮੋਰਚਾ, ਪੰਜਾਬ ਸਟੇਟ ਮਨਿਸਟਰੀਅਲ ਸਰਵਿਸ ਯੂਨੀਅਨ, ਜੁਆਇੰਟ ਐਕਸ਼ਨ ਕਮੇਟੀ ਆਫ਼ ਵੈਟਸ ਫੌਰ ਪੇਅ ਪੈਰਿਟੀ ਅਤੇ ਪੰਜਾਬ ਰੋਡਵੇਜ ਸਟੇਟ ਟਰਾਂਸਪੋਰਟ ਵਰਕਰਜ਼ ਯੂਨੀਅਨ ਸ਼ਾਮਿਲ ਸਨ।

ਮੀਟਿੰਗਾਂ ਦੌਰਾਨ ਕੈਬਨਿਟ ਸਬ-ਕਮੇਟੀ ਨੇ ਯੂਨੀਅਨ ਆਗੂਆਂ ਵੱਲੋਂ ਸੌਂਪੇ ਗਏ ਮੰਗ ਪੱਤਰਾਂ ਵਿੱਚ ਸ਼ਾਮਲ ਨੁਕਤਿਆਂ ’ਤੇ ਵਿਸਥਾਰ ਨਾਲ ਚਰਚਾ ਕੀਤੀ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਬੰਧਤ ਵਿਭਾਗਾਂ ਨੂੰ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਦੇ ਹੱਲ ਲਈ ਲੋੜੀਂਦੀ ਕਾਰਵਾਈ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਪਸ਼ੂ ਪਾਲਣ ਵਿਭਾਗ ਦੇ ਪ੍ਰਮੁੱਖ ਸਕੱਤਰ ਰਾਹੁਲ ਭੰਡਾਰੀ, ਸਕੱਤਰ ਖਰਚਾ ਵੀ.ਐਨ. ਜ਼ਾਦੇ, ਸਕੱਤਰ ਟਰਾਂਸਪੋਰਟ ਵਰੁਣ ਰੂਜਮ, ਸਕੱਤਰ ਪ੍ਰਸੋਨਲ ਗੁਰਪ੍ਰੀਤ ਕੌਰ ਸਪਰਾ ਅਤੇ ਸਕੱਤਰ ਸਿੱਖਿਆ ਅਨਿੰਦਿਤਾ ਮਿੱਤਰਾ ਨੂੰ ਉਨ੍ਹਾਂ ਦੇ ਵਿਭਾਗਾਂ ਨਾਲ ਸਬੰਧਤ ਜਾਇਜ਼ ਮੰਗਾਂ ਦੇ ਹੱਲ ਲਈ ਸਮਾਂਬੱਧ ਢੰਗ ਨਾਲ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ।

ਵਿੱਤ ਮੰਤਰੀ ਨੇ ਮੁਲਾਜ਼ਮ ਯੂਨੀਅਨਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਮੰਗਾਂ ’ਤੇ ਹਮਦਰਦੀ ਨਾਲ ਵਿਚਾਰ ਕੀਤਾ ਜਾਵੇਗਾ ਅਤੇ ਇੰਨ੍ਹਾਂ ਨੂੰ ਨਿਰਪੱਖ ਢੰਗ ਨਾਲ ਸਮੇਂ ਸਿਰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਆਪਣੇ ਮੁਲਾਜਮਾਂ ਦੇ ਮਸਲਿਆਂ ਨੂੰ ਰਚਨਾਤਮਕ ਗੱਲਬਾਤ ਰਾਹੀਂ ਹੱਲ ਕਰਨ ਅਤੇ ਸਮੇਂ ਸਿਰ ਕਾਰਵਾਈ ਰਾਹੀਂ ਉਨ੍ਹਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਦੀ ਵਚਨਬੱਧਤਾ ਨੂੰ ਦੁਹਰਾਇਆ।

ਮੀਟਿੰਗ ਵਿੱਚ ਸ਼ਿਰਕਤ ਕਰਨ ਵਾਲੇ ਯੂਨੀਅਨ ਮੈਂਬਰਾਂ ਵਿੱਚ ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ ਤੋਂ ਜੌਲੀ ਸਿੰਗਲਾ, ਕੁਲਦੀਪ ਸਿੰਘ, ਕੁਲਵਿੰਦਰ ਸਿੰਘ, ਸੈਂਟਰ ਆਫ ਟਰੇਡ ਯੂਨੀਅਨ ਤੋਂ ਦੇਵ ਰਾਜ ਵਰਮਾ, ਮੱਖਣ ਸਿੰਘ, ਜਸਮੇਰ ਕੌਰ, ਸਰਵ ਸਿੱਖਿਆ ਅਭਿਆਨ/ ਮਿਡ ਡੇਅ ਮੀਲ ਦਫ਼ਤਰੀ ਕਰਮਚਾਰੀ ਯੂਨੀਅਨ ਤੋਂ ਰਜਿੰਦਰ ਸਿੰਘ, ਪਰਵੀਨ ਸ਼ਰਮਾ, ਜਗਮੋਹਨ ਸਿੰਘ, ਪੀ.ਐਸ. ਟੈਟ ਪਾਸ ਡੀ.ਪੀ.ਈ ਯੂਨੀਅਨ ਤੋਂ ਰਮਨਪ੍ਰੀਤ ਸਿੰਘ, ਮਲਕੀਅਤ ਸਿੰਘ, ਹਰਦੀਪ ਸਿੰਘ, ਬੇਰੋਜਗਾਰ ਪੀ.ਐਸ.ਟੈਟ ਪਾਸ ਆਰਟ ਐਂਡ ਕਰਾਫਟ ਸੰਘਰਸ਼ ਯੂਨੀਅਨ ਤੋਂ ਰਾਕੇਸ਼ ਕੁਮਾਰ, ਹਰਬੰਸ ਸਿੰਘ, ਕਿਰਨਦੀਪ ਕੌਰ, ਡੈਮੋਕੈਟਿਕ ਟੀਚਰਜ਼ ਫਰੰਟ ਤੋਂ ਵਿਕਰਮ ਦੇਵ ਸਿੰਘ, ਮਹਿੰਦਰ ਕੁਮਾਰ, ਡਾ. ਟੀਨਾ, ਆਦਰਸ਼ ਸਕੂਲ ਟੀਚਿੰਗ ਤੇ ਨਾਨ-ਟੀਚਿੰਗ ਮੁਲਾਜ਼ਮ ਯੂਨੀਅਨ ਤੋ ਜਸਬੀਰ ਸਿੰਘ, ਅਮਰਜੋਤ ਜੋਸ਼ੀ, ਸੁਖਦੀਪ ਕੌਰ, ਪਾਵਰ ਕਾਮ ਟਰਾਂਸਕੋ ਆਊਟਸੋਰਸ ਵਰਕਰ ਯੂਨੀਅਨ ਤੋਂ ਹਰਵਿੰਦਰ ਸ਼ਰਮਾ, ਮਨਦੀਪ ਸਿੰਘ, ਮਨਦੀਪ ਕੌਰ, ਮਾਣਭੱਤਾ ਵਰਕਰ ਸਾਂਝਾ ਮੋਰਚਾ ਤੋਂ ਮਮਤਾ ਸ਼ਰਮਾ, ਮਨਦੀਪ ਕੌਰ, ਸ਼ਕੁੰਤਲਾ ਸ਼ਰਮਾ, ਪੰਜਾਬ ਸਟੇਟ ਮਨਿਸਟਰੀਅਲ ਸਰਵਿਸ ਯੂਨੀਅਨ ਤੋਂ ਗੁਰਨਾਮ ਸਿੰਘ ਵਿਰਕ, ਤਰਸੇਮ ਸਿੰਘ, ਅਨੁਜ ਕੁਮਾਰ, ਜੁਆਇੰਟ ਐਕਸ਼ਨ ਕਮੇਟੀ ਆਫ਼ ਵੈਟਸ ਫੌਰ ਪੇਅ ਪੈਰਿਟੀ ਤੋਂ ਡਾ. ਜਤਿੰਦਰ ਸਿੰਘ, ਡਾ. ਪੁਨੀਤ, ਡਾ. ਜਸਲੀਨ ਕੌਰ ਅਤੇ ਪੰਜਾਬ ਰੋਡਵੇਜ ਸਟੇਟ ਟਰਾਂਸਪੋਰਟ ਵਰਕਰਜ਼ ਯੂਨੀਅਨ ਤੋਂ ਹਰਮਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀ ਸ਼ਾਮਿਲ ਸਨ।

# 15,000 ਰੁਪਏ ਰਿਸ਼ਵਤ ਲੈਂਦਾ ਸ.ਫਾਈ ਇੰਸਪੈਕਟਰ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ

**ਚੰਡੀਗੜ੍ਹ, 20 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਨਗਰ ਕੌਂਸਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਵਿਖੇ ਤਾਇਨਾਤ ਸਫ਼ਾਈ (ਸੈਨੀਟੇਸ਼ਨ) ਇੰਸਪੈਕਟਰ ਗੁਰਬਿੰਦਰ ਸਿੰਘ ਨੂੰ 15,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ।

ਅੱਜ ਇੱਥੇ ਇਸ ਬਾਰੇ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਜਲਾਲਾਬਾਦ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਇਹ ਗ੍ਰਿਫ਼ਤਾਰੀ ਕੀਤੀ ਗਈ ਹੈ।


ਉਨ੍ਹਾਂ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਇੰਸਪੈਕਟਰ ਨੇ ਸ਼ਹਿਰ ਵਿੱਚ ਉਸ ਵੱਲੋਂ ਕੀਤੇ ਗਏ ਸਫ਼ਾਈ ਕਾਰਜਾਂ ਦੇ ਬਿੱਲ ਪਾਸ ਕਰਨ ਬਦਲੇ ਉਸਤੋਂ 20,000 ਰੁਪਏ ਰਿਸ਼ਵਤ ਮੰਗੀ ਸੀ ਪਰ ਉਸ ਵੱਲੋਂ ਮਿੰਨਤਾਂ ਕਰਨ ਤੇ ਉਹ 15000 ਰੁਪਏ ਲੈਣ ਲਈ ਰਾਜ਼ੀ ਹੋ ਗਿਆ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 15000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

ਇਸ ਸਬੰਧੀ ਨਗਰ ਕੌਂਸਲ ਦੇ ਉਕਤ ਕਰਮਚਾਰੀ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਫਿਰੋਜ਼ਪੁਰ ਰੇਂਜ ਵਿਖੇ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।



ਪਦਮਾਨਾਭਾਸਵਾਮੀ ਮੰਦਰ, ਕੇਰਲਾ-



# ਭਾਰਤ ਦੇ ਅਮੀਰ ਧਰਮ ਅਸਥਾਨ

ਬਲਰਾਜ ਸਿੰਘ ਸਿੱਧੂ
ਐਸ਼ ਪੀ

ਨੋਟਬੰਦੀ ਵੇਲੇ ਇੱਕ ਮੁੱਦਾ ਬਹੁਤ ਜੋਰ ਸ਼ੋਰ ਨਾਲ ਉੱਠਿਆ ਸੀ ਕਿ ਸ਼ਾਇਦ ਧਾਰਮਿਕ ਸੰਸਥਾਨਾਂ ਦੇ ਚੜ੍ਹਾਵੇ ਨਾਲ ਕਾਲੇ ਧੰਨ ਵਾਲਿਆਂ ਦੀ ਮਦਦ ਕੀਤੀ ਜਾ ਸਕਦੀ ਹੈ। ਧੰਨ ਕੁਬੇਰ ਅਜਿਹੇ ਸੰਸਥਾਨਾਂ ਦੇ ਪ੍ਰਬੰਧਕਾਂ ਦੀ ਮਿਲੀ ਭੁਗਤ ਨਾਲ ਚੁੱਪ ਚੁਪੀਤੇ ਆਪਣੇ ਪੁਰਾਣੇ ਨੋਟ ਨਵਿਆਂ ਵਿੱਚ ਤਬਦੀਲ ਕਰਵਾ ਸਕਦੇ ਹਨ। ਭਾਰਤ ਵਿੱਚ ਧਰਮ ਸਥਾਨਾਂ ਜਾਂ ਡੇਰਿਆਂ ਦੀ ਆਮਦਨ ?ਤੇ ਕੋਈ ਇਨਕਮ ਟੈਕਸ ਆਦਿ ਨਹੀਂ ਲੱਗਦਾ। ਅਰਬਾਂ ਖਰਬਾਂ ਰੁਪਿਆ ਬਿਨਾਂ ਕਿਸੇ ਟੈਕਸ ਜਾਂ ਆਡਿਟ ਦੇ ਖਪ ਜਾਂਦਾ ਹੈ। ਸਰਕਾਰ ਦਾ ਜਿਆਦਾਤਰ ਧਾਰਮਿਕ ਸੰਸਥਾਨਾਂ ਦੇ ਕੰਮ ਕਾਜ ਉੱਪਰ ਕਿਸੇ ਕਿਸਮ ਦਾ ਕੋਈ ਕੰਟਰੋਲ ਨਹੀਂ ਹੈ। ਵੈਸੇ ਹੁਣ ਤੱਕ ਕਿਸੇ ਧਾਰਮਿਕ ਸਥਾਨ ਦੁਆਰਾ ਕਿਸੇ ਧਨਾਢ ਦੇ ਨੋਟ ਬਦਲਣ ਦਾ ਮਾਮਲਾ ਸਾਹਮਣੇ ਨਹੀਂ ਆਇਆ। ਭਾਰਤ ਦੇ ਧਾਰਮਿਕ ਸਥਾਨਾਂ ਨੂੰ ਹਰ ਸਾਲ ਅਰਬਾਂ ਰੁਪਿਆ ਚੜ੍ਹਾਵਾ ਚੜ੍ਹਦਾ ਹੈ। ਭਾਰਤ ਦੇ ਦਸ ਸਭ ਤੋਂ ਵੱਧ ਅਮੀਰ ਧਾਰਮਿਕ ਸੰਸਥਾਨ ਇਸ ਪ੍ਰਕਾਰ ਹਨ।

1 **ਪਦਮਾਨਾਭਾਸਵਾਮੀ ਮੰਦਰ, ਕੇਰਲਾ-** ਇਹ ਪੁਰਾਤਨ ਮੰਦਰ ਭਗਵਾਨ ਵਿਸ਼ਣੂੰ ਨੂੰ ਸਮਰਪਿਤ ਹੈ ਅਤੇ ਈਸਾ ਤੋਂ ਕਈ ਸਦੀਆਂ ਪਹਿਲਾਂ ਦਾ ਨਿਰਮਿਤ ਹੈ। ਬ੍ਰਹਮ ਪੁਰਾਣ, ਮਤਸਿਆ ਪੁਰਾਣ, ਸਕੰਦ ਪੁਰਾਣ ਅਤੇ ਭਗਵਤ ਪੁਰਾਣ ਆਦਿ ਕਈ ਪ੍ਰਾਚੀਨ ਗ੍ਰੰਥਾਂ ਵਿੱਚ ਇਸ ਦਾ ਵੇਰਵਾ ਆਉਂਦਾ ਹੈ। ਕੇਰਲਾ ਦੇ ਥਿਰੂਵੰਨਤਾਪੁਰਮ ਸ਼ਹਿਰ ਵਿੱਚ ਸਥਿੱਤ ਇਹ ਮੰਦਰ ਦੁਨੀਆਂ ਦਾ ਸਭ ਤੋਂ ਦੌਲਤਮੰਦ ਮੰਦਰ ਹੈ। 2011 ਵਿੱਚ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਨਾਲ ਇਸ ਦੇ ਸਦੀਆਂ ਤੋਂ ਬੰਦ ਗੁਪਤ ਤਹਿਖਾਨੇ ਖੋਲ੍ਹੇ ਗਏ ਤਾਂ ਦੁਨੀਆਂ ਇਸ ਦੇ ਖਜ਼ਾਨੇ ਵੇਖ ਕੇ ਚਕਾਚੌਂਧ ਰਹਿ ਗਈ। ਹਨੇਰੇ ਸਿਲ੍ਹੇ ਤਹਿਖਾਨਿਆਂ ਵਿੱਚ ਸੋਨੇ, ਚਾਂਦੀ, ਹੀਰਿਆਂ, ਮੋਤੀਆਂ, ਪੁਖਰਾਜ, ਨੀਲਮ, ਮਾਣਕ, ਪੰਨੇ ਆਦਿ ਕੀਮਤੀ ਪੱਥਰਾਂ ਅਤੇ ਧਾਤਾਂ ਦੇ ਢੇਰ ਲੱਗੇ ਹੋਏ ਸਨ। ਸੋਨੇ ਦੀਆਂ ਮੂਰਤੀਆਂ, ਚੇਨਾਂ, ਸਿੱਕੇ, ਮੁਕਟ ਅਤੇ ਹਾਰ ਆਦਿ ਠੂਸ ਠੂਸ ਕੇ ਭਰੇ ਹੋਏ ਸਨ। ਕਈ ਕਰੋੜ ਦੇ ਸੋਨੇ ਦੇ ਸਿੱਕੇ ਤਾਂ ਰੋਮਨ ਸਾਮਰਾਜ ਦੇ ਸਨ। ਇਸ ਖਜ਼ਾਨੇ ਦੀ ਮਾਰਕੀਟ ਕੀਮਤ ਇੱਕ ਲੱਖ ਕਰੋੜ ਰੁਪਏ ਆਂਕੀ ਗਈ ਹੈ। ਜੇ ਇਸ ਮਾਲ ਦੀ ਇਤਿਹਾਸਕ ਅਤੇ ਪੁਰਾਤਨ ਮਹੱਤਤਾ ਨੂੰ ਵਾਚਿਆ ਜਾਵੇ ਤਾਂ ਇਸ ਦੀ ਕੀਮਤ ਸੌ ਗੁਣਾ ਹੋਰ ਵੱਧ ਜਾਵੇਗੀ। ਅਜੇ 8 ਵਿੱਚੋਂ ਸਿਰਫ 5 ਤਹਿਖਾਨੇ ਖੋਲ੍ਹੇ ਗਏ ਹਨ।

2 **ਤਿਰੂਮਲਾ ਤਿਰੂਪਤੀ ਵੈਂਕਟੇਸ਼ਵਰਾ ਮੰਦਰ, ਆਂਧਰਾ ਪ੍ਰਦੇਸ਼-** ਇਹ ਮੰਦਰ ਵੀ ਭਗਵਾਨ ਵਿਸ਼ਣੂੰ ਨੂੰ ਸਮਰਪਿਤ ਹੈ ਅਤੇ ਸੰਨ 300 ਈਸਵੀ ਦੇ ਆਸ ਪਾਸ ਬਣਿਆ ਸੀ। ਇਸ ਮੰਦਰ ਦੀ ਗੋਲਕ ਤੋਂ ਸਲਾਨਾ ਆਮਦਨ ਕਰੀਬ 1700 ਕਰੋੜ ਅਤੇ ਖਜ਼ਾਨੇ ਦੀ ਕੀਮਤ 650 ਕਰੋੜ ਰੁਪਏ ਆਂਕੀ ਗਈ ਗਈ ਹੈ। ਇਹ ਮੰਦਰ ਤਿਰੂਮਲਾ ਦੇ ਪਹਾੜੀ ਸ਼ਹਿਰ ਵਿੱਚ ਸਥਿੱਤ ਹੈ। ਇਥੇ ਸੰਸਾਰ ਦੇ ਕਿਸੇ ਵੀ ਧਾਰਮਿਕ ਸਥਾਨ ਤੋਂ ਵੱਧ ਸ਼ਰਧਾਲੂ ਰੋਜ਼ਾਨਾ ਆਉਂਦੇ (50000 ਤੋਂ ਇੱਕ ਲੱਖ) ਹਨ। ਇਥੇ ਦੂਰ ਦੂਰ ਤੋਂ ਲੋਕ ਮੁੰਡਨ ਕਰਵਾਉਣ ਆਉਂਦੇ ਹਨ। ਹਰ ਸਾਲ 40 ਕਰੋੜ ਰੁਪਏ ਤਾਂ ਸਿਰਫ ਉਹ ਵਾਲ ਵੇਚ ਕੇ ਹੀ ਮੰਦਰ ਦੀ ਤਿਜ਼ੋਰੀ ਵਿੱਚ ਆਉਂਦੇ ਹਨ। ਵਿਦੇਸ਼ਾਂ ਵਿੱਚ ਇਹ ਵਾਲ ਵਿੱਗ ਆਦਿ ਬਣਾਉਣ ਦੇ ਕੰਮ ਆਉਂਦੇ ਹਨ। ਵੈਂਕਟੇਸ਼ਵਰ ਦੇਵਤੇ ਦੀ ਮੂਰਤੀ ਦੇ ਗਹਿਣੇ 10 ਕਵਿੰਟਲ ਸੋਨੇ ਦੇ ਬਣੇ ਹੋਏ ਹਨ। ਪ੍ਰਸ਼ਾਦ ਦੇ ਲੱਡੂ ਵੇਚ ਕੇ ਹਰ ਸਾਲ ਡੇਢ ਕਰੋੜ ਰੁਪਏ ਦੀ ਆਮਦਨ ਹੁੰਦੀ ਹੈ। ਕਿਹਾ ਜਾਂਦਾ ਹੈ ਕਿ ਅਮਿਤਾਭ ਬੱਚਨ ਨੇ ਇਥੇ 51 ਲੱਖ ਰੁਪਏ ਦਾਨ ਕੀਤੇ ਸਨ।

3 **ਸਾਈਂ ਬਾਬਾ ਮੰਦਰ, ਸ਼ਿਰਡੀ, ਮਹਾਂਰਾਸ਼ਟਰ-** ਸਾਂਈ ਬਾਬਾ ਦੀ ਯਾਦ ਵਿੱਚ ਬਣਿਆ ਇਹ ਮੰਦਰ 1922 ਈਥ ਵਿੱਚ ਉਸਾਰਿਆ ਗਿਆ ਸੀ। ਇਹ ਸ਼ਿਰਡੀ ਨਾਮ ਦੇ ਕਸਬੇ ਵਿੱਚ ਮੁੰਬਈ ਤੋਂ ਕਰੀਬ 296 ਕਿਥਮੀਥ ਦੂਰ ਸਥਿੱਤ ਹੈ। ਸਾਈਂ ਬਾਬਾ ਬਾਰੇ ਇਹ ਪਤਾ ਨਹੀਂ ਹੈ ਕਿ ਉਹ ਹਿੰਦੂ ਸਨ ਜਾਂ ਮੁਸਲਮਾਨ, ਪਰ ਉਹਨਾਂ ਦੀਆਂ ਸਿਖਿਆਵਾਂ ਇਸਲਾਮ ਅਤੇ ਹਿੰਦੂ ਧਰਮਾਂ ਦੇ ਚੰਗੇ ਗੁਣਾਂ ਦਾ ਨਿਚੋੜ ਹਨ। ਉਹਨਾਂ ਨੇ ਆਪਣੇ ਅਨੁਆਈਆਂ ਨੂੰ ਸਭ ਨਾਲ ਪਿਆਰ ਕਰਨ, ਮਾਫ ਕਰ ਦੇਣ, ਦਾਨ ਕਰਨ ਅਤੇ ਸੰਤੋਖੀ ਜੀਵਨ ਬਿਤਾਉਣ ਦੀ ਸਿੱਖਿਆ ਦਿੱਤੀ। ਹਰ ਜ਼ਾਤ, ਧਰਮ ਅਤੇ ਫਿਰਕੇ ਦੇ ਕਰੀਬ 30-35000 ਸ਼ਰਧਾਲੂ ਇਥੇ ਰੋਜ਼ਾਨਾ ਹਾਜ਼ਰੀ ਭਰਨ ਲਈ ਆਉਂਦੇ ਹਨ। ਸਲਾਨਾ ਚੜ੍ਹਾਵਾ 600 ਕਰੋੜ ਰੁਪਏ ਦੇ ਲਗਭਗ ਹੈ। ਇਸ ਤੋਂ ਇਲਾਵਾ ਇਸ ਦੇ ਖਜ਼ਾਨੇ ਵਿੱਚ ਸ਼ਰਧਾਲੂਆਂ ਦੁਆਰਾ ਭੇਂਟ ਕੀਤੇ 35 ਕਰੋੜ ਦੇ ਸੋਨੇ ਚਾਂਦੀ ਦੇ ਗਹਿਣੇ ਮੌਜੂਦ ਹਨ।



ਸੋਮਨਾਥ ਮੰਦਰ, ਗੁਜਰਾਤ

4 **ਮੰਦਰ ਮਾਤਾ ਵੈਸ਼ਣੋ ਦੇਵੀ, ਜੰਮੂ ਕਸ਼ਮੀਰ-** ਮਾਤਾ ਵੈਸ਼ਣੋ ਦੇਵੀ ਮੰਦਰ ਬਹੁਤ ਹੀ ਪ੍ਰਚੀਨ ਹੈ। ਇਥੇ ਹਰ ਸਾਲ ਇੱਕ ਕਰੋੜ ਤੋਂ ਵੱਧ ਸ਼ਰਧਾਲੂ ਦਰਸ਼ਨ ਕਰਨ ਲਈ ਜਾਂਦੇ ਹਨ ਤੇ ਸਲਾਨਾ ਚੜ੍ਹਾਵਾ 500 ਕਰੋੜ ਰੁਪਏ ਦੇ ਕਰੀਬ ਹੈ। ਪਹਿਲਾਂ ਇਸ ਦਾ ਕੰਟਰੋਲ ਪੰਡਿਆਂ ਦੇ ਕੋਲ ਹੁੰਦਾ ਸੀ ਪਰ ਹੁਣ ਇਸ ਦਾ ਪ੍ਰਬੰਧ ਸ਼ਰਾਈਨ ਬੋਰਡ ਕਰਦਾ ਹੈ। ਜੰਮੂ ਕਸ਼ਮੀਰ ਦੇ ਗਵਰਨਰ ਇਸ ਬੋਰਡ ਦੇ ਚੇਅਰਮੈਨ ਹਨ। ਇਸ ਬੋਰਡ ਨੇ ਇਸ ਮੰਦਰ ਦੇ ਪ੍ਰਬੰਧਾਂ ਦੇ ਸੁਧਾਰ ਵਿੱਚ ਬੇਮਿਸਾਲ ਕੰਮ ਕੀਤੇ ਹਨ।

5 **ਸੋਮਨਾਥ ਮੰਦਰ, ਗੁਜਰਾਤ-** ਇਹ ਮੰਦਰ ਪ੍ਰਭਾਸ ਪੱਟਨ ਸ਼ਹਿਰ ਵਿੱਚ ਗੁਜਰਾਤ ਦੇ ਪੱਛਮੀ ਤੱਟ ਤੇ ਸਥਿੱਤ ਹੈ। ਇਹ ਭਗਵਾਨ ਸ਼ਿਵ ਦੇ 12 ਜਯੋਤੀ ਲਿੰਗਾਂ ਵਿੱਚੋਂ ਪਹਿਲਾ ਹੈ ਤੇ ਚੰਦਰ ਦੇਵਤੇ ਨੂੰ ਸਮਰਪਿਤ ਹੈ। ਹਜ਼ਾਰਾਂ ਸਾਲ ਪੁਰਾਣੇ ਇਹ ਮੰਦਰ ਨੂੰ ਮਹਿਮੂਦ ਗਜ਼ਨਵੀ ਸਮੇਤ ਅਨੇਕਾਂ ਧਾੜਵੀਆਂ ਦੁਆਰਾ ਲੁੱਟਿਆ ਅਤੇ ਤਬਾਹ ਕੀਤਾ ਗਿਆ ਹੈ। ਮੌਜੂਦਾ ਮੰਦਰ ਦਾ ਨਿਰਮਾਣ 1951 ਈ ਵਿੱਚ ਕੀਤਾ ਗਿਆ ਸੀ। 2012 ਵਿੱਚ ਸੂਰਤ ਅਤੇ ਮੁੰਬਈ ਦੇ ਦੋ ਵਪਾਰੀਆਂ ਨੇ ਇਥੇ 36 ਕਿੱਲੋ ਸੋਨਾ ਦਾਨ ਕੀਤਾ ਸੀ। ਇਸ ਮੰਦਰ ਦੀ ਸਲਾਨਾ ਆਮਦਨ ਕਰੀਬ 125 ਕਰੋੜ ਰੁਪਏ ਦੇ ਕਰੀਬ ਹੈ।

6. **ਹਰਿਮੰਦਰ ਸਾਹਿਬ, ਸ਼੍ਰੀ ਅੰਮ੍ਰਿਤਸਰ-** ਹਰਿਮੰਦਰ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਇਥੇ ਦਾ ਲੰਗਰ ਸੰਸਾਰ ਦੀ ਸਭ ਤੋਂ ਵੱਡੀ ਫਰੀ ਕਿਚਨ ਹੈ। ਹਰਿਮੰਦਰ ਸਾਹਿਬ ਦਾ ਸਲਾਨਾ ਸਲਾਨਾ ਚੜ੍ਹਾਵਾ 85-90 ਕਰੋੜ ਰੁਪਏ ਦੇ ਲਗਭਗ ਹੈ।

7. **ਜਗਨਨਾਥ ਪੁਰੀ, ਉੜੀਸਾ-** ਇਹ ਮੰਦਰ ਉੜੀਸਾ ਦੇ ਪੁਰੀ ਸ਼ਹਿਰ ਵਿੱਚ ਸਥਿੱਤ ਹੈ। ਇਸ ਦਾ ਨਿਰਮਾਣ ਗੰਗਾ ਵੰਸ਼ ਦੇ ਰਾਜੇ ਅਨੰਤਵਰਮਨ ਦੇਵ ਨੇ 12ਵੀਂ ਸਦੀ ਵਿੱਚ ਕਰਾਇਆ ਸੀ। ਇਹ ਹਿੰਦੂਆਂ ਦੇ ਚਾਰ ਧਾਮਾਂ ਵਿੱਚੋਂ ਇੱਕ ਹੈ। ਇਸ ਦੀ ਸਲਾਨਾ ਆਮਦਨ 45 ਕਰੋੜ ਰੁਪਏ ਦੇ ਕਰੀਬ ਹੈ। ਇਸ ਦੀ ਪ੍ਰਸਿੱਧੀ ਕਾਰਨ ਇਸ ਨੂੰ ਹਮਲਾਵਰਾਂ ਨੇ ਹੁਣ ਤੱਕ 18 ਵਾਰ ਲੁੱਟਿਆ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਇਥੇ ਕਾਫੀ ਸੋਨਾ ਦਾਨ ਕੀਤਾ ਸੀ। ਉਸ ਨੇ ਇੱਕ ਵਾਰ ਕੋਹਿਨੂਰ ਹੀਰਾ ਵੀ ਇਥੇ ਦਾਨ ਕਰਨ ਦਾ ਮਨ ਬਣਾਇਆ ਸੀ ਪਰ ਅਚਾਨਕ ਮੌਤ ਹੋ ਜਾਣ ਕਾਰਨ ਗੱਲ ਵਿੱਚੇ ਰਹਿ ਗਈ। ਮੰਦਰ ਦੇ ਖਜ਼ਾਨੇ ਵਿੱਚ ਪੰਜ ਕੁਵਿੰਟਲ ਦੇ ਕਰੀਬ ਸੋਨੇ ਅਤੇ 22 ਕਵਿੰਟਲ ਦੇ ਕਰੀਬ ਚਾਂਦੀ ਦੀਆਂ ਵਸਤੂਆਂ ਹਨ। ਇਸ ਦੇ 200 ਕਰੋੜ ਦੇ ਕਰੀਬ ਰੁਪਏ ਬੈਂਕਾਂ ਵਿੱਚ ਜਮ੍ਹਾਂ ਹਨ ਜਿਸ ਦੇ ਵਿਆਜ ਤੋਂ ਰੋਜ਼ਾਨਾ ਦੇ ਖਰਚੇ ਚਲਾਏ ਜਾਂਦੇ ਹਨ।

8. **ਸਿੱਧੀ ਵਿਨਾਇਕ ਮੰਦਰ, ਮੁੰਬਈ** - ਭਗਵਾਨ ਗਣੇਸ਼ ਨੂੰ ਸਮਰਪਿਤ ਇਹ ਮੰਦਰ 1801 ਈ. ਵਿੱਚ ਇੰਦੌਰ ਦੀ ਦਾਰਸ਼ਨਿਕ ਮਹਾਰਾਣੀ ਅਹਿਲਿਆ ਬਾਈ ਹੌਲਕਰ ਨੇ ਬਣਵਾਇਆ ਸੀ। ਇਹ ਮੁੰਬਈ ਦਾ ਸਭ ਤੋਂ ਅਮੀਰ ਮੰਦਰ ਹੈ। ਇਥੇ ਰੋਜ਼ਾਨਾ 25000 ਤੇ ਤਿਉਹਾਰਾਂ ਤੇ ਦੋ ਲੱਖ ਸ਼ਰਧਾਲੂ ਆਉਂਦੇ ਹਨ। ਇਸ ਦੀ ਸਲਾਨਾ ਆਮਦਨ 25 ਤੋਂ 30 ਕਰੋੜ ਰੁਪਏ ਹੈ। ਕਲਕੱਤਾ ਦੇ ਇੱਕ ਸ਼ਰਧਾਲੂ ਵਪਾਰੀ ਨੇ ਇਥੇ ਭਗਵਾਨ ਗਣੇਸ਼ ਦੀ ਮੂਰਤੀ ਲਈ 5 ਕਿੱਲੋ ਸੋਨੇ ਦੀ ਪਾਲਕੀ ਭੇਂਟ ਕੀਤੀ ਸੀ। ਇਸ ਮੰਦਰ ਨੂੰ ਇੱਕ ਵਿਵਾਦਮਈ ਟਰੱਸਟ ਚਲਾਉਂਦਾ ਹੈ ਜਿਸ ?ਤੇ ਮੰਦਰ ਦੇ ਪੈਸੇ ਨੂੰ ਦੁਰਪਯੋਗ ਕਰਨ ਦੇ ਇਲਜ਼ਾਮ ਲੱਗਦੇ ਰਹਿੰਦੇ ਹਨ।

9. **ਕਾਸ਼ੀ ਵਿਸ਼ਵਨਾਥ ਮੰਦਰ, ਯੂਪੀ** - ਵਾਰਾਣਸੀ (ਬਨਾਰਸ) ਵਿੱਚ ਸਥਿੱਤ ਭਗਵਾਨ ਸ਼ਿਵ ਦਾ ਇਹ ਮੰਦਰ ਹਜ਼ਾਰਾਂ ਸਾਲ ਪੁਰਾਣਾ ਹੈ। ਇਹ ਮੰਦਰ ਨੂੰ ਧਾੜਵੀਆਂ ਦੁਆਰਾ ਕਈ ਵਾਰ ਲੁੱਟਿਆ ਤੇ ਤਬਾਹ ਕੀਤਾ ਗਿਆ ਹੈ। ਇਸ ਦੇ ਗੁੰਬਦ ਅਤੇ ਮੀਨਾਰ ਸੋਨੇ ਨਾਲ ਮੜ੍ਹੇ ਹੋਏ ਹਨ। ਇਸ ਦੀ ਸਲਾਨਾ ਆਮਦਨ ਕਰੀਬ 15 ਕਰੋੜ ਹੈ। ਇਸ ਦੇ ਦੋ ਗੁੰਬਦਾਂ ਨੂੰ ਸੋਨੇ ਨਾਲ ਮੜਵਾਉਣ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ ਸੀ। ਮੁਗਲ ਸਮਰਾਟ ਔਰੰਗਜ਼ੇਬ ਨੇ ਇਸ ਮੰਦਰ ਨੂੰ ਬਿਲਕੁਲ ਨੇਸਤਾਨਾਬੂਦ ਕਰ ਦਿੱਤਾ ਸੀ। ਮੌਜੂਦਾ ਮੰਦਰ ਦੀ ਉਸਾਰੀ ਵੀ ਇੰਦੌਰ ਦੀ ਮਰਾਠਾ ਮਹਾਰਾਣੀ ਅਹੱਲਿਆ ਬਾਈ ਹੌਲਕਰ ਨੇ 1780 ਈਥ ਵਿੱਚ ਕਰਵਾਈ ਸੀ।

10. **ਮੀਨਾਕਸ਼ੀ ਅੰਮਾ ਮੰਦਰ, ਤਾਮਿਲਨਾਡੂ** - ਇਹ ਮੰਦਰ ਮਦੁਰਾਈ ਵਿੱਚ ਸਥਿੱਤ ਹੈ। ਮਦੁਰਾਈ ਨੂੰ ਮੰਦਰਾਂ ਦਾ ਸ਼ਹਿਰ ਕਿਹਾ ਜਾਂਦਾ ਹੈ। ਵੈਸੇ ਤਾਂ ਇਹ ਮੰਦਰ ਬਹੁਤ ਪ੍ਰਾਚੀਨ ਹੈ ਪਰ ਮੌਜੂਦਾ ਇਮਾਰਤ ਦੀ ਉਸਾਰੀ ਮਦੁਰਾਈ ਸਟੇਟ ਦੇ ਪ੍ਰਧਾਨ ਮੰਤਰੀ ਅਰਿਅੰਤ ਮੁਦਲੀਆਰ ਨੇ 1569 ਈਸਵੀ ਵਿੱਚ ਕਰਵਾਈ ਸੀ। ਇਥੇ ਰੋਜ਼ਾਨਾ 15000 ਦੇ ਕਰੀਬ ਸ਼ਰਧਾਲੂ ਆਉਂਦੇ ਹਨ ਤੇ ਸਲਾਨਾ ਆਮਦਨ 10 ਕਰੋੜ ਰੁਪਏ ਦੇ ਕਰੀਬ ਹੈ। ਮੰਦਰ ਦੀ ਇਮਾਰਤ ਦੇ ਬਾਹਰਲੇ ਪਾਸੇ ਦੋ ਸੁਨਹਿਰੇ ਵਿਮਾਨਾਂ ਤੋਂ ਇਲਾਵਾ 33000 ਸ਼ਾਨਦਾਰ ਮੂਰਤੀਆਂ ਖੁਦੀਆਂ ਹੋਈਆਂ ਹਨ। ਵਿਸ਼ਵ ਦੇ ਆਧੁਨਿਕ ਸੱਤ ਅਜੂਬੇ ਚੁਣਨ ਲਈ ਜਿਹੜੇ 30 ਸਮਾਰਕਾਂ ਦੀ ਚੋਣ ਕੀਤੀ ਗਈ ਸੀ, ਇਹ ਵੀ ਉਹਨਾਂ ਵਿੱਚ ਸ਼ਾਮਲ ਸੀ। ਹਰੇਕ ਇਨਸਾਨ ਨੂੰ ਆਪਣੇ ਧਰਮ ਨੂੰ ਮੰਨਣ ਅਤੇ ਧਾਰਮਿਕ ਸਥਾਨਾਂ ਨੂੰ ਦਾਨ ਦੇਣ ਦਾ ਹੱਕ ਹੈ। ਪਰ ਇਹ ਵੀ ਜਰੂਰੀ ਹੈ ਕਿ ਧਾਰਮਿਕ ਸਥਾਨਾਂ ਦੇ ਨਾਲ ਨਾਲ ਗਰੀਬਾਂ, ਮਜ਼ਬੂਰਾਂ ਅਤੇ ਬੇਸਹਾਰਿਆਂ ਦਾ ਵੀ ਖਿਆਲ ਰੱਖਿਆ ਜਾਵੇ। ਉਹਨਾਂ ਦੀ ਵੀ ਜਥਾ ਸ਼ਕਤੀ ਮਦਦ ਕੀਤੀ ਜਾਵੇ।

# ਹਾਏ ਬਾਪੂ ਅੱਗੇ ਤੋਂ ਨਹੀਂ....

ਮੇਜਰ ਸਿੰਘ ਨਾਭਾ

'ਵਿਗੜਿਆਂ ਤਿਗੜਿਆਂ ਦਾ ਡੰਡਾ ਪੀਰ' ਦੀ ਕਹਾਵਤ ਹੁਣ ਪੁਰਾਣੀ ਹੋ ਗਈ ਲੱਗਦੀ ਹੈ। ਇਨਸਾਨ ਨੂੰ ਡੰਡੇ ਨਾਲ ਸੁਧਾਰਨ ਦੀ ਗੱਲ ਹੁਣ ਦੂਰ ਦੀ ਗੱਲ ਹੈ। ਜਿਵੇਂ ਕਿ ਅਮਰੀਕਾ ਨੇ ਆਪਣੀ ਤਾਕਤ ਨੂੰ ਦੁਨੀਆਂ ਵਿਚ ਮਨਵਾਉਣ ਲਈ ਕਈ ਦੇਸ਼ਾਂ ਨਾਲ ਗੱਲਬਾਤ ਦੀ ਥਾਂ ਸ਼ਕਤੀ ਨੂੰ ਵਰਤਣ ਦਾ ਖਮਿਆਜ਼ਾ ਦੇਖ ਹੀ ਲਿਆ ਹੈ। ਸਕੂਲਾਂ ਵਿਚ ਬੱਚੇ ਨੂੰ ਸੁਧਾਰਨ ਦੀ ਗੱਲ ਲਈਏ ਤਾਂ ਸਿੱਖਿਆ ਮਾਹਿਰਾਂ ਅਨੁਸਾਰ ਨਵੀਂ ਸਿੱਖਿਆ ਨੀਤੀ ਅੰਦਰ ਡੰਡੇ ਨਾਂ ਦੀ ਕੋਈ ਚੀਜ਼ ਨਹੀਂ। ਹੈ ਵੀ ਠੀਕ ਅੱਜ ਦਾ ਬੱਚਾ ਬੜਾ ਸੈਂਸੇਟਿਵ ਹੈ ਉਸ ਉੱਪਰ ਹਰੇਕ ਗੱਲ ਦਾ ਕੋਈ ਨਾ ਕੋਈ ਪ੍ਰਭਾਵ ਜ਼ਰੂਰ ਪੈਂਦਾ ਹੈ।

ਸ਼ਾਇਦ ਇਹ 1972 ਦੀ ਗੱਲ ਹੈ ਜਦੋਂ ਮੈਂ ਸਰਕਾਰੀ ਹਾਈ ਸਕੂਲ ਦੰਦਰਾਲਾ ਢੀਂਡਸਾ ਵਿਖੇ ਨੌਂਵੀਂ ਸ਼੍ਰੇਣੀ ਵਿਚ ਪੜ੍ਹਦਾ ਸੀ। ਮੇਰੇ ਦੋਸਤ ਗੁਰਪ੍ਰੀਤ ਦਾ ਪਿਤਾ ਮੇਰੀ ਸੁਰਤ ਸੰਭਲਣ ਤੋਂ ਪਹਿਲਾਂ ਦਾ ਹੀ ਪਿੰਡ ਦਾ ਸਰਪੰਚ ਬਣਿਆ ਹੋਇਆ ਸੀ। ਪਿੰਡ ਵਿਚ ਤਕੜੇ ਲਾਣੇ ਵਜੋਂ ਜਾਣਿਆ ਜਾਂਦਾ ਸੀ। ਇਕ ਦਿਨ ਗੁਰਪ੍ਰੀਤ ਨਾਲ ਦੇ ਮੁੰਡਿਆਂ ਨਾਲ ਸਕੂਲੋਂ ਕੰਧ ਟੱਪ ਕੇ ਫਿਰਨੀ ਦੇ ਨੇੜਲੇ ਖੂਹ ਤੇ ਚਲਿਆ ਗਿਆ। ਅਚਾਨਕ ਗੁਰਪ੍ਰੀਤ ਦਾ ਪਿਤਾ ਉਧਰੋਂ ਦੀ ਲੰਘ ਰਿਹਾ ਸੀ ਤਾਂ ਉਥੇ ਗੁਰਪ੍ਰੀਤ ਨੂੰ ਦੇਖ ਦੇ ਕ੍ਰੋਧ ਵਿਚ ਆ ਗਿਆ। ਉਸ ਨੂੰ ਉਥੋਂ ਨੇੜਿਓਂ ਇਕ ਤੂਤ ਦੀ ਛਟੀ ਮਿਲ ਗਈ। ਬਸ ਫੇਰ ਤਾਂ ਗੁਰਪ੍ਰੀਤ ਨੂੰ ਬਾਹਰੋਂ

ਕੁੱਟਦੇ ਕੁੱਟਦੇ ਲਿਆ ਕੇ ਸਕੂਲ ਵਿਚ ਹੈੱਡਮਾਸਟਰ ਸਾਹਮਣੇ ਗਿੱਟਿਆਂ ਨੂੰ ਛਾਂਗਦਿਆਂ ਲੇਰਾਂ ਕਢਵਾ ਦਿੱਤੀਆਂ। ਗੁਰਪ੍ਰੀਤ ਦੇ ਬੋਲ ?ਹਾਏ, ਬਾਪੂ, ਅੱਗੇ ਤੋਂ ਨਹੀਂਥਥਥਥ' ਸੁਣਦਿਆਂ ਸਾਰੇ ਸਕੂਲ ਦੇ ਬੱਚਿਆਂ ਦੇ ਸਵਾਸ ਅੰਦਰ ਨੂੰ ਚਲੇ ਗਏ। ਹੈੱਡਮਾਸਟਰ ਤੋਂ ਵੱਖਰੀ ਕੁਟਾਈ ਕਰਵਾਈ। ਪਰ ਜਦੋਂ ਮੈਂ ਅੱਜ ਦੇ ਮਾਪਿਆਂ ਅਤੇ ਬੱਚਿਆਂ ਵੱਲ ਵੇਖਦਾ ਹਾਂ ਤਾਂ ਨਾ ਤਾਂ ਮਾਪੇ ਦਾ ਹੀ ਏਨਾ ਜ਼ੇਰਾ ਏ ਤੇ ਨਾ ਹੀ ਬੱਚੇ ਅੰਦਰ ਹੀ ਏਨੀ ਬਰਦਾਸ਼ਤ ਸ਼ਕਤੀ ਹੈ।

ਮੈਟ੍ਰਿਕ ਪਾਸ ਕਰਨ ਤੋਂ ਬਾਅਦ ਅਸੀਂ ਤਿੰਨ ਮੁੰਡਿਆਂ ਨੇ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਦਾਖਲਾ ਲੈ ਲਿਆ। ਪਿੰਡ ਤੋਂ ਸ਼ਹਿਰ ਤਕਰੀਬਨ 16-17 ਕਿਲੋਮੀਟਰ ਸੀ। ਅਸੀਂ ਸਾਇਕਲਾਂ ਉੱਪਰ ਹੀ ਕਾਲਜ ਜਾਂਦੇ। ਪੰਜਾਬ ਸਟੂਡੈਂਟਸ ਯੂਨੀਅਨ (ਪੀਥਐਸ਼ਯੂ) ਦਾ ਇਨ੍ਹਾਂ ਦਿਨਾਂ ਵਿਚ ਬਹੁਤ ਜ਼ੋਰ ਸੀ। ਵਿਦਿਆਥੀਆਂ ਦੀ ਇਕ ਮੰਗ ਕਨਸੈਸ਼ਨਲ ਰੇਟ 'ਤੇ ਸਟੂਡੈਂਟਸ ਬਸ ਪਾਸ ਬਨਾਉਣ ਦੀ ਸਰਕਾਰ ਨੇ ਮੰਨ ਲਈ। ਹੁਣ ਅਸੀਂ ?ਬਸ ਪਾਸ' ਬਣਾ ਕੇ ਕਾਲਜ ਨੂੰ ਬਸ ਰਾਹੀਂ ਜਾਣ ਲੱਗ ਪਏ। ਭਾਵੇਂ ਬਸਾਂ ਦੇ ਰੂਟ ਸੀਮਿਤ ਹੀ ਸੀ। ਬਸਾਂ ਰਾਹੀਂ ਜਾਣਾ ਸਾਈਕਲਾਂ ਤੇ ਜਾਣ ਨਾਲੋਂ ਜ਼ਿਆਦਾ ਸਮਾਂ ਬਰਬਾਦ ਕਰਦਾ ਸੀ ਕਿਉਂਕਿ ਜਾਣ ਵੇਲੇ ਕਾਫੀ ਸਮਾਂ ਪਹਿਲਾਂ ਜਾਣਾ ਪੈਂਦਾ ਇਸੇ ਤਰ੍ਹਾਂ ਵਾਪਸੀ ਤੇ ਕਾਫੀ ਸਮਾਂ ਬਸਾਂ ਦੀ ਉਡੀਕ ਕਰਨੀ ਪੈਂਦੀ। ਸਰਦੀਆਂ ਵਿਚ ਜ਼ਿਆਦਾ ਠੰਡ ਅਤੇ ਦਿਨ ਛੋਟੇ ਹੋਣ ਕਾਰਨ ਮੈਂ ਤੇ ਗੁਰਪ੍ਰੀਤ ਨੇ ਪਿੰਡ ਦੇ ਸੀਨੀਅਰ ਮੁੰਡਿਆਂ ਵਾਂਗ ਸ਼ਹਿਰ ਹੀ ਕਿਰਾਏ ਤੇ ਕਮਰਾ ਲੈ ਲਿਆ। ਰੋਟੀ ਤੇ ਦੁੱਧ ਪਿੰਡੋਂ ਆ ਜਾਂਦਾ ਸੀ। ਸਾਨੂੰ ਹਫਤੇ ਦਾ ਖਰਚ 20 ਤੋਂ 25 ਰੁਪਏ ਤੱਕ ਹੀ ਮਿਲਦਾ, ਜਿਸ ਨਾਲ ਅਸੀਂ ਆਪਣੇ ਸਾਰੇ ਖਰਚ ਚਲਾਉਂਦੇ, ਵਿਚੋਂ ਹੀ ਫਿਲਮ ਭੀ ਵੇਖ ਲੈਂਦੇ।

ਗੁਰਪ੍ਰੀਤ ਦੇ ਵੱਡੇ ਭਰਾ ਦਾ ਵਿਆਹ ਹੋ ਚੁੱਕਾ ਸੀ ਉਸ ਨੂੰ ਵਿਆਹ 'ਚ 'ਰਾਜਦੂਤ' ਮੋਟਰ ਸਾਈਕਲ ਮਿਲਿਆ ਸੀ। ਸ਼ਾਇਦ ਪਿੰਡ ਵਿਚ ਉਸ ਸਮੇਂ ਕਿਸੇ। ਵੀ ਘਰ ਸਕੂਟਰ ਜਾਂ ਮੋਟਰਸਾਈਕਲ ਨਹੀਂ ਸੀ। ਯੂਨੀਵਰਸਿਟੀ ਵੱਲੋਂ ਕੁਝ ਕਲਾਸਾਂ ਦੀ ਸਵੇਰੇ ਅਤੇ ਕੁਝ ਦੀ ਸ਼ਾਮ ਨੂੰ ਸਾਲਾਨਾ ਪ੍ਰੀਖਿਆ ਲਈ ਜਾਂਦੀ ਸੀ। ਪਹਿਲੇ ਸਾਲ ਪ੍ਰੈਪ ਦੇ ਪੇਪਰ ਸਵੇਰੇ ਹੋਣ ਕਾਰਨ ਪਿੰਡੋਂ ਆਉਣ ਜਾਣ ਦੀ ਕੋਈ ਦਿੱਕਤ ਨਾ ਆਈ। ਪਰ ਸ਼ਾਇਦ ਬੀਥਏਥ ਭਾਗ ਦੂਜਾ ਦੇ ਪੇਪਰ ਸ਼ਾਮ ਨੂੰ ਪਹਿਲੀ ਵਾਰ ਆਏ। ਸ਼ਾਮ ਦੇ ਪੇਪਰ ਹੋਣ ਕਾਰਨ ਪਿੰਡ ਨੂੰ ਜਾਣ ਦਾ ਬਸ ਸਮਾਂ 5 ਵਜੇ ਤੋਂ ਬਾਅਦ ਨਹੀਂ ਸੀ। ਇਸ ਤਰ੍ਹਾਂ 5 ਵਜੇ ਤੱਕ ਪੇਪਰ ਦੇ ਕੇ ਬਸ ਨਹੀਂ ਜਾ ਸਕਦੇ ਸੀ। ਗੁਰਪ੍ਰੀਤ ਦਾ ਪਿਤਾ ਸਾਨੂੰ ਦੋਵਾਂ ਨੂੰ ਮੋਟਰਸਾਈਕਲ ਤੇ ਆਪ ਪੇਪਰ ਦਿਵਾਉਣ ਆਇਆ ਜਿਵੇਂ ਕਿ ਅੱਜ ਲੜਕੀਆਂ ਨੂੰ ਮਾਪੇ ਪੇਪਰ ਦਿਵਾਉਣ ਆਉਂਦੇ ਹਨ। ਗੁਰਪ੍ਰੀਤ ਭਾਵੇਂ ਮੋਟਰ ਸਾਈਕਲ ਚਲਾਉਣਾ ਜਾਣਦਾ ਸੀ ਪਰ ਉਸ ਦੀ ਏਨੀ ਜ਼ੁਅਰੱਤ ਨਹੀਂ ਸੀ ਕਿ ਮੋਟਰਸਾਈਕਲ ਮੰਗ ਲੈਂਦਾ।

ਐਮਥਏਥ 'ਚ ਪੜ੍ਹਦੇ ਗੁਰਪ੍ਰੀਤ ਦਾ ਰਿਸ਼ਤਾ ਕੈਨੇਡਾ 'ਚ ਹੋ ਗਿਆ। ਜਦੋਂ ਉਹ ਪਹਿਲੀ ਵਾਰ ਭਾਰਤ ਆਇਆ ਤਾਂ ਕੰਮ ਕਾਰ ਬਾਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਸਟੋਰਾਂ 'ਤੇ ਸਮਾਨ ਗੱਡੀ ਰਾਹੀਂ ਪਹੁੰਚਾਉਣ ਦਾ ਕੰਮ ਕਰਦਾ ਹੈ। ਭਾਵੇਂ ਉਸ ਲਈ ਆਪਣੇ ਦੇਸ਼ ਵਿਚ ਹੀ ਵਧੀਆ ਕਾਰੋਬਾਰ ਚਲਾਉਣ ਲਈ ਵਿੱਤੀ ਹਾਲਤ ਚੰਗੀ ਸੀ ਪਰ ਉਧਰਲੇ ਅਨੁਸ਼ਾਸ਼ਤ ਸਮਾਜ ਤੋਂ ਏਨਾ ਜ਼ਿਆਦਾ ਪ੍ਰਭਾਵਿਤ ਹੈ ਕਿ ਉਹ ਹੁਣ ਉਧਰ ਦਾ ਹੀ ਬਣ ਕੇ ਰਹਿ ਗਿਆ ਹੈ। ਅੱਜ ਜਦੋਂ ਹੁਣ ਦੇ ਪਾੜ੍ਹਿਆਂ ਬਾਰੇ ਸੋਚੀਦਾ ਹੈ ਤਾਂ ਮਨ ਵਿਚ ਬਹੁਤ ਸਾਰੇ ਪ੍ਰਸ਼ਨ ਉੱਠਦੇ ਹਨ ਤੇ ਜਵਾਬ ਮੰਗਦੇ ਹਨ ਕਿ ਅੱਜ ਬੱਚਿਆਂ ਅੰਦਰ ਮਾਂ-ਬਾਪ, ਅਧਿਆਪਕ ਪ੍ਰਤੀ ਵਤੀਰਾ ਏਨਾ ਕਿਉਂ ਬਦਲ ਚੁੱਕਾ ਹੈ?

ਅੱਜ ਦੇ ਬੱਚੇ ਨੂੰ ਭਾਵੇਂ ਮਾਪੇ ਮੋਟਰ ਸਾਈਕਲ, ਮੋਬਾਈਲ, ਕੰਪਿਊਟਰ ਭਾਵ ਹਰ ਸਹੂਲਤ ਦੇਣ ਦੀ ਕੋਸ਼ਿਸ਼ ਕਰਦੇ ਹਨ ਪਰ ਬੱਚਿਆਂ ਅੰਦਰ ਸਤਿਕਾਰ, ਸਹਿਣਸ਼ੀਲਤਾ ਦੀ ਭਾਵਨਾ ਅਲੋਪ ਹੁੰਦੀ ਜਾਪਦੀ ਹੈ। ਅਧਿਆਪਕ ਅਤੇ ਮਾਪੇ ਬੱਚੇ ਨੂੰ ਸਰੀਰਕ ਸਜ਼ਾ ਤਾਂ ਕੀ, ਉਸ ਦੇ ਕਸੂਰ ਤੇ ਕਿੰਤੂ ਪ੍ਰੰਤੂ ਜਾਂ ਬੁਰਾ ਭਲਾ ਕਹਿਣ ਤੋਂ ਵੀ ਸੰਕੋਚ ਕਰਨ ਲੱਗ ਪਏ ਹਨ ਕਿਉਂਕਿ ਕਈ ਥਾਵਾਂ ਤੇ ਬੱਚਿਆਂ ਨੇ ਬਿਨਾਂ ਸੋਚੇ ਸਮਝੇ ਗਲਤ ਕਦਮ ਚੁੱਕੇ ਹਨ। ਇਸ ਲਈ ਅੱਜ ਅਧਿਆਪਕ ਅਤੇ ਮਾਪਿਆਂ ਲਈ ਅੱਜ ਦਾ ਬੱਚਾ ਵੱਡੀ ਚੁਣੌਤੀ ਬਣ ਕੇ ਸਾਹਮਣੇ ਆ ਰਿਹਾ ਹੈ ਜਿਸ ਬਾਰੇ ਸਾਡੇ ਸਮਾਜ ਤੇ ਸਰਕਾਰ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿ ਕਿਹੜੇ ਕਾਰਨ ਪੈਦਾ ਹੋਏ ਹਨ ਅਤੇ ਉਨ੍ਹਾਂ ਨੂੰ ਕਿਵੇਂ ਹੱਲ ਕੀਤਾ ਜਾ ਸਕੇਗਾ।

# ਵਕਤ ਸਿਰ ਪੇਟ ਦੇ ਕੈਂਸਰ ਦਾ ਪਤਾ ਲਗਾਓ ਅਤੇ ਬਿਨਾਂ ਅਪਰੇਸ਼ਨ ਇਲਾਜ ਕਰਵਾਓ

ਪੇਟ ਵਿਚ ਕਿਸੇ ਵੀ ਕੋਸ਼ਿਕਾ (ਸੈਲ) ਦਾ ਗੈਰ-ਸਧਾਰਨ ਜਾਂ ਗੈਰ-ਕੰਟਰੋਲ ਤਰੀਕੇ ਨਾਲ ਵਧਣ ਨੂੰ ਆਸਾਨ ਭਾਸ਼ਾ ਵਿਚ ਪੇਟ ਦਾ ਕੈਂਸਰ ਕਿਹਾ ਜਾਂਦਾ ਹੈ। ਇਹ ਪੇਟ ਦੀਆਂ ਅੰਦਰੂਨੀ ਪਰਤਾਂ ਵਿਚ ਫੈਲਦਾ ਹੋਇਆ ਹੌਲੀ-ਹੌਲੀ ਬਾਹਰੀ ਪਰਤਾਂ 'ਤੇ ਆਉਂਦਾ ਹੈ। ਇਸ ਕਰਕੇ ਸ਼ੁਰੂਆਤ ਵਿਚ ਇਸ ਬਿਮਾਰੀ ਦਾ ਪਤਾ ਵੀ ਨਹੀਂ ਲੱਗਦਾ।



**ਲੱਛਣਾਂ ਦੀ ਨਾ ਕਰੋ ਅਣਦੇਖੀ**

ਪੇਟ ਦੇ ਕੈਂਸਰ ਦੀ ਸ਼ੁਰੂਆਤ ਅਵਸਥਾ ਵਿਚ ਲੱਛਣ ਜਲਦੀ ਸਾਹਮਣੇ ਨਹੀਂ ਆਉਂਦੇ। ਇਸਦੇ ਲੱਛਣ ਕਾਫੀ ਹੱਦ ਤੱਕ ਅਲਸਰ ਅਤੇ ਹੋਰ ਪੇਟ ਦੇ ਵਿਕਾਰਾਂ ਵਰਗੇ ਹੁੰਦੇ ਹਨ, ਇਹਨਾਂ ਲੱਛਣਾਂ ਦੇ ਪ੍ਰਗਟ ਹੋਣ ਤੇ ਚੌਕਸ ਹੋ ਜਾਣਾ ਚਾਹੀਦਾ ਹੈ।


ਅਕਸਰ ਬਦਹਜਮੀ ਦੀ ਸਮੱਸਿਆ ਰਹਿਣਾ।
ਪੇਟ ਵਿਚ ਅਕਸਰ ਦਰਦ ਮਹਿਸੂਸ ਕਰਨਾ।
ਭੁੱਖ ਵਿਚ ਕਮੀ ਮਹਿਸੂਸ ਹੋਣਾ।
ਕਾਲੇ ਰੰਗ ਦਾ ਮਲ ਨਿਕਲਣਾ।
ਖਾਣੇ ਤੋਂ ਬਾਅਦ ਉਲਟੀ ਹੋਣਾ।
ਵਜਨ ਦਾ ਘੱਟ ਹੁੰਦੇ ਜਾਣਾ।
ਖੂਨ ਦੀ ਕਮੀ (ਅਨੀਮੀਆ) ਤੋਂ ਪੀੜਤ ਹੋਣਾ।

**ਮਰਜ਼ ਦਾ ਆਧੁਨਿਕ ਇਲਾਜ-** ਜੇਕਰ ਸਮਾਂ ਰਹਿੰਦੇ ਇਹਨਾਂ ਸਮੱਸਿਆਵਾਂ ਵਿਚ ਸੁਧਾਰ ਨਾ ਹੋਵੇ ਤਾਂ ਗੈਸਟ੍ਰੋਐਂਟ੍ਰੋਲਾਜੀ ਮਾਹਿਰ ਤੋਂ ਸਲਾਹ ਲੈਣ ਵਿਚ ਦੇਰੀ ਨਾ ਕਰੋ। ਮਾਹਿਰ ਡਾਕਟਰ ਕੈਂਸਰ ਦਾ ਸ਼ੰਕਾ ਹੋਣ ਤੇ ਐਂਡੋਸਕੋਪੀ ਕਰਦੇ ਹਨ। ਇਸ ਨਾਲ ਕੈਂਸਰ ਹੋਣ ਦੀ ਜਾਣਕਾਰੀ ਮਿਲ ਜਾਂਦੀ ਹੈ। ਸ਼ੁਰੂਆਤੀ ਅਵਸਥਾ ਵਿਚ ਪੇਟ ਦੇ ਕੈਂਸਰ ਦਾ ਪਤਾ ਲੱਗ ਜਾਵੇ ਤਾਂ ਅਪਰੇਸ਼ਨ ਤੋਂ ਬਿਨਾਂ ਐਂਡੋਸਕੋਪਿਕ ਵਿਧੀ (ਈ. ਐਮ. ਆਰਥ ਜਾਂ ਈ. ਐਸ਼ ਡੀ.) ਨਾਲ ਇਲਾਜ ਕੀਤਾ ਜਾ ਸਕਦਾ ਹੈ। ਕੈਂਸਰ ਦਾ ਪਤਾ ਲੱਗਣ ਤੋਂ ਬਾਅਦ ਐਂਡੋਸਕੋਪਿਕ ਅਲਟਰਾਸਾਊਂਡ (ਈ. ਯੂ. ਐਸ਼) ਦੇ ਜ਼ਰੀਏ ਬਿਮਾਰੀ ਦੀ ਡੂੰਘਾਈ ਨਾਲ ਜਾਣਕਾਰੀ ਹਾਸਲ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਐਂਡੋਸਕੋਪਿਕ ਸਰਜਨ ਪੇਟ ਦੇ ਕੈਂਸਰ ਗ੍ਰਸਤ ਭਾਗ ਨੂੰ ਅਪਰੇਸ਼ਨ ਤੋਂ ਬਿਨਾਂ ਕੱਢ ਦਿੰਦੇ ਹਨ। ਇਸ ਪ੍ਰਕਿਰਿਆ ਵਿਚ ਐਂਡੋਸਕੋਪ ਅਤੇ ਦੂਜੇ ਉਪਕਰਨਾਂ ਦੀ ਮਦਦ ਨਾਲ ਕੈਂ ਟਿਸ਼ੂ ਨੂੰ ਪਾਚਨ ਤੰਤਰ ਤੋਂ ਹਟਾ ਦਿੱਤਾ ਜਾਂਦਾ ਹੈ। ਇਸ ਪ੍ਰਕਿਰਿਆ ਦੁਆਰਾ ਬਿਨਾਂ ਅਪਰੇਸ਼ਨ ਪੇਟ ਦੇ ਕੈਂਸਰ ਬਾਰੇ ਡੂੰਘਾਈ ਵਿਚ ਜਾਣਕਾਰੀ ਹਾਸਲ ਕਰਕੇ ਇਲਾਜ ਕੀਤਾ ਜਾਂਦਾ ਹੈ। ਸੀਟੀ ਸਕੈਨ ਅਤੇ ਐਕਸਰੇ ਵਾਂਗ ਇਸ ਵਿਚ ਰੈਡੀਏਸ਼ਨ ਨਹੀਂ ਹੁੰਦਾ।

ਰਵਾਇਤੀ ਐਂਡੋਸਕੋਪੀ ਵਿਚ ਡਾਕਟਰ ਅਤੇ ਸਰਜਨ ਰੋਗੀ ਦੇ ਪੇਟ ਦੀ ਸਿਰਫ ਸਭ ਤੋਂ ਅੰਦਰੂਨੀ ਪਰਤ (ਲਾਈਨਿੰਗ) ਨੂੰ ਹੀ ਦੇਖ ਸਕਦੇ ਹਨ ਪਰ ਮਾਹਿਰ ਡਾਕਟਰਾਂ ਨੂੰ ਈ. ਯੂ. ਐਸ਼ ਪੇਟ ਦੀਆਂ ਸਾਰੀਆਂ ਪਰਤਾਂ ਦੇਖਣ ਵਿਚ ਮਦਦ ਕਰਦਾ ਹੈ। ਇਸ ਤੋਂ ਇਲਾਵਾ ਪੇਟ ਦੇ ਬਾਹਰ ਦੇ ਅੰਗਾਂ ਨੂੰ ਵੀ ਚੰਗੀ ਤਰ੍ਹਾਂ ਦੇਖਿਆ ਜਾ ਸਕਦਾ ਹੈ। ਈਥ ਐਸ਼ ਯੂਥ ਪ੍ਰਕਿਰਿਆ ਅਲਟਰਾਸਾਊਂਡ ਅਤੇ ਐਂਡੋਸਕੋਪੀ ਵਿਧੀ ਦਾ ਮੇਲ ਹੈ। ਰੋਗ ਦੀ ਡਾਈਗ੍ਰੋਸਿਸ ਕਰਕੇ ਇਸੇ ਪ੍ਰਕਿਰਿਆ ਦੇ ਜ਼ਰੀਏ ਰੋਗ ਦਾ ਸਟੀਕ ਅਤੇ ਕਾਮਯਾਬ ਇਲਾਜ ਸੰਭਵ ਹੈ। ਇਸ ਪ੍ਰਕਿਰਿਆ ਦੀ ਮਦਦ ਨਾਲ ਗੈਸਟ੍ਰਿਕ ਕੈਂਸਰ ਦੀ ਸ਼ੁਰੂਆਤੀ ਅਵਸਥਾ ਦਾ ਪਤਾ ਲਗਾ ਕੇ ਸਹੀ ਇਲਾਜ ਸੰਭਵ ਹੈ।ਪੇਟ ਦੇ ਕੈਂਸਰ ਬਾਰੇ ਜਲਦੀ ਪਤਾ ਲਗਾ ਕੇ ਇਲਾਜ ਕਰਵਾਉਣਾ ਜ਼ਰੂਰੀ ਹੈ। ਜਦੋਂ ਤੱਕ ਰੋਗੀ ਇਲਾਜ ਦੇ ਲਈ ਡਾਕਟਰ ਕੋਲ ਜਾਂਦੇ ਹਨ, ਉਦੋਂ ਤੱਕ ਬਿਮਾਰੀ ਅਡਵਾਂਸ ਸਟੇਜ ਤੱਕ ਪਹੁੰਚ ਚੁੱਕੀ ਹੁੰਦੀ ਹੈ। ਅਜਿਹੇ ਸਮੇਂ ਵਿਚ ਸੀਮਤ ਵਿਕਲਪਾਂ ਦੇ ਕਾਰਨ ਇਲਾਜ ਕਰਨਾ ਕਾਫੀ ਮੁਸ਼ਕਿਲ ਹੋ ਜਾਂਦਾ ਹੈ। ਇਸ ਕਰਕੇ ਬਿਮਾਰੀ ਦਾ ਸਮਾਂ ਰਹਿੰਦੇ ਪਤਾ ਲਗਾਉਣਾ ਬਹੁਤ ਜ਼ਰੂਰੀ ਹੈ। ਜੇਕਰ ਵਧੀਆ ਅੰਡੋਸਕੋਪਿਕ ਅਲਟਰਾਸਾਊਂਡ ਮਸ਼ੀਨਾਂ ਲੋੜੀਂਦੀ ਮਾਤਰਾ ਵਿਚ ਉਪਲਬਧ ਹੋਣਗੀਆਂ ਤਾਂ ਪੇਟ ਨਾਲ ਜੁੜੇ ਕੈਂਸਰ ਦੀ ਮੌਤ ਦਰ ਵਿਚ ਕਮੀ ਹੋਣ ਦੀ ਸੰਭਾਵਨਾ ਵੱਧ ਸਕਦੀ ਹੈ। ਅਜਿਹਾ ਇਸ ਕਰਕੇ ਕਿਉਂਕਿ ਰੋਗੀ ਨੂੰ ਬਿਮਾਰੀ ਦਾ ਜਲਦੀ ਪਤਾ ਲੱਗ ਜਾਵੇਗਾ ਅਤੇ ਸਮਾਂ ਰਹਿੰਦੇ ਮਾਹਿਰ ਡਾਕਟਰ ਇਸਦੇ ਇਲਾਜ ਜਲਦੀ ਕਰ ਸਕਣਗੇ।

# ਜਰਮਨ ਵਿਚ ਤਿਆਰ ਹੋਏ ਇਹ ਖੂਬਸੂਰਤ ਰੋਬੋਟ- ਜੋ ਤੁਹਾਡੇ ਨਾਲ ਕਰਦੇ ਹਨ

ਜਰਮਨੀ ਵਿਚ ਇਕ ਕੰਪਨੀ ਨੇ ਅਜਿਹੇ ਅਨੋਖੇ ਰੋਬੋਟ ਤਿਆਰ ਕੀਤੇ ਹਨ, ਜਿਹਨਾਂ ਨੂੰ ਪੰਛੀ, ਤਿਤਲੀਆਂ, ਪੈਂਗਵਿਨ ਅਤੇ ਮੱਛੀਆਂ ਦੀ ਸ਼ਕਲ ਪ੍ਰਦਾਨ ਕੀਤੀ ਗਈ ਹੈ। ਕੰਪਨੀ ਇਹਨਾਂ ਰੋਬੋਟਸ ਦੇ ਕਈ ਵੀਡੀਓ ਵੀ ਜਾਰੀ ਕਰ ਚੁੱਕੀ ਹੈ। ਇਹਨਾਂ ਵੀਡੀਓ ਵਿਚ ਸਮੁੰਦਰ ਵਿਚ ਤੈਰਨ ਵਾਲੇ ਪੈਂਗਵਿਨ ਅਜਿਹੇ ਦਿਖਾਈ ਦੇ ਰਹੇ ਹਨ, ਜਿਵੇਂ ਉਹ ਪਾਣੀ ਵਿਚ ਉਡ ਰਹੇ ਹੋਣ। ਸਮੁੰਦਰ 'ਤੇ ਤੈਰਨ ਵਾਲੀ ਪਿਆਰੀ ਜਿਹੀ ਜੈਲ ਫਿਸ਼ ਵੀ ਕੁਝ ਅਜਿਹਾ ਹੀ ਦਿਖਾਵਾ ਕਰਦੀ ਹੈ।



ਆਮ ਤੌਰ ਤੇ ਤਿਤਲੀ ਤੋਂ ਕਾਫੀ ਵੱਡੇ ਆਕਾਰ ਦੀਆਂ ਇਹ ਤਿਤਲੀਆਂ ਹਵਾ ਵਿਚ ਆਪਣੀ ਮਨਚਾਹੀ ਦਿਸ਼ਾ ਵਿਚ ਉਡਾਣ ਭਰਦੀਆਂ ਹਨ। ਇਹਨਾਂ ਰੋਬੋਟਸ ਨੂੰ ਰਿਮੋਟ ਦੇ ਜ਼ਰੀਏ ਉਡਾਇਆ ਜਾਂਦਾ ਹੈ। ਕੰਪਨੀ ਦਾ ਦਾਅਵਾ ਹੈ ਕਿ ਉਸਦੇ ਬਣਾਏ ਗਏ ਰੋਬੋਟ ਜੈਲੀ ਫਿਸ਼ ਬਹੁਤ ਹੀ ਛੋਟੀ ਜਿਹੀ ਬੈਟਰੀ ਦਾ ਇਸਤੇਮਾਲ ਕਰਦੀ ਹੈ, ਫਿਰ ਵੀ ਇਹ ਤਿੰਨ ਘੰਟੇ ਤੱਕ ਉਡ ਸਕਦੀ ਹੈ। ਜਦਕਿ ਰੋਬੋਟ6ਤਿਤਲੀਆਂ ਉਡਦੇ ਹੋਏ ਇਕ ਦੂਜੇ ਨੂੰ ਇਲੈਕਟ੍ਰਿਕ ਸਿਗਨਲ ਭੇਜ ਕੇ ਗੱਲ ਵੀ ਕਰ ਸਕਦੀਆਂ ਹਨ। ਇਸ ਤਕਨੀਕ ਦੇ ਕਾਰਨ ਤਿਤਲੀਆਂ ਹੋਣ ਜਾਂ ਰੋਬੋਟ ਪੈਂਗਵਿਨ, ਉਡਦੇ ਹੋਏ ਵੀ ਹਵਾ ਵਿਚ ਨਹੀਂ ਟਕਰਾਉਂਦੇ। ਇਸ ਨਾਲ ਭਵਿੱਖ ਵਿਚ ਉਡਣ ਵਾਲੇ ਰੋਬੋਟਸ ਦੇ ਟਕਰਾਉਣ ਦਾ ਸ਼ੰਕਾ ਪੂਰੀ ਤਰ੍ਹਾਂ ਖਤਮ ਹੋ ਜਾਵੇਗਾ।

## 3000 ਦੀ ਬਚਤ ਬਣਾ ਦੇਵੇਗੀ ਕਰੋੜਪਤੀ, ਵਰਤੋਂ ਅਮੀਰ ਬਣਨ ਦਾ ਇਹ ਆਸਾਨ ਫਾਰਮੂਲਾ

ਨੈਸ਼ਨਲ ਡੈਸਕ 20 ਜੂਨ। ਹਰ ਕੋਈ ਅਮੀਰ ਬਣਨਾ ਚਾਹੁੰਦਾ ਹੈ। ਹਰ ਕੋਈ ਲੱਖਪਤੀ, ਕਰੋੜਪਤੀ ਅਤੇ ਅਰਬਪਤੀ ਬਣਨ ਦਾ ਸੁਫ਼ਨਾ ਦੇਖਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਮੀਰ ਬਣਨ ਦਾ ਕੋਈ ਸ਼ਾਰਟਕੱਟ ਨਹੀਂ। ਇਸ ਲਈ ਸਬਰ ਅਤੇ ਲੰਮਾ ਸਮਾਂ ਲੱਗਦਾ ਹੈ। ਹਾਲਾਂਕਿ, ਅੱਜ ਦੇ ਡਿਜੀਟਲ ਯੁੱਗ ਵਿੱਚ ਪੈਸਾ ਕਮਾਉਣਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਆਸਾਨ ਹੈ। ਹੁਣ ਤੁਸੀਂ ਆਪਣੇ ਮੋਬਾਈਲ 'ਤੇ ਸਿਰਫ਼ ਇੱਕ ਕਲਿੱਕ ਨਾਲ ਸ਼ੇਅਰ ਬਾਜ਼ਾਰ, ਮਿਉਚੁਅਲ ਫੰਡ, ਈਟੀਐਫ, ਸੋਨਾ ਆਦਿ ਵਿੱਚ ਨਿਵੇਸ਼ ਕਰ ਸਕਦੇ ਹੋ। ਜੇਕਰ ਤੁਸੀਂ ਹਰ ਰੋਜ਼ ਥੋੜ੍ਹਾ ਜਿਹਾ ਪੈਸਾ ਬਚਾਉਂਦੇ ਹੋ ਅਤੇ ਇਸਨੂੰ ਸਹੀ ਜਗ?ਹਾ 'ਤੇ ਨਿਵੇਸ਼ ਕਰਦੇ ਹੋ, ਤਾਂ ਤੁਸੀਂ ਇੱਕ ਵੱਡਾ ਫੰਡ ਤਿਆਰ ਕਰ ਸਕਦੇ ਹੋ। ਯਾਨੀ, ਜੇਕਰ ਤੁਸੀਂ ਹਰ ਰੋਜ਼ ? 100 ਦੀ ਬਚਤ ਕਰਦੇ ਹੋ, ਤਾਂ ਤੁਸੀਂ ਵੀ ਕਰੋੜਪਤੀ ਬਣ ਸਕਦੇ ਹੋ। ਜੇਕਰ ਤੁਸੀਂ ਸਿੱਧੇ ਸਟਾਕ ਮਾਰਕੀਟ ਵਿੱਚ ਪੈਸਾ ਲਗਾਉਣ ਦਾ ਵੱਡਾ ਜੋਖਮ ਨਹੀਂ ਲੈਣਾ ਚਾਹੁੰਦੇ ਹੋ, ਤਾਂ ਤੁਸੀਂ ਮਿਉਚੁਅਲ ਫੰਡਾਂ ਵਿੱਚ ਨਿਵੇਸ਼ ਕਰ ਸਕਦੇ ਹੋ। ਇੱਥੇ ਤੁਸੀਂ ਸਿਸਟਮੈਟਿਕ ਇਨਵੈਸਟਮੈਂਟ ਪਲਾਨ ਰਾਹੀਂ ਆਪਣੀ ਛੋਟੀ ਬੱਚਤ ਵੀ ਲਗਾ ਸਕਦੇ ਹੋ। ਜੇਕਰ ਤੁਸੀਂ ਕਰੋੜਪਤੀ ਬਣਨਾ ਚਾਹੁੰਦੇ ਹੋ, ਤਾਂ ਤੁਹਾਨੂੰ ਬਹੁਤ ਕੁਝ ਕਰਨ ਦੀ ਲੋੜ ਨਹੀਂ ਹੈ। ਤੁਹਾਨੂੰ ਹਰ ਰੋਜ਼ ਸਿਰਫ਼ ? 100 ਦੀ ਬਚਤ ਕਰਨੀ ਪਵੇਗੀ ਅਤੇ ਇਸਨੂੰ SIP ਰਾਹੀਂ ਮਿਉਚੁਅਲ ਫੰਡਾਂ ਵਿੱਚ ਨਿਵੇਸ਼ ਕਰਨਾ ਪਵੇਗਾ। ਵੈਲਥ ਮੈਨੇਜਰਾਂ ਦੇ ਅਨੁਸਾਰ ਮਿਉਚੁਅਲ ਫੰਡਾਂ ਦਾ ਔਸਤ ਰਿਟਰਨ 12 ਫ਼ੀਸਦੀ ਹੈ।

### 'ਆਪ' ਉਮੀਦਵਾਰ ਸੰਜੀਵ ਅਰੋੜਾ ਨੇ ਪਰਿਵਾਰ ਸਮੇਤ ਪਾਈ ਵੋਟ, ਧੀ ਨੇ ਵੋਟਰਾਂ ਨੂੰ ਕੀਤੀ ਖ਼ਾਸ ਅਪੀਲ

ਲੁਧਿਆਣਾ 20 ਜੂਨ। ਲੁਧਿਆਣਾ ਪੱਛਮੀ ਹਲਕੇ ਵਿਚ ਅੱਜ ਜ਼ਿਮਨੀ ਚੋਣ ਹੋ ਰਹੀ ਹੈ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਪਰਿਵਾਰ ਸਮੇਤ ਵੋਟ ਪਾਉਣ ਲਈ ਪਹੁੰਚੇ। ਉਨ੍ਹਾਂ ਨੇ ਵੋਟ ਪਾਉਣ ਮਗਰੋਂ ਲੋਕਾਂ ਨੂੰ ਗੁਜ਼ਾਰਿਸ਼ ਕੀਤੀ ਕਿ ਉਹ ਵੋਟ ਜ਼ਰੂਰ ਪਾਉਣ। ਉਨ੍ਹਾਂ ਕਿਹਾ ਕਿ ਅੱਜ ਮੌਸਮ ਵੀ ਚੰਗਾ ਹੈ ਤੇ ਗਰਮੀ ਜ਼ਿਆਦਾ ਨਹੀਂ ਹੈ, ਇਸ ਲਈ ਵੋਟ ਪਾਉਣ ਲਈ ਜ਼ਰੂਰ ਪੋਲਿੰਗ ਬੂਥਾਂ ਤਕ ਪਹੁੰਚੋ। ਇਸ ਮੌਕੇ ਸੰਜੀਵ ਅਰੋੜਾ ਦੀ ਧੀ ਨੇ ਕਿਹਾ ਕਿ, ਅਸੀਂ ਬਹੁਤ ਮਿਹਨਤ ਕੀਤੀ ਹੈ। ਪਾਪਾ ਸਮਾਜ, ਲੁਧਿਆਣਾ ਤੇ ਪੂਰੇ ਪੰਜਾਬ ਲਈ ਬਹੁਤ ਕੁਝ ਕਰਨਾ ਚਾਹੁੰਦੇ ਹਨ। ਵੋਟਰਾਂ ਲਈ ਅਸੀਂ ਸਭ ਕੁਝ ਕੀਤਾ ਹੈ ਤੇ ਅੱਗੇ ਵੀ ਬਹੁਤ ਕੁਝ ਕਰਨਾ ਚਾਹੁੰਦੇ ਹਾਂ, ਪਰ ਅੱਜ ਉਨ੍ਹਾਂ ਦੇ ਸਮਰਥਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਜੇ ਵੋਟਿੰਗ ਲਈ ਕਾਫ਼ੀ ਸਮਾਂ ਬਾਕੀ ਹੈ, ਤੁਹਾਡੇ 5 ਮਿੰਟ ਨਾਲ ਕੱਢਣ ਨਾਲ ਬਹੁਤ ਫ਼ਰਕ ਪੈਂਦਾ ਹੈ, ਇਸ ਲਈ ਵੋਟ ਪਾਉਣ ਲਈ ਜ਼ਰੂਰ ਪਹੁੰਚੋ। ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ ਨੂੰ ਇਕ ਪ੍ਰੀਖਿਆ ਵਾਂਗ ਹੀ ਲੱਗ ਰਿਹਾ ਹੈ, ਪਰ ਅਸੀਂ ਵੀ ਪੂਰੀ ਤਿਆਰੀ ਕੀਤੀ ਹੈ। ਵੋਟ ਪਾਉਣ ਤੋਂ ਪਹਿਲਾਂ ਉਨ੍ਹਾਂ ਨੇ ਵੱਖ-ਵੱਖ ਧਾਰਮਿਕ ਅਸਥਾਨਾਂ 'ਤੇ ਨਤਮਸਤਕ ਹੋ ਕੇ ਪਰਮਾਤਮਾ ਦਾ ਅਸ਼ੀਰਵਾਦ ਲਿਆ।

## ਰੇਲਵੇ ਦਾ ਵੱਡਾ ਫੈਸਲਾ: ਉਡੀਕ ਸੂਚੀ ਟਿਕਟਾਂ 'ਤੇ ਸੀਮਾ ਲਗਾਈ ਗਈ

ਕੌਮੀ ਪਤ੍ਰਿਕਾ

ਨਵੀਂ ਦਿੱਲੀ 20 ਜੂਨ। ਭਾਰਤੀ ਰੇਲਵੇ ਨੇ ਯਾਤਰੀਆਂ ਲਈ ਇੱਕ ਮਹੱਤਵਪੂਰਨ ਫੈਸਲਾ ਲਿਆ ਹੈ ਅਤੇ ਉਡੀਕ ਸੂਚੀ ਟਿਕਟ ਬੁਕਿੰਗ 'ਤੇ ਨਵੀਆਂ ਪਾਬੰਦੀਆਂ ਲਗਾਈਆਂ ਹਨ। ਹੁਣ ਹਰੇਕ ਕੋਚ ਜਾਂ ਟ?ਰੇਨ ਦੇ ਕਲਾਸ ਵਿੱਚ ਉਪਲਬਧ ਕੁੱਲ ਸੀਟਾਂ ਦੀ ਗਿਣਤੀ ਦੇ 25% ਤੱਕ ਹੀ ਉਡੀਕ ਸੂਚੀ ਵਿੱਚ ਬੁੱਕ ਕੀਤੀ ਜਾ ਸਕਦੀ ਹੈ। ਇਸ ਨਿਯਮ ਦੇ ਅਨੁਸਾਰ, ਜੇਕਰ ਇੱਕ ਟ?ਰੇਨ ਕਲਾਸ ਵਿੱਚ 100 ਸੀਟਾਂ ਉਪਲਬਧ ਹਨ, ਤਾਂ ਉਡੀਕ ਸੂਚੀ ਵਿੱਚ ਸਿਰਫ 25 ਟਿਕਟਾਂ ਹੀ ਬੁੱਕ ਕੀਤੀਆਂ ਜਾਣਗੀਆਂ। ਇਸ ਤੋਂ ਬਾਅਦ, ਉਸ ਕਲਾਸ ਵਿੱਚ ਟਿਕਟ ਬੁਕਿੰਗ ਆਪਣੇ ਆਪ ਬੰਦ ਹੋ ਜਾਵੇਗੀ। ਇਸਦਾ ਉਦੇਸ਼ ਯਾਤਰੀਆਂ ਨੂੰ ਅਨਿਸ਼ਚਿਤਤਾ ਤੋਂ ਬਚਾਉਣਾ ਅਤੇ ਟਿਕਟ ਪੁਸ਼ਟੀਕਰਨ ਦੀਆਂ ਸੰਭਾਵਨਾਵਾਂ ਨੂੰ ਵਧਾਉਣਾ ਹੈ। ਇਹ ਨਵੀਂ ਪ੍ਰਣਾਲੀ ਉਡੀਕ ਸੂਚੀ ਦੀ ਲੰਬਾਈ ਨੂੰ ਘਟਾ ਦੇਵੇਗੀ, ਜਿਸ ਨਾਲ ਯਾਤਰੀਆਂ ਲਈ ਆਪਣੀ ਯਾਤਰਾ ਦੀ ਯੋਜਨਾ ਬਣਾਉਣਾ ਆਸਾਨ ਹੋ ਜਾਵੇਗਾ। ਨਾਲ ਹੀ, ਟਿਕਟ ਪੁਸ਼ਟੀਕਰਨ ਦੀਆਂ ਸੰਭਾਵਨਾਵਾਂ ਵਧਣ ਕਾਰਨ, ਆਖਰੀ ਸਮੇਂ 'ਤੇ ਯਾਤਰਾ ਰੱਦ ਕਰਨ ਜਾਂ ਤਣਾਅ ਲੈਣ ਦੀ ਸੰਭਾਵਨਾ ਘੱਟ ਹੋਵੇਗੀ। ਜੇਕਰ ਉਡੀਕ ਸੂਚੀ ਭਰ ਗਈ ਹੈ ਤਾਂ ਕੀ ਹੋਵੇਗਾ? ਜੇਕਰ ਕਿਸੇ ਟ?ਰੇਨ ਵਿੱਚ ਉਡੀਕ ਸੂਚੀ 25% ਸੀਮਾ ਤੱਕ ਪਹੁੰਚ ਜਾਂਦੀ ਹੈ, ਤਾਂ ਉਸ ਤੋਂ ਬਾਅਦ ਉਸ ਕਲਾਸ ਵਿੱਚ ਟਿਕਟ ਬੁਕਿੰਗ ਬੰਦ ਹੋ ਜਾਵੇਗੀ। ਹਾਲਾਂਕਿ, ਯਾਤਰੀ ਅਗਲੀ ਉਪਲਬਧ ਰੇਲਗੱਡੀ ਜਾਂ ਕਿਸੇ ਵੱਖਰੀ ਕਲਾਸ ਵਿੱਚ ਟਿਕਟਾਂ ਬੁੱਕ ਕਰਨਾ ਚੁਣ ਸਕਦੇ ਹਨ। ਨਵਾਂ ਨਿਯਮ ਕਦੋਂ ਲਾਗੂ ਹੋਵੇਗਾ? ਰੇਲਵੇ ਨੇ ਇਸ ਨਿਯਮ ਨੂੰ ਤੁਰੰਤ ਪ੍ਰਭਾਵ ਨਾਲ ਲਾਗੂ ਕਰ ਦਿੱਤਾ ਹੈ। ਯਾਤਰੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਆਪਣੀ ਯਾਤਰਾ ਦੀ ਯੋਜਨਾ ਬਣਾਉਂਦੇ ਸਮੇਂ ਇਸ ਨਵੇਂ ਬਦਲਾਅ ਨੂੰ ਧਿਆਨ ਵਿੱਚ ਰੱਖਣ। ਇਸ ਕਦਮ ਨਾਲ ਰੇਲਵੇ ਟਿਕਟ ਬੁਕਿੰਗ ਪ੍ਰਣਾਲੀ ਵਿੱਚ ਪਾਰਦਰਸ਼ਤਾ ਵਧਣ ਦੇ ਨਾਲ-ਨਾਲ ਯਾਤਰੀਆਂ ਨੂੰ ਸਹੂਲਤ ਮਿਲਣ ਦੀ ਉਮੀਦ ਹੈ। ਹੁਣ ਦੇਖਣਾ ਹੋਵੇਗਾ ਕਿ ਇਹ ਨਵਾਂ ਨਿਯਮ ਯਾਤਰੀਆਂ ਲਈ ਕਿੰਨਾ ਲਾਭਦਾਇਕ ਸਾਬਤ ਹੁੰਦਾ ਹੈ।

## ਪਾਸਪੋਰਟ ਬਨਵਾਉਣ ਵਾਲਿਆਂ ਖ਼ੁਸ਼ਖ਼ਬਰੀ, ਹੁਣ ਲਿਆ ਗਿਆ ਵੱਡਾ ਫ਼ੈਸਲਾ

ਕੌਮੀ ਪਤ੍ਰਿਕਾ

ਜਲੰਧਰ 20 ਜੂਨ। ਖੇਤਰੀ ਪਾਸਪੋਰਟ ਦਫਤਰ ਜਲੰਧਰ ਨੇ ਗੁਰਦਾਸਪੁਰ ਅਤੇ ਆਲੇ-ਦੁਆਲੇ ਦੇ ਇਲਾਕਿਆਂ ਦੇ ਨਿਵਾਸੀਆਂ ਨੂੰ ਪਾਸਪੋਰਟ ਲਈ ਬਿਨੈ-ਪੱਤਰ ਜਮ?ਹਾ ਕਰਵਾਉਣ ਵਿਚ ਸਹੂਲਤ ਦੇਣ ਲਈ ਤਹਿਸੀਲ ਕੰਪਲੈਕਸ ਡਿਪਟੀ ਕਮਿਸ਼ਨਰ ਦਫਤਰ ਗੁਰਦਾਸਪੁਰ ਵਿਚ ਆਪਣੀ ਪਾਸਪੋਰਟ ਸੇਵਾ ਆਰ. ਪੀ. ਓ. ਮੋਬਾਈਲ ਵੈਨ ਤਾਇਨਾਤ ਕੀਤੀ ਹੈ। ਖੇਤਰੀ ਪਾਸਪੋਰਟ ਅਧਿਕਾਰੀ ਯਸ਼ਪਾਲ ਨੇ ਦੱਸਿਆ ਕਿ ਪਾਸਪੋਰਟ ਦਫਤਰ ਬਿਨੈਕਾਰਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇਣ ਲਈ ਲਗਾਤਾਰ ਯਤਨ ਕਰ ਰਿਹਾ ਹੈ ਅਤੇ ਇਸੇ ਸਿਲਸਿਲੇ ਵਿਚ ਗੁਰਦਾਸਪੁਰ ਡਿਪਟੀ ਕਮਿਸ਼ਨਰ ਦਫਤਰ ਵਿਚ ਪਾਸਪੋਰਟ ਸੇਵਾ ਵੈਨ ਤਾਇਨਾਤ ਕਰਨ ਦਾ ਫੈਸਲਾ ਕੀਤਾ ਗਿਆ, ਜਿਸ ਨਾਲ ਗੁਰਦਾਸਪੁਰ ਅਤੇ ਨੇੜਲੇ ਇਲਾਕਿਆਂ ਦੇ ਲੋਕਾਂ ਨੂੰ ਆਪਣੀਆਂ ਪਾਸਪੋਰਟ ਲਈ ਬਿਨੈ-ਪੱਤਰ ਜਮ?ਹਾ ਕਰਵਾਉਣ ਲਈ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਜਾਣਾ ਨਹੀਂ ਪਵੇਗਾ ਅਤੇ ਉਨ੍ਹਾਂ ਦਾ ਸਮਾਂ ਅਤੇ ਪੈਸਾ ਵੀ ਬਚੇਗਾ। ਖੇਤਰੀ ਪਾਸਪੋਰਟ ਅਧਿਕਾਰੀ ਯਸ਼ਪਾਲ ਨੇ ਦੱਸਿਆ ਕਿ ਪਾਸਪੋਰਟ ਲਈ ਬਿਨੈ ਕਰਨ ਦੇ ਇੱਛੁਕ ਲੋਕ ਪਾਸਪੋਰਟ ਦਫਤਰ ਦੇ ਅਧਿਕਾਰਕ ਪੋਰਟਲ ਤੋਂ ਆਨਲਾਈਨ ਬਿਨੈ-ਪੱਤਰ ਭਰ ਕੇ ਅਪੁਆਇੰਟਮੈਂਟ ਬੁੱਕ ਕਰਕੇ ਇਸ ਸਹੂਲਤ ਦਾ ਲਾਭ ਉਠਾ ਸਕਦੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਵਿਚ ਪਾਸਪੋਰਟ ਦਫਤਰ ਨੇ ਲੋਕਾਂ ਦੀ ਸਹੂਲਤ ਨੂੰ ਦੇਖਦੇ ਹੋਏ ਕਈ ਤਰ੍ਹਾਂ ਦੇ ਫੈਸਲੇ ਲਏ ਹਨ, ਜਿਸ ਨੂੰ ਲੋਕਾਂ ਨੇ ਸਲਾਹਿਆ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਲੋਕਾਂ ਦੇ ਹਿੱਤਾਂ ਨੂੰ ਦੇਖਦੇ ਹੋਏ ਹੋਰ ਵੀ ਲੋਕ ਹਿਤੈਸ਼ੀ ਫੈਸਲੇ ਲਈ ਜਾਣਗੇ। ਖੇਤਰੀ ਪਾਸਪੋਰਟ ਅਧਿਕਾਰੀ ਨੇ ਕਿਹਾ ਕਿ ਜਲੰਧਰ ਦੇ ਆਰ. ਪੀ. ਓ. ਦਫਤਰ ਵਿਚ ਲੋਕ ਬਿਨਾਂ ਅਪੁਆਇੰਟਮੈਂਟ ਦੇ ਆਪਣੀਆਂ ਸ਼ਿਕਾਇਤਾਂ ਹੱਲ ਕਰਵਾਉਣ ਲਈ ਆ ਸਕਦੇ ਹਨ ਅਤੇ ਉਨ੍ਹਾਂ ਦੇ ਮਸਲਿਆਂ ਨੂੰ ਪਿਛਲੇ ਸਮੇਂ ਦੌਰਾਨ ਹੱਲ ਵੀ ਕੀਤਾ ਗਿਆ ਹੈ।

# ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਸੋਲਨ ਵਿੱਚ ਕਈ ਵਿਕਾਸ ਪ੍ਰੋਜੈਕਟ ਸਮਰਪਿਤ ਕੀਤੇ

ਕੌਮੀ ਪਤ੍ਰਿਕਾ

ਸ਼ਿਮਲਾ 20 ਜੂਨ : ਮੁੱਖ ਮੰਤਰੀ ਠਾਕੁਰ ਸੁਖਵਿੰਦਰ ਸਿੰਘ ਸੁੱਖੂ ਨੇ ਅੱਜ ਸੋਲਨ ਜ਼ਿਲ੍ਹੇ ਦੇ ਆਪਣੇ ਦੌਰੇ ਦੌਰਾਨ ਜਟੋਲੀ ਵਿਖੇ 5.32 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਮਾਡਲ ਕਰੀਅਰ ਸੈਂਟਰ ਦਾ ਉਦਘਾਟਨ ਕੀਤਾ, ਜਿਸਦਾ ਉਦੇਸ਼ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਨਾਲ ਸਬੰਧਤ ਜਾਣਕਾਰੀ ਅਤੇ ਮਾਰਗਦਰਸ਼ਨ ਪ੍ਰਦਾਨ ਕਰਨਾ ਹੈ। ਇਸ ਤੋਂ ਇਲਾਵਾ, ਇਹ ਕਰੀਅਰ ਸੈਂਟਰ ਕਰੀਅਰ ਕਾਉਂਸਲਿੰਗ, ਹੁਨਰ ਮੈਪਿੰਗ, ਇੰਟਰਵਿਊ ਦੀ ਤਿਆਰੀ ਅਤੇ ਸਰਕਾਰੀ ਅਤੇ ਨਿੱਜੀ ਦੋਵਾਂ ਖੇਤਰਾਂ ਵਿੱਚ ਰੁਜ਼ਗਾਰ ਦੇ ਮੌਕਿਆਂ ਬਾਰੇ ਸਮੇਂ ਸਿਰ ਅਪਡੇਟਸ ਵਰਗੀਆਂ ਸੇਵਾਵਾਂ ਵੀ ਪ੍ਰਦਾਨ ਕਰੇਗਾ। ਇਹ ਪਹਿਲ ਨੌਜਵਾਨਾਂ ਨੂੰ ਉਨ੍ਹਾਂ ਦੀ ਰੁਜ਼ਗਾਰਯੋਗਤਾ ਵਧਾ ਕੇ ਅਤੇ ਉਨ੍ਹਾਂ ਨੂੰ ਸਵੈ-ਨਿਰਭਰਤਾ ਵੱਲ ਸਮਰਥਨ ਦੇ ਕੇ ਸਸ਼ਕਤ ਬਣਾਉਣ ਦੇ ਰਾਜ ਸਰਕਾਰ ਦੇ ਦ੍ਰਿਸ਼ਟੀਕੋਣ ਦਾ ਹਿੱਸਾ ਹੈ। ਇਸ ਤੋਂ ਇਲਾਵਾ, ਮੁੱਖ ਮੰਤਰੀ ਨੇ 2.27 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਆਬਕਾਰੀ ਅਤੇ ਕਰ ਵਿਭਾਗ ਦੇ ਨਵੇਂ ਬਣੇ ਦਫ਼ਤਰ ਦਾ ਵੀ ਉਦਘਾਟਨ ਕੀਤਾ। ਨਵੀਂ ਇਮਾਰਤ ਸਟਾਫ ਅਤੇ ਜਨਤਾ ਦੋਵਾਂ ਲਈ ਚੰਗੀ ਤਰ੍ਹਾਂ ਲੈਸ ਦਫ਼ਤਰੀ ਜਗ?ਹਾ ਅਤੇ ਬੈਠਣ ਦੀ



ਵਿਵਸਥਾ ਦੀ ਪੇਸ਼ਕਸ਼ ਕਰਦੀ ਹੈ। ਮੁੱਖ ਮੰਤਰੀ ਨੇ ਸੋਲਨ ਨਗਰ ਨਿਗਮ ਦੇ ਪਸ਼ੂ ਜਨਮ ਨਿਯੰਤਰਣ (ਏਬੀਸੀ) ਕੇਂਦਰ ਦਾ ਵੀ ਉਦਘਾਟਨ ਕੀਤਾ, ਜੋ ਕਿ ਰੁਪਏ ਦੀ ਲਾਗਤ ਨਾਲ ਸਥਾਪਤ ਕੀਤਾ ਗਿਆ ਹੈ। 44.99 ਲੱਖ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ। ਏਬੀਸੀ ਸੈਂਟਰ ਵਿਗਿਆਨਕ ਤਰੀਕਿਆਂ ਨਾਲ ਅਵਾਰਾ ਕੁੱਤਿਆਂ ਦੀ ਆਬਾਦੀ ਨੂੰ ਕੰਟਰੋਲ ਕਰਨ ਵਿੱਚ ਮੁੱਖ ਭੂਮਿਕਾ ਨਿਭਾਏਗਾ, ਅਤੇ ਇਹ ਇੱਕ ਆਧੁਨਿਕ ਆਪ੍ਰੇਸ਼ਨ ਥੀਏਟਰ ਅਤੇ ਸਾਰੀਆਂ ਜ਼ਰੂਰੀ ਵੈਟਰਨਰੀ ਸਹੂਲਤਾਂ ਨਾਲ ਲੈਸ ਹੈ। ਮੁੱਖ ਮੰਤਰੀ ਨੇ 53 ਲੱਖ ਰੁਪਏ ਦੀ ਲਾਗਤ ਨਾਲ ਵਿਕਸਤ ਸੋਲਨ ਵਾਟਿਕਾ (ਪਾਰਕ) ਨੂੰ ਵੀ ਇਲਾਕੇ ਦੇ ਲੋਕਾਂ ਨੂੰ ਸਮਰਪਿਤ ਕੀਤਾ ਅਤੇ ਅਰਜੁਨ, ਇੱਕ ਔਸ਼ਧੀ ਪੌਦੇ ਦਾ ਇੱਕ ਪੌਦਾ ਲਗਾਇਆ। ਸਿਹਤ ਮੰਤਰੀ ਕਰਨਲ (ਡਾ.) ਧਨੀ ਰਾਮ ਸ਼ਾਂਡੀਲ ਨੇ ਸੋਲਨ ਖੇਤਰ ਲਈ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਨੂੰ ਸਮਰਪਿਤ ਕਰਨ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਮੌਜੂਦਾ ਰਾਜ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਜ਼ਿਲ੍ਹੇ ਵਿੱਚ ਵਿਕਾਸ ਦੀ ਗਤੀ ਤੇਜ਼ ਹੋਈ ਹੈ। ਵਿਧਾਇਕ ਰਾਮ ਕੁਮਾਰ ਚੌਧਰੀ, ਬਾਵਾ ਹਰਦੀਪ ਸਿੰਘ ਅਤੇ ਸੁਰੇਸ਼ ਕੁਮਾਰ, ਬਘਾਟ ਸਹਿਕਾਰੀ ਬੈਂਕ ਦੇ ਚੇਅਰਮੈਨ ਅਰੁਣ ਸ਼ਰਮਾ, ਜੋਗਿੰਦਰਾ ਕੇਂਦਰੀ ਸਹਿਕਾਰੀ ਬੈਂਕ ਦੇ ਚੇਅਰਮੈਨ ਮੁਕੇਸ਼ ਸ਼ਰਮਾ, ਸੋਲਨ ਨਗਰ ਨਿਗਮ ਦੇ ਮੇਅਰ ਊਸ਼ਾ ਸ਼ਰਮਾ, ਕਾਂਗਰਸੀ ਆਗੂ ਸੁਰਿੰਦਰ ਸੇਠੀ ਅਤੇ ਸ਼ਿਵ ਕੁਮਾਰ ਹੋਰ ਪਤਵੰਤੇ ਵੀ ਇਸ ਮੌਕੇ ਮੌਜੂਦ ਸਨ।



ਸਿੱਖ ਕੌਮ ਦਾ ਬਹਾਦੁਰ ਜਰਨੈਲ ਹਰੀ ਸਿੰਘ ਨਲਵਾ, ਜਿਸ ਦੀ ਚਰਚਾ ਪੂਰੀ ਦੁਨੀਆਂ ਵਿੱਚ ਹੋਂਦੀ ਹੈ, ਹਰੀ ਸਿੰਘ ਨਲਵਾ ਬਾਰੇ ਕਈ ਕਿਤਾਬਾਂ ਲਿਖੀਆਂ ਗਈਆਂ ਹਨ, ਇਹਨਾਂ ਦੇ ਕਿਸੇ ਸਿੱਖ ਰਾਜ ਦੇ ਸਮੇਂ ਤੋਂ ਲੈ ਕੇ ਅੱਜ ਤੱਕ ਕਾਬੁਲ ਕੰਧਾਰ ਦੇ ਵਿੱਚ ਬਹੁਤ ਚਰਚਿਤ ਹਨ ।

## ਦਿੱਲੀ ਪੁਲਿਸ ਨੇ 13 ਹਜ਼ਾਰ ਕਰੋੜ ਰੁਪਏ ਦੇ ਕੋਕੀਨ ਤਸਕਰੀ ਮਾਮਲੇ ਵਿੱਚ ਪਾਕਿਸਤਾਨ ਕਨੈਕਸ਼ਨ ਦਾ ਖੁਲਾਸਾ ਕੀਤਾ

ਕੌਮੀ ਪਤ੍ਰਿਕਾ

ਨਵੀਂ ਦਿੱਲੀ 20 ਜੂਨ। ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਲਗਭਗ 13 ਹਜ਼ਾਰ ਕਰੋੜ ਰੁਪਏ ਦੇ ਕੋਕੀਨ ਤਸਕਰੀ ਮਾਮਲੇ ਵਿੱਚ ਪਟਿਆਲਾ ਹਾਊਸ ਕੋਰਟ ਵਿੱਚ ਚਾਰਜਸ਼ੀਟ ਪੇਸ਼ ਕੀਤੀ ਹੈ। ਇਸ ਚਾਰਜਸ਼ੀਟ ਵਿੱਚ 10 ਹਜ਼ਾਰ ਪੰਨਿਆਂ ਦੀ ਵਿਸਤ੍ਰਿਤ ਜਾਣਕਾਰੀ ਹੈ, ਜਿਸ ਵਿੱਚ 19 ਮੁਲਜ਼ਮਾਂ ਦੇ ਨਾਮ ਦਰਜ ਕੀਤੇ ਗਏ ਹਨ। ਇਨ੍ਹਾਂ ਵਿੱਚੋਂ 14 ਮੁਲਜ਼ਮ ਗ੍ਰਿਫ਼ਤਾਰ ਕੀਤੇ ਗਏ ਹਨ । ਇਸ ਮਾਮਲੇ ਵਿੱਚ 5 ਮੁਲਜ਼ਮ ਅਜੇ ਵੀ ਫਰਾਰ ਹਨ। ਪੁਲਿਸ ਦੇ ਸਪੈਸ਼ਲ ਸੈੱਲ ਨੇ ਹੁਣ ਤੱਕ ਤਿੰਨ ਮਹੱਤਵਪੂਰਨ ਕਾਰਵਾਈਆਂ ਕੀਤੀਆਂ ਹਨ, ਜਿਸ ਵਿੱਚ 1 ਅਕਤੂਬਰ 2024 ਨੂੰ ਮਹੀਪਾਲਪੁਰ ਤੋਂ 562 ਕਿਲੋ ਕੋਕੀਨ, 10 ਅਕਤੂਬਰ ਨੂੰ 2008 ਕਿਲੋ ਕੋਕੀਨ ਅਤੇ ਗੁਜਰਾਤ ਦੀ ਇੱਕ ਫਰਮ ਤੋਂ 518 ਕਿਲੋ ਕੋਕੀਨ ਬਰਾਮਦ ਕੀਤੀ ਗਈ ਸੀ । ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਵੱਲੋਂ ਪਟਿਆਲਾ ਹਾਊਸ ਕੋਰਟ ਵਿੱਚ ਪੇਸ਼ ਕੀਤੀ ਗਈ ਚਾਰਜਸ਼ੀਟ ਅਨੁਸਾਰ, ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਇਸ ਅੰਤਰਰਾਸ਼ਟਰੀ ਨੈੱਟਵਰਕ ਵਿੱਚ ਤਿੰਨ ਜਾਅਲੀ ਕੰਪਨੀਆਂ ਦੀ ਵਰਤੋਂ ਕੀਤੀ ਗਈ ਸੀ। ਇਨ੍ਹਾਂ ਵਿੱਚੋਂ ਇੱਕ ਕੰਪਨੀ, ਜਿਸਦਾ ਨਾਮ ਫਾਰਮਾ ਸਲਿਊਸ਼ਨ ਸਰਵਿਸਿਜ਼ ਹੈ, ਦਾ ਈਮੇਲ ਆਈਡੀ ਪਾਕਿਸਤਾਨ ਤੋਂ ਬਣਾਇਆ ਗਿਆ ਸੀ । ਇਹ ਨਸ਼ੀਲੇ ਪਦਾਰਥ ਗੁਜਰਾਤ ਅਤੇ ਦਿੱਲੀ ਵਿੱਚ ਬਣਾਏ ਜਾ ਰਹੇ ਸਨ, ਜਦੋਂ ਕਿ ਇਨ੍ਹਾਂ ਦਾ ਕੱਚਾ ਮਾਲ ਦੱਖਣੀ ਭਾਰਤ ਅਤੇ ਗੁਜਰਾਤ ਦੀਆਂ ਪੰਜ ਫਾਰਮਾ ਕੰਪਨੀਆਂ ਤੋਂ ਪ੍ਰਾਪਤ ਕੀਤਾ ਗਿਆ ਸੀ। ਪੁਲਿਸ ਨੇ ਅਦਾਲਤ ਵਿੱਚ ਪੇਸ਼ ਕੀਤੀ ਆਪਣੀ ਚਾਰਜਸ਼ੀਟ ਵਿੱਚ ਜ਼ਿਕਰ ਕੀਤਾ ਹੈ ਕਿ ਇਸ ਸਿੰਡੀਕੇਟ ਦੇ ਪਾਕਿਸਤਾਨ, ਯੂਏਈ, ਥਾਈਲੈਂਡ, ਮਲੇਸ਼ੀਆ ਅਤੇ ਯੂਨਾਈਟਿਡ ਕਿੰਗਡਮ ਵਰਗੇ ਦੇਸ਼ਾਂ ਨਾਲ ਵੀ ਸਬੰਧ ਹਨ । ਦਿੱਲੀ ਪੁਲਿਸ ਦੇ ਅਨੁਸਾਰ, ਇਸ ਸਿੰਡੀਕੇਟ ਦੇ ਮੁੱਖ ਦੋਸ਼ੀ ਰਾਣਾ ਤਰਨਜੀਤ ਸਿੰਘ ਅਤੇ ਵਰਿੰਦਰ ਬਸੋਆ ਇਸ ਸਮੇਂ ਫਰਾਰ ਹਨ। ਪੁਲਿਸ ਨੂੰ ਸ਼ੱਕ ਹੈ ਕਿ ਇਹ ਦੋਵੇਂ ਦੋਸ਼ੀ ਦੇਸ਼ ਤੋਂ ਬਾਹਰ ਚਲੇ ਗਏ ਹਨ, ਅਤੇ ਵਰਿੰਦਰ ਬਸੋਆ ਲੰਡਨ ਤੋਂ ਇਸ ਸਿੰਡੀਕੇਟ ਨੂੰ ਚਲਾ ਰਿਹਾ ਹੈ। ਇਸ ਤੋਂ ਇਲਾਵਾ, ਪੁਲਿਸ ਨੇ ਵਾਰਿਸ ਅਤੇ ਤੁਸ਼ਾਰ ਗੋਇਲ ਦੇ ਨਾਮ ਵੀ ਦੋਸ਼ੀਆਂ ਦੀ ਸੂਚੀ ਵਿੱਚ ਸ਼ਾਮਲ ਕੀਤੇ ਹਨ।

### ਕਾਂਗਰਸ ਵਲੋਂ ਮਰਦਮਸ਼ੁਮਾਰੀ 'ਤੇ ਸਵਾਲ ਉਠਾਉਣਾ ਨਿੰਦਣਯੋਗ : ਚੁੱਘ

ਜਲੰਧਰ/ਚੰਡੀਗੜ੍ਹ, 20 ਜੂਨ। ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਰਾਸ਼ਟਰੀ ਜਨਤਾਂਤਰਿਕ ਗੱਠਜੋੜ ਸਰਕਾਰ ਨੇ ਇਤਿਹਾਸਕ ਮਰਦਮਸ਼ੁਮਾਰੀ 'ਤੇ ਕੰਮ ਸ਼ੁਰੂ ਕਰ ਦਿੱਤਾ ਹੈ ਪਰ ਕਾਂਗਰਸ ਇਸ 'ਤੇ ਸਵਾਲ ਉਠਾ ਰਹੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਉਹ ਪਾਰਟੀ ਹੈ, ਜਿਸ ਨੇ ਹਮੇਸ਼ਾ ਲੋੜਵੰਦ ਲੋਕਾਂ ਨੂੰ ਹੱਕਾਂ 'ਤੋਂ ਵਾਂਝੇ ਰੱਖਿਆ। ਇੰਦਰਾ ਅਤੇ ਰਾਜੀਵ ਗਾਂਧੀ ਨੇ ਵੀ ਦਲਿਤਾਂ ਨੂੰ ਰਾਖਵਾਂਕਰਨ ਦੇਣ ਦਾ ਵਿਰੋਧ ਕੀਤਾ ਸੀ। ਉਨ੍ਹਾਂ ਕਿਹਾ ਕਿ ਚਿੰਨਾਸਵਾਮੀ ਸਟੇਡੀਅਮ ਭਾਜੜ ਘਟਨਾ ਦੇ ਅਸਲ ਦੋਸ਼ੀ ਕਰਨਾਟਕ ਦੇ ਮੁੱਖ ਮੰਤਰੀ ਸਿੱਧਰਮਈਆ ਅਤੇ ਉਪ-ਮੁੱਖ ਮੰਤਰੀ ਡੀ. ਕੇ. ਸ਼ਿਵਕੁਮਾਰ ਹਨ। ਉਨ੍ਹਾਂ ਕਿਹਾ ਕਿ ਜਦੋਂ ਜਨਤਾ ਮੁਸੀਬਤ ਵਿਚ ਸੀ

## ਯੁੱਧ ਖ਼ਾਤਮੇ ਤੱਕ ਈਰਾਨ ਤੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਨੂੰ ਸਤਿਕਾਰ ਨਾਲ ਭਾਰਤ ਲਿਆਂਦੇ ਜਾਣ ਦੀ ਵੀ ਕੀਤੀ ਅਪੀਲ

ਕੌਮੀ ਪਤ੍ਰਿਕਾ

ਅੰਮ੍ਰਿਤਸਰ, 20 ਜੂਨ: ਭਾਜਪਾ ਦੇ ਸੂਬਾਈ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਈਰਾਨ-ਇਜ਼ਰਾਈਲ ਯੁੱਧ ਕਾਰਨ ਉੱਥੇ ਮੌਜੂਦ ਭਾਰਤੀਆਂ ਦੀ ਸੁਰੱਖਿਆ ਪ੍ਰਤੀ ਚਿੰਤਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਡਾ. ਜੈਸ਼ੰਕਰ ਕੋਲ ਆਪ੍ਰੇਸ਼ਨ ਸਿੰਧੂ ਦੇ ਦਾਇਰੇ ਦਾ ਵਿਸਥਾਰ ਕਰਦਿਆਂ ਭਾਰਤੀ ਨਾਗਰਿਕਾਂ ਦੇ ਨਾਲ-ਨਾਲ ਉੱਥੇ ਰਹਿਣ ਵਾਲੇ ਹਿੰਦੂਆਂ ਅਤੇ ਸਿੱਖਾਂ ਨੂੰ ਸੁਰੱਖਿਅਤ ਭਾਰਤ ਲਿਆਉਣ ਦੀ ਗੁਹਾਰ ਲਗਾਈ ਹੈ। ਉਨ੍ਹਾਂ ਨੇ ਆਮ ਸਥਿਤੀ ਵਾਪਸ ਆਉਣ ਤੱਕ ਈਰਾਨ ਤੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪਾਂ ਨੂੰ ਸਤਿਕਾਰ ਨਾਲ ਭਾਰਤ ਲਿਆਉਣ ਦੀ ਵੀ ਅਪੀਲ ਕੀਤੀ। ਪ੍ਰੋ. ਸਰਚਾਂਦ ਸਿੰਘ ਨੇ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਨੂੰ ਲਿਖੇ ਆਪਣੇ ਪੱਤਰਾਂ ਵਿੱਚ ਕਿਹਾ ਕਿ 'ਆਪ੍ਰੇਸ਼ਨ ਸਿੰਧੂ' ਇਸ ਗੱਲ ਦਾ ਠੋਸ ਸਬੂਤ ਹੈ ਕਿ ਭਾਰਤ ਵਿਦੇਸ਼ਾਂ ਵਿੱਚ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਨੂੰ ਵਿਸ਼ੇਸ਼ ਤਰਜੀਹ ਦਿੰਦਾ ਹੈ। ਉਨ੍ਹਾਂ ਕਿਹਾ ਕਿ ਇਹ ਸੰਤੁਸ਼ਟੀ ਅਤੇ ਖ਼ੁਸ਼ੀ ਦੀ ਗੱਲ ਹੈ ਕਿ ਈਰਾਨ ਅਤੇ ਇਜ਼ਰਾਈਲ ਤੋਂ ਭਾਰਤੀ ਨਾਗਰਿਕਾਂ ਅਤੇ ਵਿਦਿਆਰਥੀਆਂ ਨੂੰ ਵਾਪਸ ਲਿਆਉਣ ਲਈ ਸ਼ੁਰੂ ਕੀਤੇ ਗਏ ਆਪ੍ਰੇਸ਼ਨ ਸਿੰਧੂ ਦੀ ਸਫਲਤਾ ਨੇ ਦੁਨੀਆ ਦਾ ਧਿਆਨ ਭਾਰਤ ਅਤੇ ਭਾਰਤ ਸਰਕਾਰ ਵੱਲ ਖਿੱਚਿਆ ਹੈ ਅਤੇ ਲੋਕਾਂ ਦਾ ਪ੍ਰਧਾਨ ਮੰਤਰੀ ਮੋਦੀ ਵਿੱਚ ਵਿਸ਼ਵਾਸ ਹੋਰ ਮਜ਼ਬੂਤ ਹੋਇਆ ਹੈ। ਪ੍ਰੋ. ਸਰਚਾਂਦ ਸਿੰਘ ਨੇ ਅੱਗੇ ਕਿਹਾ ਕਿ ਭਾਰਤ ਅਤੇ ਸਿੱਖ ਭਾਈਚਾਰੇ ਦਾ



ਈਰਾਨ ਨਾਲ ਇਤਿਹਾਸਕ ਪਿਛੋਕੜ ਅਤੇ ਗਹਿਰਾ ਸਬੰਧ ਰਿਹਾ ਹੈ। ਸਿੱਖ ਭਾਈਚਾਰਾ ਲੰਬੇ ਸਮੇਂ ਤੋਂ ਈਰਾਨ ਵਿੱਚ ਵਸਿਆ ਹੋਇਆ ਹੈ। ਸਿੱਖ ਜਗਤ ਲਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜਗਤ ਜੋਤ ਸਤਿਗੁਰੂ ਹਨ। ਜਿਨ੍ਹਾਂ ਦਾ ਅਦਬ ਸਤਿਕਾਰ ਸਿੱਖਾਂ ਲਈ ਸਭ ਤੋਂ ਮਹੱਤਵਪੂਰਨ ਹੈ। ਜਿੱਥੇ ਵੀ ਸਿੱਖ ਭਾਈਚਾਰਾ ਹੈ, ਉੱਥੇ ਗੁਰਦੁਆਰੇ ਹਨ ਅਤੇ ਉਨ੍ਹਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਜ਼ਰੂਰੀ ਹੈ। ਇਹ ਮੰਨਣਾ ਗ਼ਲਤ ਹੋਵੇਗਾ ਕਿ ਜੰਗ ਦੌਰਾਨ ਗੁਰਦੁਆਰਿਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਂਦੀ ਹੈ, ਕਿਉਂਕਿ ਹਾਲ ਹੀ ਵਿੱਚ ਪਾਕਿਸਤਾਨ ਨਾਲ ਹੋਏ ਆਪ੍ਰੇਸ਼ਨ ਸਿੰਧੂਰ ਦੌਰਾਨ, ਕਸ਼ਮੀਰ ਦੇ ਪੁੰਛ ਵਿੱਚ ਨਾ ਸਿਰਫ਼ ਕੇਂਦਰੀ ਗੁਰਦੁਆਰੇ ਨੂੰ ਨੁਕਸਾਨ ਪਹੁੰਚਿਆ ਸੀ, ਸਗੋਂ ਗੋਲ?ਬਾਰੀ ਵਿੱਚ ਤਿੰਨ ਸਿੱਖ ਸ਼ਰਧਾਲੂ ਵੀ ਮਾਰੇ ਗਏ ਸਨ। ਇਸ ਲਈ, ਮੈਂ ਅਪੀਲ ਕਰਦਾ ਹਾਂ ਕਿ ਜੰਗ ਖ਼ਤਮ ਹੋਣ ਅਤੇ ਆਮ ਸਥਿਤੀ ਵਾਪਸ ਆਉਣ ਤੱਕ, ਈਰਾਨ ਵਿੱਚ ਸਿੱਖਾਂ ਦੇ ਗੁਰਦੁਆਰਿਆਂ ਅਤੇ ਰਿਹਾਇਸ਼ੀ ਘਰਾਂ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਵਿੱਤਰ ਸਰੂਪਾਂ ਨੂੰ ਸਤਿਕਾਰ ਨਾਲ ਭਾਰਤ ਲਿਆਉਣ ਲਈ ਵਿਸ਼ੇਸ਼ ਉਡਾਨਾਂ ਦਾ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਮਕਸਦ ਲਈ, ਜਿੱਥੇ ਦੋਵਾਂ ਦੇਸ਼ਾਂ ਵਿੱਚ ਉੱਥੋਂ ਦੇ ਸਬੰਧਿਤ ਅਧਿਕਾਰੀਆਂ ਦੇ ਸੰਪਰਕ 'ਚ ਹੋਣ ਵਾਲੇ ਭਾਰਤੀ ਮਿਸ਼ਨਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ, ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਵੀ ਸਹਿਯੋਗ ਲਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਈਰਾਨ ਵਿੱਚ ਸਥਿਤੀ ਦਿਨੋਂ-ਦਿਨ ਨਾਜ਼ੁਕ ਹੁੰਦੀ ਜਾ ਰਹੀ ਹੈ। ਸਰਕਾਰ ਨੂੰ ਉਪਰੋਕਤ ਸੰਵੇਦਨਸ਼ੀਲ ਮਾਮਲੇ 'ਤੇ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ। ਇਹ ਸਿੱਖ ਭਾਈਚਾਰੇ ਲਈ ਇਕ ਵੱਡਾ ਤੋਹਫ਼ਾ ਹੋਵੇਗਾ।

### ਨਸ਼ੀਲੀਆਂ ਗੋਲੀਆਂ ਸਣੇ 2 ਪੁਲਸ ਅੜਿੱਕੇ

ਫਰੀਦਕੋਟ 20 ਜੂਨ। ਸਥਾਨਕ ਥਾਣਾ ਸਦਰ ਦੇ ਏ. ਐੱਸ. ਆਈ. ਹਰਦੇਵ ਸਿੰਘ ਦੀ ਅਗਵਾਈ ਹੇਠਲੀ ਪੁਲਸ ਪਾਰਟੀ ਵਲੋਂ ਦੋਸ਼ੀ ਮਨਪ੍ਰੀਤ ਸਿੰਘ ਵਾਸੀ ਪਿੰਡ ਪੱਕਾ ਨੂੰ 150 ਨਸ਼ੀਲੀਆਂ ਗੋਲੀਆਂ ਬਰਾਮਦ ਕਰਕੇ ਗ੍ਰਿਫਤਾਰ ਕੀਤਾ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਦੀ ਗ੍ਰਿਫਤਾਰੀ ਗਸ਼ਤ ਦੌਰਾਨ ਪਿੰਡ ਪੱਕਾ ਤੋਂ ਥੋੜ੍ਹਾ ਅੱਗੇ ਉਸ ਵੇਲੇ ਕੀਤੀ ਗਈ, ਜਦੋਂ ਇਹ ਪੈਦਲ ਆਉਂਦਿਆਂ ਪੁਲਸ ਪਾਰਟੀ ਵੇਖ ਘਬਰਾ ਕੇ ਪਿੱਛੇ ਮੁੜ ਕੇ ਖਿਸਕਣ ਦੀ ਤਾਕ 'ਚ ਸਨ। ਉਨ੍ਹਾਂ ਦੱਸਿਆ ਕਿ ਸਾਥੀਆਂ ਦੀ ਸਹਾਇਤਾ ਨਾਲ ਇਸ ਨੂੰ ਕਾਬੂ ਕਰਕੇ ਜਦੋਂ ਇਸ ਕੋਲ ਮੌਜੂਦ ਕਾਲੇ ਮੋਮੀ ਲਿਫਾਫੇ ਦੀ ਤਲਾਸ਼ੀ ਲਈ ਗਈ ਤਾਂ ਇਸ 'ਚੋਂ ਉਕਤ ਮਾਤਰਾ 'ਚ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਦੂਜੇ ਮਾਮਲੇ 'ਚ ਥਾਣਾ ਸਦਰ ਦੇ ਹੀ ਏ. ਐੱਸ. ਆਈ. ਸੁਖਵਿੰਦਰ ਸਿੰਘ ਨੇ ਦੱਸਿਆ ਕਿ ਦੋਸ਼ੀ ਲਖਵੀਰ ਸਿੰਘ ਵਾਸੀ ਪਿੰਡ ਪਿਪਲੀ ਦੀ ਗ੍ਰਿਫਤਾਰੀ ਗਸ਼ਤ ਦੌਰਾਨ ਪਿੰਡ ਪਿਪਲੀ ਦੇ ਸੇਮ ਨਾਲੇ ਕੋਲੋਂ ਉਸ ਵੇਲੇ ਕੀਤੀ ਗਈ

## 10ਵੀਂ ਪਾਸ ਮਾਲੀ ਚਲਤਾ ਸੀ ਬੀ-ਫਾਰਮਾ ਅਤੇ ਬੀ.ਟੇਕ ਦੀ ਫਰਜੀ ਡਿਗਰੀ ਦਾ ਰੈਕੇਟ, ਦਿੱਲੀ ਪੁਲਿਸ ਨੇ 5 ਲੋਕਾਂ ਨੇ ਗਿਫਤਾਰ ਕੀਤਾ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 20 ਜੂਨ। ਦਿੱਲੀ ਪੁਲਿਸ ਦੀ ਕ੍ਰਾਈਮ ਬ੍ਰਾਂਚ ਨੇ ਪੰਜ ਲੋਕ ਇੱਕ ਵਰਗਾ ਗਿਰੋਹ ਦਾ ਭਾਂਡਾ ਫੋੜਿਆ, ਜੋ ਮਹਿਜ਼ ਇੱਕ ਸੇ ਡੇਢ ਲੱਖ ਰੁਪਏ ਵਿੱਚ ਵੱਡੀ-ਬੜੀ ਯੂਨਿਵਰਸਿਟੀਜ਼ ਦੀ ਫੇਕ ਡਿਗਰੀਆਂ ਕੋ ਮੁਹਿਆ ਕਰਵਾ ਦਿੰਦੀ ਹੈ। ਖਾਸ ਗੱਲ ਇਹ ਡਿਗਰੀਆਂ ਫ਼ਾਰਜ਼ੀ ਭਾਵੇਂ ਕਿ ਇਸ ਕਿਸਮ ਦੀਆਂ ਥੀਵਾਂ, ਪਰ ਇਸ ਤੋਂ ਬਾਅਦ ਕਿ ਅਸਲ ਸੀ। ਇਸ ਲਈ ਇਹ ਰਿਕਾਰਡ ਯੂਨਿਵਰਸਿਟੀ ਰਿਕਾਰਡ ਵਿੱਚ ਅਸਲ ਵਿੱਚ ਕੀ ਕੀਤਾ ਗਿਆ ਸੀ। ਦਿੱਲੀ ਪੁਲਿਸ ਦੀ ਕ੍ਰੈਮ ਬ੍ਰਾਂਚ ਨੇ ਉੱਤਰ ਪ੍ਰਦੇਸ਼ ਤੋਂ ਫ਼ਰਜ਼ੀ ਡਿਗਰੀ ਦੇ ਰੈਕੇਟ ਦਾ ਭੰਡਾਫੋੜ ਕਰਦਾ ਹੈ 5 ਲੋਕਾਂ ਨੂੰ ਗਿਰਫ਼ਤਾਰ ਕੀਤਾ ਗਿਆ ਹੈ। ਕ੍ਰਾਈਮ ਬ੍ਰਾਂਚ ਦੇ, 228 ਮਾਰਕਸ਼ੀਟ ਅਤੇ 27 ਡਿਗਰੀ ਸਰਫਿਕੇਟ ਅਤੇ 20 ਮਾਈਗਰੇਸ਼ਨ ਸਰਫੀਕੇਟ ਪਾਸ ਤੋਂ ਬਨਾਮ ਰਾਮਦ ਕੀਤੇ ਗਏ ਹਨ। ਕ੍ਰਾਈਮ ਬ੍ਰਾਂਚ ਕੇ, ਗਿਰੋਹ ਕਾ ਸਰਗਨਾ ਦਸਵੀਂ ਪਾਸ ਹੈ — ਵਿੱਕੀ ਹਰਜਾਨੀ ਨਾਮ ਸ਼ਖਸ, ਜੋ ਕਾਰਨ ਵਿਕਲਪ ਕਰ ਰਿਹਾ ਸੀ। ਇਹ ਪਰਮਹੰਸ ਯੂਨੀਵਰਸਿਟੀ ਦੀ ਮਾਲੀ ਵੀ ਹੈ। ਇਮ ਬ੍ਰਾਂਚ ਦੀ ਮਾਨਤਾ ਹੈ ਤਾਂ ਇਸ ਗੈਂਗ ਵਿਚ ਵਿਕੀ ਦੇ ਨਾਲ ਹੀ ਵਿਵੇਕ ਗੁਪਤਾ ਨੋਇਡਾ ਤੋਂ, ਸਤ ਸਿੰਘ ਫਰੀਦਾਬਾਦ ਤੋਂ, ਨਰਾਇਣ ਸਿੰਘ ਬੁਰਾ ਤੋਂ ਸੌਦੇ ਕਰਦਾ ਹੈ ਅਤੇ ਪੰਜਵਾਂ, ਜੋ ਇਸ ਸਮੇਂ ਰਾਜਸਥਾਨ ਦੀ ਜੇਲ੍ਹ ਵਿੱਚ ਬੰਦ ਹੈ, ਉਸ ਨੇ ਇਸ ਮਾਮਲੇ ਵਿਚ ਗਿਰਫਤਾਰ ਕੀਤਾ ਹੈ। ਲਿਖਿਆ ਗਿਆ ਹੈ।

**ਫਰਜੀ ਡਿਗਰੀਆਂ ਦੀ ਸਪਲੀ ਅਤੇ ਪੁਸ਼ਟੀ ਰਿਕਾਰਡ ਕਰੋ...**

ਕ੍ਰਾਈਮ ਬ੍ਰਾਂਚ ਦੇ, ਇਹ ਗਿਰੋਹ ਵੱਖ-ਵੱਖ ਕੋਰਸਾਂ ਦੀ ਡਿਗਰੀਆਂ — ਪੂਰੀ ਬੀ-ਫਾਰਮਾ, ਬੀ.ਟੈਕ, ਬੀ.ਐਮ.ਏ.ਐਸ., ਬੀ.ਏ.ਏ. ਇਹ ਗਿਰੋਹ ਅਜੇ ਤੱਕ 5000 ਤੋਂ ਜ਼ਿਆਦਾ ਡਿਗਰੀਆਂ ਆਫਰ ਕਰ ਗਲਤੀਆਂ ਹਨ। ਜਿੱਥੋਂ ਤੱਕ ਉਨ੍ਹਾਂ ਬੱਚਿਆਂ ਦਾ ਸਵਾਲ ਹੈ ਜਿਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ, ਇਹ ਲੋਕ ਉਨ੍ਹਾਂ ਨਾਲ ਫ਼ੋਨ 'ਤੇ ਸੰਪਰਕ ਕਰਦੇ ਹਨ, ਉਨ੍ਹਾਂ ਦੀਆਂ ਕਮਜ਼ੋਰੀਆਂ ਦਾ ਪਤਾ ਲਗਾਉਂਦੇ ਹਨ ਅਤੇ ਉਨ੍ਹਾਂ ਨੂੰ ਪੇਸ਼ਕਸ਼ਾਂ ਕਰਦੇ ਹਨ। ਕ੍ਰਾਇਮ ਬ੍ਰਾਂਚ ਦੇ ਮੰਨਾਂ ਤਾਂ ਇਹ ਗਿਰੋਹ ਹਰ ਕੇ ਬਦਲੇ ਇਕ ਸੇ ਡੇਢ ਲੱਖ ਰੁਪਏ ਲੈਤੇ ਸਨ। ਖਾਸ ਗੱਲ ਇਹ ਹੈ ਕਿ ਜਦੋਂ ਇਨ ਡਿਗਰੀਆਂ ਨੂੰ ਚੈੱਕ ਕੀਤਾ ਗਿਆ, ਤਾਂ ਇਹ ਡਿਗਰੀਆਂ ਵੀ ਫਰਜੀ ਨਹੀਂ ਮਿਲੀਆਂ। ਸਾਰੇ ਡਿਸਟ?ਰੀਬੀਅਨਜ਼ ਦਾ ਯੂਨਿਵਰਸਿਟੀ ਵਿੱਚ ਰਿਕਾਰਡ ਵੀ ਦਰਜ ਕੀਤਾ ਗਿਆ ਹੈ, ਜਿਵੇਂ ਕਿ ਕਿਸੇ ਵੀ ਡਿਗਰੀ ਫਰਜ਼ੀ ਨਹੀਂ ਨਿਕਲੇ।

## ਕੋਰੋਨਾ ਵਾਇਰਸ ਕੇਸਾਂ ਨੂੰ ਲੈ ਕੇ ਸਰਕਾਰ ਸਰਗਰਮ, ਐਡਵਾਇਜ਼ਰੀ ਜਾਰੀ

ਕੌਮੀ ਪਤ੍ਰਿਕਾ

ਗੁਰਦਾਸਪੁਰ 20 ਜੂਨ। ਦੇਸ਼ 'ਚ ਲਗਾਤਾਰ ਵੱਧ ਰਹੇ ਕੋਰੋਨਾ ਵਾਇਰਸ ਦੇ ਮਾਮਲਿਆਂ ਨੂੰ ਵੇਖਦੇ ਹੋਏ ਪੰਜਾਬ ਸਰਕਾਰ ਸਰਗਰਮ ਹੋ ਗਈ ਹੈ। ਹਾਲਾਂਕਿ ਪੰਜਾਬ 'ਚ ਸਥਿਤੀ ਕੰਟਰੋਲ 'ਚ ਹੈ ਪਰ ਫਿਰ ਵੀ ਸਿਹਤ ਵਿਭਾਗ ਨੇ ਐਡਵਾਈਜ਼ਰੀ ਜਾਰੀ ਕਰ ਕੇ ਲੋਕਾਂ ਨੂੰ ਸਾਵਧਾਨ ਰਹਿਣ ਲਈ ਕਿਹਾ ਹੈ ਅਤੇ ਲੋਕਾਂ ਨੂੰ ਭੀੜਭਾੜ ਵਾਲੀਆਂ ਥਾਵਾਂ 'ਤੇ ਜਾਣ ਤੋਂ ਗੁਰੇਜ ਕਰਨ ਅਤੇ ਮੂੰਹ 'ਤੇ ਮਾਸਕ ਪਾਉਣ ਦੀ ਸਲਾਹ ਦਿੱਤੀ ਹੈ, ਕਿਉਂਕਿ ਜਿਸ ਤਰ੍ਹਾਂ ਨਾਲ ਦੇਸ਼ 'ਚ ਕੋਰੋਨਾ ਵਾਇਰਸ ਦੀ ਲਪੇਟ 'ਚ ਲੋਕ ਆ ਰਹੇ ਹਨ, ਉਸ ਨੂੰ ਵੇਖਦੇ ਹੋਏ ਪੰਜਾਬ ਸਰਕਾਰ ਨੇ ਸਾਰੇ ਜ਼ਿਲ੍ਹਿਆਂ ਦੇ ਸਿਵਲ ਸਰਜਨਾਂ ਨੂੰ ਪੱਤਰ ਲਿਖ ਕੇ ਸਾਵਧਾਨੀ ਵਰਤਨ ਅਤੇ ਤਿਆਰ ਰਹਿਣ ਦੇ ਨਿਰਦੇਸ਼ ਦਿੱਤੇ ਹਨ। ਦੇਸ਼ ਦੇ ਕੁਝ ਹਿੱਸਿਆਂ 'ਚ ਕੋਵਿਡ-19 ਮਾਮਲਿਆਂ 'ਚ ਵਾਧਾ ਹੋਣ ਕਾਰਨ ਲੋਕਾਂ ਦੀ ਸੁਰੱਖਿਆਂ ਲਈ ਪੰਜਾਬ ਸਰਕਾਰ ਦੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਨੇ ਐਡਵਾਈਜ਼ਰੀ ਜਾਰੀ ਕੀਤੀ ਹੈ। ਹਾਲਾਂਕਿ ਪੰਜਾਬ ਰਾਜ ਵਿਚ ਸਥਿਤੀ ਕੰਟਰੋਲ ਹੇਠ ਹੈ ਅਤੇ ਸਿਹਤ ਵਿਭਾਗ ਪੂਰੀ ਤਿਆਰੀ 'ਚ ਹੈ, ਫਿਰ ਵੀ ਨਾਗਰਿਕਾਂ ਨੂੰ ਕੋਰੋਨਾ ਵਾਇਰਸ ਦੇ ਸੰਕਰਮਣ ਦੇ ਫੈਲਾਅ ਨੂੰ ਰੋਕਣ ਲਈ ਮੁੱਢਲੀ ਸੁਰੱਖਿਆ ਸਾਵਧਾਨੀਆਂ ਨੂੰ ਅਪਣਾਉਣ ਲਈ ਕਿਹਾ ਜਾ ਰਿਹਾ ਹੈ, ਤਾਂ ਕਿ ਇਸ ਖਤਰਨਾਕ ਵਾਇਰਸ ਤੋਂ ਬਚਿਆ ਜਾ ਸਕੇ। ਪੰਜਾਬ ਸਰਕਾਰ ਵੱਲੋਂ ਪੰਜਾਬ 'ਚ ਪੈਂਦੇ ਸਾਰੇ ਹਸਪਤਾਲਾਂ 'ਚ ਇਸ ਸਬੰਧੀ ਪੁਖਤਾ ਅੰਜ਼ਾਮ ਕਰਨ ਦੇ ਸਖ਼ਤ ਨਿਰਦੇਸ਼ ਦਿੱਤੇ ਗਏ ਹਨ ਅਤੇ ਲੋਕਾਂ ਨੂੰ ਸਾਵਧਾਨੀ ਵਰਤਨ ਦੀ ਸਲਾਹ ਦਿੱਤੀ ਹੈ, ਜਿਸ 'ਚ ਵੱਡੇ ਉਮਰ ਦੇ ਵਿਅਕਤੀ, ਗਰਭਵਤੀ ਔਰਤਾਂ, ਬਿਮਾਰ ਜਾਂ ਕਮਜ਼ੋਰ ਰੋਗ ਪ੍ਰਤੀਰੋਧਕ ਸਮਰਥਾਂ ਵਾਲੇ ਲੋਕਾਂ ਨੂੰ ਭੀੜ ਭਾੜ ਵਾਲੀਆਂ ਜਾਂ ਬੰਦ ਥਾਵਾਂ 'ਤੇ ਮਾਸਕ ਪਾਉਣ ਦੀ ਸਲਾਹ ਦਿੱਤੀ ਗਈ ਹੈ। ਖੰਘਣ ਜਾਂ ਛੀਕਣ ਸਮੇਂ ਆਪਣੇ ਮੂੰਹ ਅਤੇ ਨੱਕ ਨੂੰ ਰੁਮਾਲ, ਟਿਸ਼ੂ ਜਾਂ ਕੋਹਨੀ ਦੇ ਮੋੜ ਨਾਲ ਢੱਕਣ ਅਤੇ ਜੇਕਰ ਬੁਖਾਰ, ਖੰਘ ਜਾਂ ਸਾਹ ਲੈਣ 'ਚ ਦਿੱਕਤ ਹੁੰਦੀ ਹੈ ਤਾਂ ਮਾਸਕ ਪਾਉਣ ਅਤੇ ਤੁਰੰਤ ਡਾਕਟਰ ਦੀ ਸਲਾਹ ਲੈਣ ਲਈ ਕਿਹਾ ਗਿਆ ਹੈ। ਜੇਕਰ ਕੋਰੋਨਾ ਵਾਇਰਸ ਦੇ ਲੱਛਣ ਦੀ ਗੱਲ ਕਰੀਏ ਤਾਂ ਇਸ ਦੀ ਲਪੇਟ 'ਚ ਆਉਣ ਕਾਰਨ ਪਹਿਲਾਂ ਤਾਂ ਵਿਅਕਤੀ ਨੂੰ ਬੁਖਾਰ ਲਗਾਤਾਰ ਰਹਿੰਦਾ ਹੈ, ਉਸ ਦੇ ਨਾਲ ਗਲੇ 'ਚ ਦਰਦ, ਮੂੰਹ ਦਾ ਸੁਵਾਦ ਬੰਦ ਹੋ ਜਾਣਾ, ਲੂਜ ਮੋਸ਼ਣ, ਪੇਟ 'ਚ ਦਰਦ ਹੋਣਾ, ਹਮੇਸ਼ਾਂ ਸਿਰਦਰਦ ਹੋਣਾ, ਛਾਤੀ 'ਚ ਦਰਦ ਦੀ ਸ਼ਿਕਾਇਤ, ਸਾਹ ਲੈਣ 'ਚ ਤਕਲੀਫ ਹੋਣਾ, ਸਰੀਰ 'ਚ ਥਕਾਵਟ ਰਹਿਣਾ ਵੀ ਇਸ ਦੇ ਮੁੱਖ ਕਾਰਨ ਹਨ। ਜਦਕਿ ਇਸ ਤੋਂ ਬਚਣ ਲਈ ਹੱਥਾਂ ਨੂੰ ਬਾਰ-ਬਾਰ ਧੋਣਾ ਚਾਹੀਦਾ ਹੈ, ਮਾਸਕ ਜ਼ਰੂਰ ਪਾਉਣਾ ਚਾਹੀਦਾ ਹੈ ਅਤੇ ਸੈਨੀਟਾਈਜ਼ਰ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਜੇਕਰ ਦੇਸ਼ 'ਚ ਕੋਰੋਨਾ ਵਾਇਰਸ ਦੀ ਲਪੇਟ 'ਚ ਆਉਣ ਵਾਲੇ ਲੋਕਾਂ ਦੀ ਗਿਣਤੀ ਦੀ ਗੱਲ ਕਰੀਏ ਤਾਂ ਹੁਣ ਤੱਕ 7383 ਲੋਕ ਕੋਰੋਨਾ ਵਾਇਰਸ ਦੀ ਲਪੇਟ 'ਚ ਆ ਚੁੱਕੇ ਹਨ। ਇਸ ਵਾਇਰਸ ਦੀ ਲਪੇਟ 'ਚ ਆਉਣ ਕਾਰਨ ਹੁਣ ਤੱਕ 10 ਲੋਕਾਂ ਦੀ ਮੌਤ ਹੋ ਚੁੱਕੀ ਹੈ। ਜਦਕਿ ਜ਼ਿਆਦਾਤਰ ਕੇਸ ਕੇਰਲਾ, ਦਿੱਲੀ, ਗੁਜਰਾਤ ਸਮੇਤ ਹੋਰ ਸੂਬਿਆਂ 'ਚ ਪਾਏ ਜਾ ਰਹੇ ਹਨ। ਇਸ ਸਬੰਧੀ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੋਰੋਨਾ ਵਾਇਰਸ ਦੇ ਚੱਲਦੇ ਜੋ ਐਡਵਾਇਜ਼ਰੀ ਜਾਰੀ ਕੀਤੀ ਗਈ ਹੈ, ਉਸ ਸਬੰਧੀ ਲੋਕਾਂ ਨੂੰ ਉਸ ਦੀ ਪਾਲਣਾ ਕਰਨੀ ਚਾਹੀਦੀ ਹੈ। ਅਜੇ ਤੱਕ ਜ਼ਿਲ੍ਹੇ 'ਚ ਕੋਈ ਵੀ ਕੋਰੋਨਾ ਵਾਇਰਸ ਦਾ ਕੇਸ ਨਹੀਂ ਆਇਆ ਹੈ ਪਰ ਫਿਰ ਵੀ ਗੁਰਦਾਸਪੁਰ ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ 'ਚ 10 ਬੈੱਡ ਦਾ ਕਮਰਾ ਤਿਆਰ ਕੀਤਾ ਗਿਆ ਹੈ। ਜੇਕਰ ਕੋਈ ਵੀ ਕੋਰੋਨਾ ਵਾਇਰਸ ਦੇ ਨਾਲ ਪੀੜਤ ਵਿਅਕਤੀ ਆਉਂਦਾ ਹੈ ਤਾਂ ਉਸ ਨੂੰ ਉਸ ਕਮਰੇ 'ਚ ਸਿਫਟ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਾਡੇ ਕੋਲ ਕੋਰੋਨਾ ਵਾਇਰਸ ਚੈਕ ਕਰਨ ਦੇ ਲਈ ਰੈਪਿਡ ਐਂਟੀਜਨ ਟੈਸਟ ਕਿਟ ਵੀ ਪਹੁੰਚ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ 'ਚ ਇਸ ਸਬੰਧੀ ਪੂਰੇ ਅੰਜ਼ਾਮ ਕੀਤੇ ਗਏ ਹਨ ਅਤੇ ਸਟਾਫ ਨੂੰ ਵੀ ਸਾਵਧਾਨੀ ਵਰਤਨ ਦੇ ਲਈ ਕਿਹਾ ਗਿਆ ਅਤੇ ਮੂੰਹ 'ਤੇ ਮਾਸਕ ਪਾਉਣ ਦੀ ਹਿਦਾਇਤ ਕੀਤੀ ਗਈ ਹੈ।